
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 5
May 15, 2019
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਦਾ 11ਵਾਂ ਸਾਲਾਨਾ ਸਮਾਗਮ ਪੂਰਨ ਸ਼ਰਧਾ ਨਾਲ ਮਨਾਇਆ

### ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਨੀਂਹ ਪੱਥਰ ਰੱਖਿਆ ਗਿਆ



ਹੋਰ ਤਸਵੀਰਾਂ ਦੇਖੋ ਸਫਾ 13,14,15, 16 ‘ਤੇ)

**ਰੋਜ਼ਵਿਲ (ਬਿਊਰੋ)–** ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਵਿਖੇ 11ਵਾਂ ਸਾਲਾਨਾ ਗੁਰਮਤਿ ਸਮਾਗਮ ਤੇ ਗੁਰੂ ਘਰ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਸਮਾਗਮ 10-11 ਮਈ 2019 ਨੂੰ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਮਨਾਇਆ ਗਿਆ, ਜਿਸ ਵਿਚ ਪੰਥ ਦੇ ਮਹਾਨ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ, ਭਾਈ ਅਨੂਪ ਸਿੰਘ ਜੀ ਊਨਾ ਸਾਹਿਬ ਵਾਲਿਆਂ ਵੱਲੋਂ ਤਿੰਨੇ ਦਿਨ ਸੰਗਤਾਂ ਨੂੰ ਗੁਰਬਾਣੀ ਕੀਰਤਨ ਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕੀਤਾ ਗਿਆ। 12 ਮਈ ਨੂੰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਉਪਰੰਤ

**(ਬਾਕੀ ਸਫਾ 8 ‘ਤੇ)**

## ਪੰਜਾਬ ਵਿਚ ਚੋਣਾਂ ਦਾ ਮਾਹੌਲ ਸਿਖਰ ’ਤੇ ਪਹੁੰਚਿਆ

### ਸਾਰੀਆਂ ਪਾਰਟੀਆਂ ਦੇ ਅਹਿਮ ਪ੍ਰਚਾਰਕ ਲੀਡਰਾਂ ਦੀ ਦਸਤਕ ਅਤੇ ਰੋਡ ਸ਼ੋਆਂ ਨਾਲ ਗਰਮਾਇਆ ਪੰਜਾਬ ਦਾ ਚੋਣ ਮੈਦਾਨ

**ਜਲੰਧਰ (ਬਿਊਰੋ)–** ਆਖਰੀ ਗੇੜ ਵਿਚ 19 ਮਈ ਨੂੰ ਹੋਣ ਜਾ ਰਹੀਆਂ ਪੰਜਾਬ ਦੀਆਂ ਸਾਰੀਆਂ ਸੀਟਾਂ ਦੀ ਚੋਣ ਲਈ ਹੁਣ ਪ੍ਰਚਾਰ ਦਾ ਦੌਰ ਸਿਖਰ ਤੇ ਪਹੁੰਚ ਗਿਆ ਹੈ। ਸਾਰੇ ਪਾਸਿਉਂ ਵਿਹਲੇ ਹੋ ਕੇ ਕੌਮੀ ਅਤੇ ਖੇਤਰੀ ਪਾਰਟੀਆਂ ਦੇ ਲੀਡਰਾਂ ਨੇ ਪੰਜਾਬ ਵਿਚ ਡੇਰੇ ਲਗਾ ਲਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸ ਪ੍ਰਧਾਨ ਰਾਹੁਲ ਗਾਂਧੀ, ਬਸਪਾ ਪ੍ਰਧਾਨ ਮਾਇਆਵਤੀ, ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਸਮੇਤ ਸਾਰੀਆਂ ਪਾਰਟੀਆਂ ਦੇ ਕੌਮੀ ਪੱਧਰ ਦੇ ਪ੍ਰਚਾਰਕਾਂ ਨੇ ਪੰਜਾਬ ਦਾ ਸਿਆਸੀ ਮਾਹੌਲ ਇੱਕਦਮ ਗਰਮਾਅ ਦਿੱਤਾ ਹੈ।

ਕਾਂਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਦਾ ਗੁਰਦਾਸਪੁਰ ਸੰਸਦੀ ਖੇਤਰ ਦੇ ਪਠਾਨਕੋਟ ’ਚ ਰੋਡ ਸ਼ੋਅ ਸ਼ੁਰੂ ਹੋ ਗਿਆ ਹੈ। ਰੋਡ ਸ਼ੋਅ ’ਚ ਕਾਂਗਰਸ ਆਗੂ ਤੇ ਵਰਕਰ ਬਹੁਤ ਜ਼ੋਸ਼ ’ਚ ਹਨ। ਲੋਕ ਸ਼ਹਿਰ ’ਚ ਉਨ੍ਹਾਂ ਦਾ ਜ਼ਬਰਦਸਤ ਸਵਾਗਤ ਕਰ ਰਹੇ ਹਨ। ਲੋਕ ਪ੍ਰਿਅੰਕਾ ਦੀ ਇਕ ਝਲਕ ਪਾਉਣ ਨੂੰ ਮੁਸ਼ੱਕਤ ਕਰ ਰਹੇ ਹਨ। ਪ੍ਰਿਅੰਕਾ ਇਸ ਦੌਰਾਨ ਥਾਂ-ਥਾਂ ਰੁਕ ਕੇ ਲੋਕਾਂ ਨੂੰ ਸੰਬੋਧਨ ਕਰ ਰਹੇ ਹਨ ਤੇ ਉਨ੍ਹਾਂ ਨਾਲ ਗੱਲਬਾਤ ਕਰ ਰਹੇ ਹਨ। ਰੋਡ ਸ਼ੋਅ ਦੌਰਾਨ 1984 ਦੇ ਸਿੱਖ ਵਿਰੋਧੀ ਦੰਗੇ ਦੇ ਪੀੜਤਾਂ ਨੇ ਕਾਲੇ ਝੰਡੇ ਦਿਖਾਏ। ਲੋਕਾਂ ਨੇ ਸੈਮ ਪਿਤਰੋਦਾ ਦੇ ਬਿਆਨ ਦੇ ਵਿਰੋਧ ’ਚ ਨਾਅਰੇ ਲਗਾਏ। ਉਨ੍ਹਾਂ ਨੇ ਇਸ ਨੂੰ ਲੈ ਕੇ ਪੋਸਟਰ ਵੀ ਲੈ ਰੱਖੇ ਸਨ।

ਸੈਕਟਰ-34 ਸਥਿਤ ਰੈਲੀ ਗ੍ਰਾਊਂਡ ’ਚ ਹੋਈ ਰੈਲੀ ’ਚ ਪੀਐੱਮ ਨਰਿੰਦਰ ਮੋਦੀ ਨੇ ਕਿਹਾ ਕਿ ਐਨਰਜਟਿਕ ਚੰਡੀਗੜ੍ਹ ’ਚ ਜੋਸ਼ ਦੱਸ ਰਿਹਾ ਹੈ ਇਕ ਵਾਰ ਫਿਰ ਮੋਦੀ ਸਰਕਾਰ। ਇਸ ਦਾ ਕਾਰਨ ਸਾਫ ਹੈ ਦੇਸ਼ ਮਜ਼ਬੂਤ ਸਰਕਾਰ ਨਹੀਂ ਮਜ਼ਬੂਤ ਸਰਕਾਰ ਚੁਣ ਰਿਹਾ ਹੈ। ਦੇਸ਼ ਫੈਮਿਲੀ ਫਸਟ ਦੀ ਬਜਾਏ ਇੰਡੀਆ ਫਸਟ ਨੂੰ ਚੁਣ ਰਿਹਾ ਹੈ।

ਨਵਾਂ ਸ਼ਹਿਰ ਵਿਚ ਪੰਜਾਬ ਜਮਹੂਰੀਅਤ ਗੱਠਜੋੜ ਵੱਲੋਂ ਇੱਥੇ ਕੀਤੀ ਗਈ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਬਸਪਾ ਸੁਪਰੀਮੋ ਮਾਇਆਵਤੀ ਨੇ ਐਲਾਨ ਕੀਤਾ ਕਿ ਜੇਕਰ ਉਨ੍ਹਾਂ ਦੀ ਅਗਵਾਈ ਹੇਠ ਸਰਕਾਰ ਬਣੀ ਤਾਂ ਉਨ੍ਹਾਂ ਵੱਲੋਂ ਘਰ-ਘਰ ਰੁਜ਼ਗਾਰ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ। ਇਹ ਐਲਾਨ ਉਨ੍ਹਾਂ ਪ੍ਰਧਾਨ ਮੰਤਰੀ ਵੱਲੋਂ 6 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇ ਐਲਾਨ ਦੀ ਕਾਟ ਵਜੋਂ ਕੀਤਾ। ਉਨ੍ਹਾਂ ਕਿਹਾ ਕਿ ਬਸਪਾ ਦੀ ਅਗਵਾਈ ਵਾਲੀ ਸਰਕਾਰ ਆਉਣ ’ਤੇ ਨੌਜਵਾਨਾਂ ਲਈ ਸਰਕਾਰੀ ਤੇ ਗ਼ੈਰ ਸਰਕਾਰੀ ਤੌਰ ’ਤੇ ਰੁਜ਼ਗਾਰ ਦੇ ਵਸੀਲੇ ਪੈਦਾ ਕੀਤੇ ਜਾਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਬਸਪਾ ਮੁਫ਼ਤ ਸਰਕਾਰੀ ਸਹੂਲਤਾਂ ਦੇਣ ਦੀ ਬਜਾਏ ਹਰ ਇੱਕ ਨੂੰ ਰੁਜ਼ਗਾਰ ਦੇਣ ’ਚ ਵਿਸ਼ਵਾਸ ਰਖਦੀ ਹੈ। ਉਨ੍ਹਾਂ ਕਾਂਗਰਸ ਦੀ ਨਿੰਦਾ ਕਰਨ ਦੇ ਨਾਲ ਭਾਜਪਾ ਸਰਕਾਰ ਦੀਆਂ ਨਾਕਾਮੀਆਂ ਵੀ ਗਿਣਾਈਆਂ। ਬਸਪਾ ਸੁਪਰੀਮੋ ਨੇ ਕਿਹਾ ਕਿ ਦੇਸ਼ ਅੰਦਰ ਲੰਬਾ ਸਮਾਂ ਰਾਜ ਕਰਨ ਵਾਲੀ ਕਾਂਗਰਸ ਸਰਕਾਰ ਅੱਜ ਆਪਣੀ ਵਾਪਸੀ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੀ ਹੈ।





REAL ESTATE INVESTMENTS? BUY OR SELL PROPERTY? 1031 EXCHANGE? NEW HOMES?
ONE STOP SHOP FOR YOU
Few areas are growing rapidly, Tracy, Lathrop, Manteca, Mountain House,
We can help you get loan approval, purchase, mange your property and handle all repairs tracy, Lathrop, Manteca, Mountain house
Expert Realtor Parth Ghai 209-420-5653
Hindi, Punjabi and English, Call Anytime 209-420-5653
Valley Pacific Realty and Investments Stockton # 01722418


MANDEEP SANDHU
SANDHU IMMIGRATION CONSULTANT
ਇਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com




**DO YOU HAVE $3,000? If yes, we can help you buy your own home today using a down-payment assistance loan program.**

**ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404**




3-4 Bedrooms, 2.5 Bathrooms
Sq Ft: 1963, Lot Size:
Listing Price: 424,900
Roseville, CA




4 Bedrooms, 2.5 Bathrooms, Sq Ft: 1596
Lot Size: 6,098,
Listing Price: 279,900
Sacramento, CA




3 Bedrooms, 2.0 Bathrooms,
Sq Ft: 1,118, Lot Size: 6,970,
Listing Price: 279,000
Sacramento, CA




4 Bedrooms, 3.5 Bathrooms,
Sq Ft: 2,612, Lot Size: 8,425,
Listing Price: 619,000
Tracy, CA




Auto Repair & Lube Shop
Lot Size: 2000, Rent is ONLY
$1500/mo.
Listing Price: $139,000
Sacramento, CA




Liquor Store for Sale in Santa Clara
Monthly Gross Sale: $90K
Listing Price: 599,000 plus Inventory




5 Bedrooms, 2.5 Bathrooms,
Sq Ft: 2,504, Lot Size: 6,574,
Listing Price $399,000
Sacramento, CA




5 Bedrooms, 3 Bathrooms,
Sq Ft: 2.045, Lot Size: 5,284,
Listing Price $419,000
Elk Grove, CA




Subway
for Sale in Sacramento
Listing Price: 239,900




Indian Restaurant
for Sale in Sacramento
Listing Price: 149,000




Liquor Store for Sale in Sacramento
Monthly Gross Sale: 110K
Down Payment: 400K (Seller will carry Rest)
Listing Price: 599,000 plus Inventory




2 Bedrooms, 2 Bathrooms
Sq Ft: 1,116, Rental,Income: $1500 Month
Listing Price $159,000
Sacramento, CA




BERKSHIRE HATHAWAY HOMESERVICES BH HS

**BERKSHIRE HATHAWAY**
**Home Services**
**Elite Real Estate**

**SPECIALISE IN BANK REPO**
**APARTMENTS, COMMERCIAL PROPERTIES, GAS STATIONS, HOTELS AND AGRICULTURAL LAND**

**OFFICE: 7412 ELSIE AVE., SACRAMENTO, CA 95828**

# ਵਿਦਿਆਰਥੀ ਸਾਡੇ ਸਮਾਜ ਦਾ ਸ਼ੀਸ਼ਾ ਹੁੰਦੇ ਨੇ- ਮਹਿੰਦਰ ਸਿੰਘ ਸੰਧਾਵਾਲ਼ੀਆ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ /ਕੁਲਵੰਤ ਧਾਲੀਆਂ** – ਫਰਿਜ਼ਨੋ ਇਲਾਕੇ ਦੀ ਬਹੁਪੱਖੀ ਸ਼ਖ਼ਸੀਅਤ ਸ. ਮਹਿੰਦਰ ਸਿੰਘ ਸੰਧਾਵਾਲ਼ੀਆ ਪਿਛਲੇ ਦਿਨੀਂ ਆਪਣੀ ਪੰਜਾਬ ਫੇਰੀ ਤੇ ਗਏ, ਜਿੱਥੇ ਉਹਨਾਂ ਨੂੰ ਗੁਰੂ ਅੰਗਦ ਦੇਵ ਕਾਲਜ ਆਫ ਐਜੂਕੇਸ਼ਨ ਖਡੂਰ ਸਹਿਬ ਵਿੱਖੇ ਅੰਤਰ ਕਾਲਜ ਪ੍ਰਤੀਯੋਗਤਾ ਮੁਕਾਬਲੇ ਦੌਰਾਨ ਮੁੱਖ ਮਹਿਮਾਨ ਵਜੋਂ ਜਾਣ ਦਾ ਮਾਣ ਪ੍ਰਾਪਤ ਹੋਇਆ। ਇਸ ਮੌਕੇ ਮਹਿੰਦਰ ਸਿੰਘ ਸੰਧਾਵਾਲ਼ੀਆ ਨੇ ਬੋਲਦਿਆਂ ਹੋਇਆ ਕਿਹਾ ਕਿ ਬਾਬਾ ਸੇਵਾ ਸਿੰਘ ਦੀ ਛਤਰ ਛਾਇਆ ਹੇਠ ਇਹ ਕਾਲਜ ਸਾਡੇ ਦੇਸ਼ ਦਾ ਭਵਿੱਖ ਸਾਡੇ ਨੌ-



ਜਵਾਨ ਵਰਗ ਨੂੰ ਐਜੂਕੇਟ ਕਰਕੇ ਦੇਸ਼ ਦੇ ਵਿਕਾਸ ਵਿੱਚ ਆਪਣਾ ਹਿੱਸਾ ਪਾ ਰਿਹਾ ਹੈ। ਉਹਨਾਂ ਕਿਹਾ ਕਿ ਅੰਤਰ ਕਾਲਜ ਮੁਕਾਬਲੇ ਵਿੱਦਿਆਰਥੀਆ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਕਰਦੇ ਹਨ 'ਤੇ ਬੱਚੇ ਸਾਡੇ ਸਮਾਜ ਦਾ ਦਰਪਨ ਹੁੰਦੇ ਹਨ। ਇਸ ਮੌਕੇ ਜੇਤੂ ਵਿਦਿਆਰਥੀਆ ਨੂੰ ਇਨਾਮ ਵੀ ਮਹਿੰਦਰ ਸਿੰਘ ਸੰਧਾਵਾਲ਼ੀਆ ਨੇ ਵੰਡੇ।

ਇਸ ਮੌਕੇ ਹੋਰਨਾਂ ਤੋ ਇਲਾਵਾ ਪ੍ਰੋ. ਅਮਿੱਤ ਕੋਟਸ, ਬਲਵੀਰ ਸਿੰਘ, ਬਲਦੇਵ ਸਿੰਘ ਸੰਧੂ, ਵਰਿਆਮ ਸਿੰਘ , ਅਜੀਤ ਸਿੰਘ ਮੁਗ਼ਲਾਣੀ, ਬ੍ਰਿਗੇਡੀਅਰ ਗੁਰਵਿੰਦਰ ਸੰਘ ਰੰਧਾਵਾ, ਮੇਘ ਸਿੰਘ, ਪ੍ਰਿੰਸੀਪਲ ਬੀਰ ਇੰਦਰ ਸਿੰਘ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਅਖੀਰ ਵਿੱਚ ਪ੍ਰਿੰਸੀਪਲ ਸਿਮਰਪ੍ਰੀਤ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਪ੍ਰੋ. ਮਨਦੀਪ ਕੌਰ ਨੇ ਬਖ਼ੂਬੀ ਕੀਤਾ।

# ਭਾਰਤੀ ਅੰਬੈਸੀ ਨੇ ਵਿਸਾਖੀ ਸਮਾਗਮ ਗੁਰੂ ਨਾਨਕ ਪਾਤਸ਼ਾਹ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧੂਮਧਾਮ ਨਾਲ ਮਨਾਇਆ





**ਵਾਸ਼ਿੰਗਟਨ ਡੀ. ਸੀ. (ਰਾਜ ਗੋਗਨਾ)**– ਭਾਰਤੀ ਅੰਬੈਸੀ ਵੱਲੋਂ ਹਰ ਸਾਲ ਵਿਸਾਖੀ ਦਾ ਸਮਾਗਮ ਅੰਬੈਸਡਰ ਦੀ ਰਿਹਾਇਸ਼ ਤੇ ਮਨਾਇਆ ਜਾਂਦਾ ਹੈ। ਇਸ ਸਾਲ ਇਹ ਵਿਸਾਖੀ ਜਿੱਥੇ ਮੇਲੇ ਦੇ ਰੂਪ ਵਿੱਚ ਮਨਾਈ ਗਈ ਹੈ, ਉੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਪੁਰਬ ਨੂੰ ਸਮਰਪਿਤ ਵਿਸਾਖੀ ਵੱਖਰੀ ਛਾਪ ਛੱਡ ਗਈ। ਭਾਰਤੀ ਅੰਬੈਸੀ ਦੇ ਅਧਿਕਾਰੀਆਂ ਵੱਲੋਂ ਦਿਨ ਰਾਤ ਇੱਕ ਕਰਕੇ ਇਸ ਦਿਹਾੜੇ ਨੂੰ ਪੰਜਾਬ ਦੀ ਵਿਰਾਸਤ ਨੂੰ ਦਰਸਾਉਣ ਦੀ ਬਾਖ਼ੂਬ ਕੋਸ਼ਿਸ਼ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਦਸਤਾਰਬੰਦੀ ਨਾਲ ਕੀਤੀ ਗਈ। ਜਿਸ ਵਿੱਚ ਸਿੱਖਸ ਆਫ ਅਮਰੀਕਾ ਦੀ ਟੀਮ ਨੇ ਦਸਤਾਰਾਂ ਸਜਾਈਆਂ ਜਿਸ ਵਿੱਚ ਭਾਰਤੀ ਅੰਬੈਸਡਰ ਹਰਸ਼ ਵਰਧਨ ਸ਼ਰਿੰਗਲਾ ਦੇ ਪਹਿਲੀ ਦਸਤਾਰ ਸਜਾਈ ਗਈ। ਉਪਰੰਤ ਦਸਤਾਰਾਂ ਸਜਾਉਣ ਬਨ੍ਹਾਉਣ ਦਾ ਸਿਲਸਿਲਾ ਜਾਰੀ ਰਿਹਾ। ਜਿਸ ਵਿੱਚ ਅੰਬੈਸੀ ਦੇ ਪੂਰੇ ਸਟਾਫ, ਕਮਿਊਨਿਟੀ ਲੀਡਰਾਂ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲਿਆਂ ਨੇ ਦਸਤਾਰਾਂ ਸਜਾ ਵਿਸਾਖੀ ਸਮਾਗਮ ਨੂੰ ਪ੍ਰਣਾਮ ਕੀਤਾ। ਰੰਗਾਰੰਗ ਪ੍ਰੋਗਰਾਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸ਼ਬਦ ਸਰਵਣ ਕਰਵਾਇਆ ਅਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸੇ ਦੀ ਸਿਰਜਣਾ ਨੂੰ ਯਾਦ ਕਰਵਾਇਆ। ਉਪਰੰਤ ਸਿਮਰਨ ਕੌਰ ਨੇ ਖਾਲਸੇ ਦੀ ਮਹੱਤਤਾ ਅਤੇ ਵਿਸਾਖੀ ਦੀ ਅਹਿਮੀਅਤ ਨੂੰ ਆਪਣੇ ਲਫਜ਼ਾਂ ਵਿੱਚ ਅਜਿਹਾ ਬਿਆਨ ਕੀਤਾ ਕਿ ਹਾਜ਼ਰੀਨ ਨੇ ਉਸ ਦੀ ਪੇਸ਼ਕਾਰੀ ਨੂੰ ਖੂਬ ਸਲਾਹਿਆ। ਜਿਉ ਹੀ ਢੋਲ ਦੇ ਡਗੇ ਦੀ ਤਾਲ ਵੱਜੀ ਤਾਂ ਮੁਟਿਆਰਾਂ ਵਲੋਂ ਗਿੱਧੇ ਭੰਗੜੇ ਨੂੰ ਸਾਂਝੇ ਤੌਰ ਤੇ ਅਜਿਹਾ ਪੇਸ਼ ਕੀਤਾ ਕਿ ਪੰਜਾਬ ਦਾ ਸੱਭਿਆਚਾਰ ਚੇਤੇ ਕਰਾ ਗਿਆ। ਮਾਰਸ਼ਲ ਆਰਟ ਦੀ ਪੇਸ਼ਕਾਰੀ ,ਖਾਲਸੇ ਦੇ ਚਿੰਨ੍ਹਾਂ ਅਤੇ ਗੱਤਕੇ ਦੇ ਜੌਹਰਾਂ ਨੇ ਆਏ ਸਰੋਤਿਆਂ ਵਿੱਚ ਜੋਸ਼ ਭਰ ਦਿੱਤਾ। ਰੰਗਾ ਰੰਗ ਪ੍ਰੋਗਰਾਮ ਪੂਰਨ ਤੌਰ ਤੇ ਧਾਰਮਿਕ ਰਹੁਰੀਤਾਂ ਅਤੇ ਸੰਸਕ੍ਰਿਤੀ ਨੂੰ ਸਮਰਪਿਤ ਰਿਹਾ।ਭਾਰਤੀ ਅੰਬੈਸਡਰ ਹਰਸ਼ ਵਰਧਨ ਨੇ ਕਿਹਾ ਕਿ ਭਾਰਤੀ ਕਮਿਊਨਿਟੀ ਹਰ ਤਿਉਹਾਰ ਨੂੰ ਰਹੁਰੀਤਾਂ ਨਾਲ ਮਨਾਉਣ ਵਿੱਚ ਯੋਗਦਾਨ ਪਾਉਂਦੀ ਹੈ ਜਿਸ ਕਰਕੇ ਅਜਿਹੇ ਸਮਾਗਮ ਕਾਮਯਾਬੀ ਨੂੰ ਅਖਤਿਆਰ ਕਰਦੇ ਹਨ। ਉਨ੍ਹਾਂ ਕਿਹਾ ਜਿੱਥੇ ਤੁਸੀਂ ਸਾਰੇ ਵਧਾਈ ਦੇ ਪਾਤਰ ਹੋ ਉੱਥੇ ਕਮਿਊਨਿਟੀ ਦੀ ਸ਼ਮੂਲੀਅਤ ਅੱਜ ਦੇ ਸਮਾਗਮ ਨੂੰ ਚਾਰ ਚੰਨ ਲਾ ਗਈ ਹੈ। ਵਿਦੇਸ਼ਾਂ ਵਿੱਚ ਬੈਠੇ ਪੰਜਾਬੀ, ਭਾਰਤੀ ਹਰ ਪਾਸੇ ਮੱਲਾਂ ਮਾਰ ਰਹੇ ਹਨ। ਜਿਸ ਕਰਕੇ ਭਾਰਤ ਸੰਸਾਰ ਦੇ ਅਹਿਮ ਮੁਲਕਾਂ ਵਿੱਚ ਆਪਣੀ ਥਾਂ ਬਣਾ ਗਿਆ ਹੈ। ਮੇਰੀ ਕੋਸ਼ਿਸ਼ ਹੈ ਕਿ ਕਮਿਊਨਿਟੀ ਮਿਲ ਜੁਲ ਕੇ ਅੱਗੇ ਵਧੇ ਅਤੇ ਤਰੱਕੀ ਕਰੇ।ਇਸ ਸਮਾਗਮ ਵਿੱਚ ਪੰਜਾਬੀਆਂ ਲਈ ਲੱਸੀ, ਮੱਕੀ ਦੀ ਰੋਟੀ, ਸਰੋਂ ਦੇ ਸਾਗ ਤੋਂ ਇਲਾਵਾ ਹਰ ਪੰਜਾਬੀ ਖਾਣੇ ਨੇ ਪੰਜਾਬ ਦੇ ਮੇਲਿਆਂ ਦਾ ਲੁਤਫ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਨੂੰ ਸਮਰਪਿਤ ਪ੍ਰਦਰਸ਼ਨੀ ਜਿਸ ਵਿੱਚ ਬਾਬੇ ਨਾਨਕ ਦੀ ਜੀਵਨ ਗਾਥਾ ਤੋਂ ਲੈ ਕੇ, ਉਸ ਸਮੇਂ ਦੇ ਸਾਜਾਂ ਦੀ ਪ੍ਰਦਰਸ਼ਨੀ ਨੇ ਵਿਸਾਖੀ ਦੇ ਸਮਾਗਮ ਨੂੰ ਖਾਸ ਬਣਾ ਦਿੱਤਾ। ਜਿਸ ਦਾ ਜ਼ਿਕਰ ਹਾਜ਼ਰੀਨ ਵਿੱਚ ਖੂਬ ਮਹਿਸੂਸ ਕੀਤਾ ਗਿਆ। ਸਮੁੱਚੇ ਰੂਪ ਵਿੱਚ ਇਹ ਵਿਸਾਖੀ ਸਮਾਗਮ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਯਾਦ ਕਰਵਾ ਗਿਆ। ਇਸ ਵਿਸਾਖੀ ਸਮਾਗਮ ਵਿੱਚ ਨਿਊਯਾਰਕ, ਕੈਲੀਫੋਰਨੀਆਂ, ਨਿਊਜਰਸੀ, ਡੈਲਵੇਅਰ ਤੋਂ ਵੀ ਕਮਿਊਨਿਟੀ ਲੀਡਰਾਂ ਨੇ ਸ਼ਮੂਲੀਅਤ ਕੀਤੀ। ਜਿਸ ਵਿੱਚ ਮੁੱਖ ਤੌਰ ਤੇ ਸੁੱਖੀ ਚਹਿਲ, ਜਸਦੀਪ ਸਿੰਘ ਜੱਸੀ, ਬਲਜਿੰਦਰ ਸਿੰਘ, ਚਤਰ ਸਿੰਘ, ਮਨਿੰਦਰ ਸਿੰਘ ਸੇਠੀ, ਗੁਰਿੰਦਰ ਸਿੰਘ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਦਲਵੀਰ ਸਿੰਘ, ਗੁਰਚਰਨ ਸਿੰਘ, ਗੁਰਭੇਜ ਸਿੰਘ, ਪਵਨ ਬੈਜਵਾੜਾ, ਮੋਨੀ ਗਿੱਲ, ਹਰਜੀਤ ਸਿੰਘ ਹੁੰਦਲ, ਡਾ. ਸੁਖਪਾਲ ਸਿੰਘ ਧਨੋਆ, ਡਾ. ਸੁਰੇਸ਼ ਗੁਪਤਾ, ਡਾ. ਸਕਸੇਰੀਆ ਅਤੇ ਪਰਮਜੀਤ ਸਿੰਘ ਬੇਦੀ ਸ਼ਾਮਲ ਹੋਏ। ਸੁਰਿੰਦਰ ਸਿੰਘ ਇੰਜੀਨੀਅਰ, ਡਾ. ਸਾਹਨੀ, ਅੰਜਨਾ, ਕੀਰਤੀ ਦਾ ਵੀ ਖਾਸ ਯੋਗਦਾਨ ਰਿਹਾ।ਭਾਰਤੀ ਅੰਬੈਸੀ ਦਾ ਪੂਰਾ ਸਟਾਫ ਇਸ ਸਮਾਗਮ ਦੀ ਕਾਮਯਾਬੀ ਲਈ ਵਧਾਈ ਦਾ ਪਾਤਰ ਹੈ ਜਿਨ੍ਹਾਂ ਨੇ ਕਈ ਦਿਨਾਂ ਤੋਂ ਇਸ ਦੇ ਪ੍ਰਬੰਧ ਵਿੱਚ ਆਪਣੀ ਪੂਰੀ ਵਾਹ ਲਾਈ ਹੈ। ਇਸ ਸਾਲ ਭਾਰਤੀ ਅੰਬੈਸੀ ਦਾ ਵਿਸਾਖੀ ਸਮਾਗਮ 550ਵੇਂ ਆਗਮਨ ਪੂਰਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੂਰਨ ਤੌਰ ਤੇ ਸਮਰਪਿਤ ਰਿਹਾ।





# ਕਮਲਜੀਤ ਸਿੰਘ ਬੈਨੀਪਾਲ ਨੇ ਦੋ ਮੀਲ ਰਨ ਵਿੱਚ ਦੂਜਾ ਸਥਾਨ ਹਾਸਲ ਕੀਤਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਫਰਿਜ਼ਨੋ ਦੇ ਕਮਲਜੀਤ ਬੈਨੀਪਾਲ ਨੇ ਪਿਛਲੇ ਦਿਨੀਂ ਉਸ ਵਕਤ ਪੰਜਾਬੀ ਭਾਈਚਾਰੇ ਦਾ ਨਾਮ ਫ਼ਖ਼ਰ ਨਾਲ ਉੱਚਾ ਕੀਤਾ ਜਦੋਂ ਉਹਨਾਂ ਫਰਿਜ਼ਨੋ ਦੇ ਵੁੱਡਵਰਡ ਪਾਰਕ ਵਿੱਚ ਮਦਰਜ ਡੇਅ ਨੂੰ ਸਮਰਪਿਤ ਦੋ ਮੀਲ ਲੰਮੀ ਦੌੜ ਵਿੱਚ ਸ਼ਾਮਲ ਹੋਕੇ ਦੂਸਰਾ ਸਥਾਨ ਪ੍ਰਾਪਤ ਕੀਤਾ। ਕਮਲਜੀਤ ਬੈਨੀਪਾਲ ਨੇ ਇਹ ਰੇਸ 13 ਮਿੰਟ ਵਿੱਚ ਪੂਰੀ ਕੀਤੀ। ਇਸ ਰੇਸ ਵਿੱਚ ਹਿੱਸਾ ਲੈਣ ਲਈ ਵੱਖੋ ਵੱਖ ਉਮਰ ਦੇ 132 ਦੌੜਾਕ ਪੂਰੇ ਕੈਲੇਫੋਰਨੀਆਂ ਸੂਬੇ ਤੋਂ ਪਹੁੰਚੇ ਹੋਏ ਸਨ। ਇਸ ਜਿੱਤ ਪਿੱਛੋਂ ਕਮਲਜੀਤ ਬੈਨੀਪਾਲ ਨੂੰ ਹਰ ਪਾਸਿਓਂ ਵਧਾਈਆਂ ਮਿਲ ਰਹੀਆਂ ਹਨ, ਅਤੇ ਫਰਿਜ਼ਨੋ ਏਰੀਏ ਦਾ ਪੰਜਾਬੀ ਭਾਈਚਾਰਾ ਕਮਲਜੀਤ ਬੈਨੀਪਾਲ ਦੀ ਜਿੱਤ ਤੇ ਮਾਣ ਮਹਿਸੂਸ ਕਰ ਰਿਹਾ ਹੈ।

# ਡਾ ਅੰਬੇਦਕਰ ਦੀ ਆਤਮ ਕਥਾ ਕੋਲੰਬੀਆ ਯੂਨੀਵਰਸਿਟੀ ਦੇ ਪਾਠਕ੍ਰਮ ਦਾ ਹਿੱਸਾ ਬਣੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੀਆਂ ਕਿਤਾਬਾਂ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਹੈ। ਹਾਲਾਂ ਕਿ ਭਾਰਤ ਵਿਚ ਡਾ



ਅੰਬੇਦਕਰ ਦਾ ਜਨਮ ਦਿਨ ਹਰ ਸਾਲ ਮਨਾਇਆ ਜਾਂਦਾ ਹੈ ਪਰ ਉਨਾਂ ਦੇ ਰਚਨਾਤਮਿਕ ਕੰਮ ਵੱਲ ਨਾਂਹ ਪੱਖੀ ਰਵਈਆ ਹੀ ਅਪਣਾਇਆ ਹੋਇਆ ਹੈ। ਡਾ ਅੰਬੇਦਕਰ ਦੀ ਆਤਮ ਕਥਾ " ਵੇਟਿੰਗ ਫਾਰ ਏ ਵੀਜ਼ਾ' ਕੋਲੰਬੀਆ ਯੂਨੀਵਰਸਿਟੀ ਦੇ ਪਾਠਕ੍ਰਮ ਦਾ ਹਿੱਸਾ ਹੈ। ਬਹੁਤ ਘਟ ਭਾਰਤੀ ਹਨ, ਜਿਨਾਂ ਨੇ ਡਾ ਅੰਬੇਦਕਰ ਦੀ ਸਵੈ ਜੀਵਨੀ ਪੜੀ ਹੈ। ਅੰਬੇਦਕਰ ਨੇ ਆਪਣੀ ਆਤਮ ਕਥਾ 1935-36 ਵਿਚ ਅਮਰੀਕਾ ਤੇ ਯੂਰਪ ਤੋਂ ਵਾਪਿਸ ਆ ਕੇ ਲਿਖੀ ਸੀ। 20 ਸਫਿਆਂ ਦੀ ਇਸ ਆਤਮ ਕਥਾ ਵਿਚ ਅੰਬੇਦਕਰ ਨੇ ਛੂਆਛਾਤ ਸਬੰਧੀ ਆਪਣੇ ਤਜ਼ਰਬੇ ਤੇ ਕਠਿਨਾਈਆਂ ਦਾ ਵਰਣਨ ਕੀਤਾ ਹੈ। ਦਲਿਤ ਵਰਗ ਨਾਲ ਸਬੰਧਿਤ ਹੋਣ ਕਾਰਨ ਅੰਬੇਦਕਰ ਨੂੰ ਜੀਵਨ ਵਿਚ ਬਹੁਤ ਵਾਰ ਪ੍ਰਤੀਕੂਲ ਸਥਿੱਤੀਆਂ ਦਾ ਸਾਹਮਣਾ ਕਰਨਾ ਪਿਆ ਜਿਨਾਂ ਦਾ ਇਸ ਪੁਸਤਕ ਵਿਚ ਵਰਣਨ ਕੀਤਾ ਗਿਆ ਹੈ। ਕੋਲੰਬੀਆ ਯੂਨੀਵਰਸਿਟੀ ਵਿਚ ਪ੍ਰੋ ਫਰਾਂਸਜ ਡਬਲਯੂ ਪ੍ਰਿਟਚੈਟ ਵਿਦਿਆਰਥੀਆਂ ਨੂੰ 'ਵੇਟਿੰਗ ਫਾਰ ਵੀਜ਼ਾ' ਪੁਸਤਕ ਪੜਾਉਂਦੇ ਹਨ।

# ਕਾਲੀ ਸੂਚੀ ਵਿਚਲੇ ਸਿੱਖ ਲੈ ਸਕਣਗੇ ਭਾਰਤੀ ਪਾਸਪੋਰਟ ਤੇ ਵੀਜ਼ਾ- ਸੰਜੇ ਪਾਂਡਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਸਿੱਖ ਭਾਈਚਾਰੇ ਵੱਲੋਂ ਬਹੁਤ ਚਿਰਾਂ ਤੋਂ ਕੀਤੀ ਜਾ ਰਹੀ ਮੰਗ ਉਸ ਵੇਲੇ ਪੂਰੀ ਹੁੰਦੀ ਨਜ਼ਰ ਆਈ ਜਦੋਂ ਭਾਰਤ ਸਰਕਾਰ ਨੇ ਸਥਾਨਕ ਭਾਰਤੀ ਕੌਂਸਲਖਾਨੇ ਨੂੰ ਕਿਹਾ ਕਿ ਅਮਰੀਕਾ ਵਿਚ ਰਾਜਸੀ ਸ਼ਰਨ ਲੈ ਕੇ ਰਹਿ ਰਹੇ ਭਾਰਤੀ ਸਿੱਖਾਂ ਨੂੰ ਕੌਂਸਲਖਾਨੇ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ। ਇਸ ਨਵੀਂ ਨੀਤੀ ਨਾਲ ਸਥਾਨਕ ਭਾਰਤੀ ਕੌਂਸਲਖਾਨੇ ਦੀ ਕਾਲੀ ਸੂਚੀ ਖਤਮ ਹੋ ਜਾਵੇਗੀ। ਅਮਰੀਕਾ ਵਿਚ ਰਾਜਸੀ ਸ਼ਰਨ ਲੈ ਕੇ ਰਹਿ ਰਹੇ ਜਿਹੜੇ ਭਾਰਤੀ ਮੂਲ



ਦੇ ਅਮਰੀਕੀ ਸਿੱਖਾਂ ਨੂੰ ਇਸ ਕਾਲੀ ਸੂਚੀ ਵਿਚ ਪਾਇਆ ਹੋਇਆ ਹੈ, ਉਹ ਹੁਣ ਭਾਰਤੀ ਪਾਸਪੋਰਟ ਤੇ ਵੀਜ਼ਾ ਲੈ ਸਕਣਗੇ। ਇੰਡੀਅਨ ਅਮਰੀਕਨ ਸਿੱਖ ਕਮਿਊਨਿਟੀ ਨੇ ਭਾਰਤ ਸਰਕਾਰ ਦੇ ਇਸ ਕਦਮ ਦਾ ਸਵਾਗਤ ਕੀਤਾ ਹੈ। ਭਾਰਤੀ ਕੌਂਸਲੇਟ ਜਨਰਲ ਸਨਫਰਾਂਸਿਸਕੋ ਸੰਜੇ ਪਾਂਡਾ ਨੇ ਦਸਿਆ ਕਿ ਵਿਸ਼ਵ ਭਰ ਦੇ ਕੌਂਸਲਖਾਨਿਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਨਾਂ ਸਿੱਖ ਰਾਜਸੀ ਸ਼ਰਨਾਰਥੀਆਂ ਨੂੰ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ ਜੋ ਮੂਲ ਰੂਪ ਵਿਚ ਪੰਜਾਬ ਦੇ ਵਾਸੀ ਹਨ। ਪਾਂਡਾ ਨੇ ਕਿਹਾ ਕਿ ਅਸੀਂ ਨਵੀਂ ਨੀਤੀ ਦਾ ਸਵਾਗਤ ਕਰਦੇ ਹਾਂ, ਜਿਸ ਨੀਤੀ ਨੂੰ ਲਾਗੂ ਕੀਤਾ ਜਾ ਰਿਹਾ ਹੈ।

# ਲਿਕੂਰ ਸਟੋਰ 'ਤੇ ਅਣਪਛਾਤੇ ਵਿਅਕਤੀ ਵੱਲੋਂ ਪੰਜਾਬੀ ਦੀ ਗੋਲੀਆਂ ਮਾਰਕੇ ਕੀਤੀ ਹੱਤਿਆ


**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਡਾਊਨੀ ਵਿਖੇ ਪੈਰਾਮਾਊਂਟ ਬੁਲੇਵਰਡ ਨੇੜੇ ਆਪਣੇ ਲਿਕੁਰ ਸਟੋਰ ਉਪਰ ਕੰਮ ਕਰ ਰਹੇ ਭਾਰਤੀ ਮੂਲ ਦੇ ਅਮਰੀਕੀ 44 ਸਾਲਾ ਸਿੱਖ ਗੁਰਪ੍ਰੀਤ ਸਿੰਘ ਦੀ ਕਿਸੇ ਅਣਪਛਾਤੇ ਵਿਅਕਤੀ ਨੇ ਬੀਤੇ ਦਿਨ ਗੋਲੀਆਂ ਮਾਰਕੇ ਹੱਤਿਆ ਕਰ ਦਿੱਤੀ ਦੀ ਹੱਤਿਆ ਕਰਨ ਵਾਲੇ ਦਾ ਅਜੇ ਤੱਕ ਕੋਈ ਸੁਰਾਗ ਨਹੀਂ ਮਿਲਿਆ। ਐਨ.ਬੀ.ਸੀ ਲਾਸ ਏਂਜਲਸ ਅਨੁਸਾਰ ਏ.ਐਸ.ਐਲ ਲਿਕੁਰ ਐਂਡ ਮਾਰਕੀਟ ਵਿਖੇ ਗੋਲੀਬਾਰੀ ਦੀ ਇਹ ਘਟਨਾ ਰਾਤ 11 ਵਜੇ ਦੇ ਕਰੀਬ ਵਾਪਰੀ। ਮ੍ਰਿਤਕ ਦੇ



ਦੋ ਲੜਕੇ ਹਨ। ਜਿਸ ਸਮੇਂ ਹਮਲਾ ਹੋਇਆ ਉਸ ਸਮੇਂ ਉਹ ਸਟੋਰ ਵਿਚ ਇਕੱਲਾ ਹੀ ਸੀ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਗੁਰਪ੍ਰੀਤ ਸਿੰਘ ਦੀ ਹੱਤਿਆ ਨਸਲੀ ਹਿੰਸਾ ਤੋਂ ਪ੍ਰੇਰਤ ਹੈ ਜਾਂ ਨਿੱਜੀ ਦੁਸ਼ਮਣੀ ਦਾ ਸਿੱਟਾ ਹੈ ਜਾਂ ਲੁੱਟਮਾਰ ਦੇ ਮਕਸਦ ਨਾਲ ਕੀਤੀ ਗਈ ਹੈ। ਪੁਲਿਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ। ਮਾਰਕੀਟ ਵਿਚ ਲੱਗੇ ਇਕ ਕੈਮਰੇ 'ਚ ਵੇਖਿਆ ਗਿਆ ਕਿ ਇਕ ਵਿਅਕਤੀ ਤੇਜੀ ਨਾਲ ਭੱਜ ਰਿਹਾ ਹੈ ਪਰ ਉਸ ਦੀ ਪਛਾਣ ਕਰਨ 'ਚ ਮੁਸ਼ਕਿਲ ਆ ਰਹੀ ਹੈ। ਕੈਮਰੇ ਵਿਚ ਨਜਰ ਆ ਰਿਹਾ ਹੈ ਕਿ ਜਦੋਂ ਗੁਰਪ੍ਰੀਤ ਸਿੰਘ ਨੂੰ ਗੋਲੀ ਮਾਰੀ ਗਈ ਤਾਂ ਉਹ ਕਾਊਂਟਰ ਪਿਛੇ ਖੜਾ ਸੀ। ਪੁਲਿਸ ਹੱਤਿਆ ਦੇ ਨਜ਼ਰੀਏ ਤੋਂ ਮਾਮਲੇ ਦੀ ਜਾਂਚ ਕਰ ਰਹੀ ਹੈ। ਹੱਤਿਆ ਤੋਂ ਬਾਅਦ ਪੰਜਾਬੀ ਖਾਸ ਕਰਕੇ ਸਿੱਖ ਭਾਈਚਾਰੇ ਵਿਚ ਰੋਸ ਪਾਇਆ ਜਾ ਰਿਹਾ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਡਾ.ਅੰਬੇਡਕਰ ਦਾ 128ਵਾਂ ਜਨਮ ਦਿਨ ਮਨਾਇਆ ਗਿਆ

**ਨਿਊਯਾਰਕ (ਬਿਊਰੋ)–** ਬੀਤੇ ਦਿਨੀਂ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ (ਅਮਰੀਕਾ) ਵਿਖੇ ਭਾਰਤ ਰਤਨ ਡਾ. ਅੰਬੇਡਕਰ ਜੀ ਦਾ 128ਵਾਂ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਪੋਤੇ ਦੇ ਲੜਕੇ ਸ੍ਰੀ ਰਾਜ ਰਤਨ ਵਿਸ਼ੇਸ਼ ਸੱਦੇ 'ਤੇ ਪਹੁੰਚੇ ਅਤੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਗੁਰੂ ਘਰ ਵਿਖੇ ਆਪਣੀ ਸੇਵਾ ਨਿਭਾਉਣ ਵਾਲੇ ਸ੍ਰੀ ਗੁਰਨਾਮ ਸਿੰਘ ਵਿਰਦੀ ਜੀ ਤੇ ਸਾਥੀਆਂ ਨੇ ਵੀ ਲੰਗਰ ਦੀ ਸੇਵਾ ਨਿਭਾਈ। ਸ੍ਰੀ ਰਾਜ ਰਤਨ ਅੰਬੇਡਕਰ ਬੜੀ ਪ੍ਰਸੰਨਤਾ ਨਾਲ ਲੰਗਰ ਛਕਿਆ, ਸੰਗਤਾਂ ਨਾਲ ਗੱਲਬਾਤ ਕੀਤੀ ਅਤੇ ਫੋਟੋਆਂ ਵੀ ਖਿਚਵਾਈਆਂ। ਸ੍ਰੀ ਵਿਰਦੀ ਨੇ ਆਪਣੇ ਤੇ ਸਾਥੀਆਂ ਵੱਲੋਂ ਉਹਨਾਂ ਨੂੰ ਜੀਓ ਆਇਆਂ ਕਿਹਾ ਤੇ ਧੰਨਵਾਦ ਵੀ ਕੀਤਾ।




SRI GURU RAVIDASS SABHA PITTSBURG (CA)
2150 CRESTVIEW DRIVE, Pittsburg CA 94565 Tel: (925) 439-2355
ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਅਪ੍ਰੈਲ ਮਹੀਨੇ ਦੇ ਪ੍ਰੋਗਰਾਮ
Guru Piari Sadh Sangat Ji,
Devoted families are requesting entire Sangat to attend the following functions:
May 19, 2019
Sukhmani Sahib Path Langar Sewa by Bhai Joginder Singh and Bibi Gurmeet Kaur
Sri Sukhmani Sahib Path and Langar Sewa will be hosted by Bhai Joginder Singh ji (Delhi Wale), Bibi Gurmeet Kaur and family in the loving memory of their parents. May Waheguru keep HIS blessing on the family.
"NANAK NAM CHARDI KALA TERE BHANE SARBAT DA BHALA"
Please visit Gurughar website for information: WWW.SriGuruRavidassTemple.com
NOTE: Sewa is available for the dates with ***.
Please contact General Secretary at 209.834.4641 for more information.
Sangat Sewadars
Chairman Ramesh Suman 925-366-3618
President Kashmiri Bhatia 408-460-0262
General Secretary Dilbag Singh 209-834-4641
Treasurer Narinder Chahal 209- 627-7974

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

ਦੇਸ਼ ਦੁਆਬਾ

# ਬਦਲ ਰਿਹਾ ਹੈ ਚੋਣਾਂ ਦਾ ਮਿਜਾਜ਼

ਭਾਰਤ ਵਿਚ ਪਿਛਲੀਆਂ ਚੋਣਾਂ ਦੀ ਬਜਾਏ ਇਸ ਵਾਰ ਦੀਆਂ ਚੋਣਾਂ ਕੁਝ ਵੱਖਰੀਆਂ ਹਨ। ਸਥਾਨਕ ਵੋਟਰ ਉਮੀਦਵਾਰਾਂ ਨੂੰ ਸਵਾਲ ਵੀ ਕਰਦੇ ਹਨ ਅਤੇ ਉਹਨਾਂ ਦੇ ਕੰਮਾਂ ਦਾ ਜਵਾਬ ਵੀ ਮੰਗ ਰਹੇ ਹਨ। ਪੰਜਾਬ ਵਿਚ ਕਈ ਥਾਂ ਕਈ ਉਮੀਦਵਾਰਾਂ ਨੂੰ ਘੇਰ ਕੇ ਉਹਨਾਂ ਦੀ ਕਾਰਗੁਜ਼ਾਰੀ ਤੇ ਸਵਾਲ ਕੀਤੇ ਗਏ ਅਤੇ ਕਈ ਥਾਵਾਂ ਤੇ ਕਾਲੀਆਂ ਝੰਡੀਆਂ ਦਿਖਾਉਣ ਦਾ ਰੁਝਾਨ ਵੀ ਦੇਖਿਆ ਗਿਆ। ਸੰਗਰੂਰ ਤੋਂ ਕਾਂਗਰਸ ਦੇ ਉਮੀਦਵਾਰ ਕੇਵਲ ਢਿੱਲੋਂ ਨੂੰ ਥਾਂ -ਥਾਂ 'ਤੇ ਘੇਰ ਕੇ ਲੋਕ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ ਤੇ ਕੀਤੇ ਹੋਏ ਵਾਅਦਿਆਂ ਨੂੰ ਪੂਰਾ ਕਰਨ ਬਾਰੇ ਪੁੱਛ ਰਹੇ ਹਨ। ਪਰ ਲੀਡਰ ਸਵਾਲਾਂ ਦੇ ਜਵਾਬ ਦੇਣ ਤੋਂ ਪਾਸਾ ਵਟਦੇ ਨਜ਼ਰ ਆਉਂਦੇ ਹਨ। ਬੀਬੀ ਭੱਠਲ ਨੇ ਤਾਂ ਸਵਾਲ ਪੁੱਛਣ 'ਤੇ ਇਕ ਨੌਜਵਾਨ ਦੇ ਥੱਪੜ ਹੀ ਜੜ ਦਿੱਤਾ। ਇਸੇ ਤਰ੍ਹਾਂ ਕੇਂਦਰੀ ਮੰਤਰੀ ਤੇ ਬਠਿੰਡਾ ਤੋਂ ਅਕਾਲੀ ਭਾਜਪਾ ਦੇ ਉਮੀਦਵਾਰ ਬੀਬਾ ਹਰਸਿਮਰਤ ਕੌਰ ਬਾਦਲ ਨੇ ਇਕ ਬਜ਼ੁਰਗ ਨੂੰ ਸਵਾਲ ਪੁੱਛਣ 'ਤੇ ਇੱਥੋਂ ਤੱਕ ਕਹਿ ਦਿੱਤਾ ਕਿ ਇਹ ਸਵਾਲ ਪੁੱਛਣ ਦਾ ਸਮਾਂ ਨਹੀਂ ਸਗੋਂ ਵੋਟਾਂ ਮੰਗਣ ਦਾ ਸਮਾਂ ਹੈ। ਪਹਿਲਾਂ ਲੀਡਰ ਚੋਣਾਂ ਦੇ ਸਮੇਂ ਬਰਸਾਤੀ ਡੱਡੂਆਂ ਵਾਂਗ ਬਾਹਰ ਨਿਕਲਦੇ, ਆਮ ਲੋਕਾਂ ਨੂੰ ਮਿਲਦੇ, ਭਾਸ਼ਣ ਦਿੰਦੇ ਤੇ ਝੂਠੇ ਵਾਅਦੇ ਕਰ ਕੇ ਵੋਟਾਂ ਲੈ ਕੇ ਵਾਪਸ ਮੁੜ ਚਿਹਰਾ ਨਹੀਂ ਦਿਖਾਉਂਦੇ। ਪਰ ਹੁਣ ਆਮ ਲੋਕਾਂ ਵੱਲੋਂ ਲੀਡਰਾਂ ਨੂੰ ਥਾਂ -ਥਾਂ 'ਤੇ ਘੇਰ ਕੇ ਸਵਾਲ ਪੁੱਛਣਾ, ਲੋਕਾਂ ਵਿਚ ਜਾਗਰਤੀ ਦੀ ਨਿਸ਼ਾਨੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਰਗਾੜੀ ਕਾਂਡ ਕਾਰਨ ਜਿੱਥੇ ਲੋਕ ਅਕਾਲੀ ਦਲ ਤੋਂ ਨਾਰਾਜ਼ ਹਨ, ਉੱਥੇ ਕਾਂਗਰਸ ਸਰਕਾਰ ਦੇ ਝੂਠੇ ਵਾਅਦਿਆਂ ਤੋਂ ਵੀ ਨਿਰਾਸ਼ ਹਨ।ਲੋਕ ਸਭਾ ਚੋਣਾਂ ਦੌਰਾਨ ਸਿਆਸਤਦਾਨਾਂ ਦਾ ਹੋ ਰਿਹਾ ਵਿਰੋਧ ਸੰਕੇਤ ਹੈ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੱਤਾਧਾਰੀ ਪਾਰਟੀ ਕਾਂਗਰਸ ਸਮੇਤ ਅਕਾਲੀ ਦਲ ਨੂੰ ਵੀ ਲੋਕਾਂ ਦੇ ਜਬਰਦਸਤ ਰੋਹ ਦਾ ਸਾਹਮਣਾ ਕਰਨਾ ਪੈ ਸਕਦਾ ਹੈ।। ਅੱਜ ਪੰਜਾਬ ਦਾ ਹਰੇਕ ਵਰਗ ਦੁਖੀ ਹੈ। ਘਰ- ਘਰ ਨੌਕਰੀ ਦੇਣ ਦੇ ਵਾਅਦੇ ਕਰ ਕੇ ਸੱਤਾ 'ਚ ਆਈ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਅਜੇ ਤਕ ਕੋਈ ਕਦਮ ਨਹੀਂ ਚੁੱਕਿਆ। ਪੰਜਾਬ ਸਰਕਾਰ ਨੂੰ ਆਪਣੀ ਕਾਰਗੁਜ਼ਾਰੀ ਦਿਖਾਉਣ ਲਈ ਅਜੇ ਵੀ ਤਕਰੀਬਨ ਢਾਈ ਸਾਲ ਹਨ। ਹਾਲਾਂਕਿ ਇਹ ਰੁਝਾਨ ਇੰਨਾ ਨਿਰਾਸ਼ਾਜਨਕ ਨਹੀਂ ਬਲਕਿ ਵਧੀਆ ਹੈ ਪਰ ਕਈ ਥਾਵਾਂ ਤੇ ਥੱਪੜ ਮਾਰਨ ਜਾਂ ਜੁੱਤੀ ਮਾਰਨ ਆਦਿ ਦੀ ਪ੍ਰਵਿਰਤੀ ਵੀ ਦੇਖੀ ਗਈ ਹੈ। ਉਮੀਦਵਾਰ ਤੋਂ ਕਾਰਗੁਜ਼ਾਰੀ ਪੁੱਛਣੀ ਲੋਕਰਾਜ ਦੇ ਸਿਹਤਮੰਦੀ ਵੱਲ ਵਧਣ ਦੀ ਨਿਸ਼ਾਨੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-103

## ਗਾਇਤ੍ਰੀ ਮੰਤ੍ਰ ਅਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰੂ ਗ੍ਰੰਥ ਕੋਸ਼ ਅਨੁਸਾਰ ਗਾਇਤ੍ਰੀ ਹਿੰਦੂਆਂ ਦਾ ਮਹਾਂਮੰਤ੍ਰ ਜਿਸ ਦਾ ਜਾਪ ਕੇਵਲ ਬ੍ਰਾਹਮਣ, ਖਤਰੀ ਤੇ ਵੈਸ਼ ਹੀ ਕਰ ਸਕਦੇ ਹਨ। ਸ਼ੂਦਰ ਲਈ ਜਪਣਾ ਤਾਂ ਕਿਤੇ ਰਿਹਾ ਸਗੋਂ ਸੁਣਨਾ ਵੀ ਅਪਰਾਧ ਹੈ। ਭਗਤ ਕਬੀਰ ਦੀ ਇਸ ਤੇ ਤਰਕ ਕਿ-ਤੁਮ ਤਉ ਬੇਦ ਪਯਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ॥ (੪੮੨) ਵੇਦ ਦੇ ਇਕ ਅੰਗ ਨਿਰੁਕਤ ਜਿਸ ਵਿੱਚ ਸ਼ਬਦਾਂ ਦੀ ਵਿਆਖਿਆ ਹੈ ਦੇ ਅਨੁਸਾਰ ਉਸਤਤੀ ਕਰਦਿਆਂ ਬ੍ਰਹਮਾ ਦੇ ਮੁੱਖ ਤੋਂ ਨਿਕਲਣ ਕਾਰਣ ਇਸ ਦਾ ਨਾਂ ਗਾਇਤ੍ਰੀ ਹੈ। ਮੂਲ ਰੂਪ ਵਿੱਚ ਗਾਇਤ੍ਰੀ ਇਕ ਛੰਦ ਦਾ ਨਾਂ ਜਿਸ ਦੀ ਵਰਤੋਂ ਰਿਗ ਵੇਦ 'ਚ ਹੋਈ ਜਿਸ ਦਾ ਅਰਥ ਹੈ ਗਾਉਣ ਵਾਲੇ ਦੀ ਰੱਖਿਆ ਕਰਨ ਵਾਲੀ (ਗਾਯੰਤੇ ਤ੍ਰਾਯਤੇ ਇਤਿ) ਭਾਵੇਂ ਰਿਗ ਵੇਦ ਵਿੱਚ ਇੱਕ ਵਾਰੀ ਅੰਕਿਤ ਅਤੇ ਇਸ ਨੂੰ ਰਿਸ਼ੀ ਵਿਸ਼ਵਾਮਿਤ੍ਰ ਦੀ ਰਚਨਾ ਮੰਨਿਆ ਜਾਂਦੈ ਹੇਠਲਾ ਹੈ- ਓਮ ਭੂਰ ਭਵਯ ਸਵਹ ਤਸਵੀ ਤਰੁਵਾਰਿਣਿਯੰ॥ ਭਾਰਗੋ ਦੇਵਸਯ ਧੀਮਹੀ ਧੀਯੋ ਯੋਨਹ ਤਨੋਪ੍ਰਚਯੋਦਯਾਤ੍॥

ਪਦਮ ਪੁਰਾਣ ਦੀ ਕਥਾ ਕਿ ਇੱਕ ਵਾਰ ਬ੍ਰਹਮਾ ਜੱਗ ਕਰਨ ਲੱਗਾ ਤਾਂ ਉਸ ਨੇ ਇੰਦ੍ਰ ਨੂੰ ਆਪਣੀ ਇਸਤ੍ਰੀ ਸਾਵਿਤ੍ਰੀ ਨੂੰ ਬਲਾਉਣ ਲਈ ਭੇਜਿਆ ਕਿਉਂਕਿ ਅਰਧਾਂਗਨੀ ਤੋਂ ਬਗੈਰ ਜੱਗ ਹੋ ਨਹੀਂ ਸਕਦਾ ਸੀ। ਸਾਵਿਤ੍ਰੀ ਨੇ ਉੱਤਰ ਦਿੱਤਾ ਕਿ ਉਹ ਲਛਮੀ ਆਦਿਕ ਆਪਣੀਆਂ ਸਹੇਲੀਆਂ ਤੋਂ ਬਗੈਰ ਨਹੀਂ ਜਾ ਸਕਦੀ। ਜਦੋਂ ਇੰਦ੍ਰ ਖਾਲੀ ਵਾਪਸ ਮੁੜਿਆ ਤਾਂ ਬ੍ਰਹਮਾ ਨੇ ਆਖਿਆ ਤੂੰ ਮੇਰੇ ਲਈ ਕੋਈ ਹੋਰ ਇਸਤ੍ਰੀ ਲੈ ਆ। ਉਹ ਮਾਤ ਲੋਕ ਤੋਂ ਇੱਕ ਗੋਪੀ ਲੈ ਆਇਆ ਜਿਸ ਦਾ ਨਾਂ 'ਗਾਇਤ੍ਰੀ ਸੀ। ਬ੍ਰਹਮਾ ਨੇ ਉਸ ਨਾਲ ਗੰਧਰਵ ਵਿਆਹ ਰਚ ਕੇ ਜੱਗ ਸਪੂੰਰਨ ਕੀਤਾ। ਇਸ ਲਈ ਗਾਇਤ੍ਰੀ ਨੂੰ ਵੇਦਾਂ ਦੀ ਮਾਂ ਆਖਿਆ ਜਾਂਦਾ ਹੈ। ਇਸ ਦਾ ਰੂਪ-ਇੱਕ ਹੱਥ ਵਿੱਚ ਮ੍ਰਿਗ ਦਾ ਸਿੰਗ, ਦੂਜੇ ਹੱਥ ਵਿੱਚ ਕਮਲ, ਲਾਲ ਬਸਤ੍ਰ, ਗਲ ਵਿੱਚ ਮੋਤੀਆਂ ਦੀ ਮਾਲਾ ਤੇ ਸਿਰ ਤੇ ਮੁਕਟ ਹੈ।

ਹਿੰਦੂ ਪੂਜਾਰੀ ਇਸ ਬਾਰੇ ਇਹ ਕਥਾ ਵੀ ਸਣਾਉਂਦੇ ਨੇ ਕਿ "ਗਾਇਤ੍ਰੀ" ਆਪਣੇ ਰੂਪ ਕਰਕੇ ਹੰਕਾਰ ਗਈ ਤਾਂ ਬ੍ਰਹਮਾ ਨੇ ਸਰਾਪ ਦੇ ਇਸ ਨੂੰ ਗਊ ਦੇ ਰੂਪ ਵਿੱਚ ਬਦਲ ਦਿੱਤਾ। ਜਦ ਇਹ ਲੋਧਾ ਕਿਸਾਨ ਦੇ ਖੇਤ 'ਚ ਜਾ ਵੜੀ ਤਾਂ ਉਸ ਨੇ ਸੋਟਾ ਮਾਰ ਕੇ ਇੱਸ ਦੀ ਇੱਕ ਲੱਤ ਤੋੜ ਦਿੱਤੀ। ਮਿਥਿਹਾਸ ਤੇ ਬ੍ਰਾਹਮਣੀ ਰੰਗ 'ਚ ਰੰਗੇ ਲੋਕ ਇਸ ਕਥਾ ਦਾ ਭਾਵ ਇਹ ਵੀ ਕੱਢਦੇ ਨੇ ਕਿ ਲੋਧਾ ਪਾਪ ਦੇ ਖੇਤ ਦਾ ਨਾਮ ਹੈ। ਪਾਪ ਦੀ ਫਸਲ ਖਾਂਦੀ ਗਾਇਤ੍ਰੀ ਨੂੰ ਵਿਸਿਸ਼ਟ ਨੇ ਸਰਾਪ ਦਾ ਸੋਟਾ ਮਾਰ ਲੰਗੜੀ ਕਰ ਦਿੱਤਾ। ਇਸ ਤ੍ਰਾਂ ਇਹ "ਮੰਤ੍ਰ" ਚਉਪਦਾਂ ਦੇ ਸੰਪੂਰਨ ਸਲੋਕ ਦੀ ਥਾਂ ਕੇਵਲ ਤਿੰਨ ਪਦਾਂ ਦਾ ਤ੍ਰਿਪਦਾ ਰਹਿ ਗਿਆ। ਜਦ ਵਿਸ਼ਵਾਮਿਤ੍ਰ ਰਿਖੀ ਵਿਸਿਸ਼ਟ ਦੇ ਪੁੱਤ੍ਰਾਂ ਨੂੰ ਮਾਰ ਕੇ ਗਾਇਤ੍ਰੀ ਦੇ ਜਾਪ ਦੁਆਰਾ ਪਾਪਾਂ ਤੋਂ ਮੁਕਤ ਹੋ ਰਿਹਾ ਸੀ ਤਾਂ ਰਿਖੀ ਵਿਸਿਸ਼ਟ ਨੇ ਕ੍ਰੋਧ 'ਚ ਸਰਾਪ ਰਾਹੀਂ ਉਸ ਦੀ ਪਾਪ ਦੂਰ ਕਰਨ ਵਾਲੀ ਸ਼ਕਤੀ ਨਾਸ ਕਰ ਦਿੱਤੀ। ਬਾਬਾ ਨਾਮਦੇਵ ਪੁਜਾਰੀ ਪਾਂਡਿਆਂ ਨੂੰ ਸਮਝਾਉਂਦੇ ਨੇ ਕਿ ਤੁਹਾਡੇ ਵਿਸ਼ਵਾਸ਼ ਤੇ ਕਥਨ ਮੁਤਾਬਿਕ ਜਿਹੜੀ ਗਾਇਤ੍ਰੀ ਲੋਧੇ ਜੱਟ ਤੋਂ ਆਪਣੀ ਲੱਤ ਤੁੜਾ ਕੇ ਲੰਗੜੀ ਤੇ ਰਿਸ਼ੀ ਸਰਾਪ ਨਾਲ ਸ਼ਕਤੀਹੀਣ ਹੋਈ ਦੱਸੋ ਉਹ ਤੁਹਾਡੀ ਰੱਖਿਆ ਤੇ ਵਿਕਾਰਾਂ ਤੋਂ ਮੁਕਤ ਕਿਵੇਂ ਕਰੇਗੀ-ਪਾਂਡੇ ਤੁਮਰੀ ਗਾਇਤ੍ਰੀ, ਲੋਧੇ ਕਾ ਖੇਤੁ ਖਾਤੀ ਥੀ॥ ਲੈ ਕਰਿ ਠੇਗਾ ਟਗਰੀ ਤੋਰੀ, ਲਾਂਗਤ ਲਾਂਗਤ ਜਾਤੀ ਥੀ॥ (੮੭੪)

ਬ੍ਰਾਹਮਣੀ ਮਨੌਤ ਕਿ ਮੰਤ੍ਰ ਜਾਪ ਕਰਦਿਆਂ ਦੇਵਤਿਆਂ ਤੇ ਪਿਤ੍ਰਾਂ ਨੂੰ ਹੱਥ ਜਾਂ ਅਰਘ (ਗਊ ਦੇ ਕੰਨ ਵਰਗਾ ਜਲ ਦਾਨ ਕਰਨ ਦੇ ਪਾਤ੍ਰ) ਨਾਲ ਤਰਪਣ ਅਰਪਨ ਕਰਕੇ ਤ੍ਰਿਪਤ ਤੇ ਪ੍ਰਸੰਨ ਕੀਤਾ ਜਾ ਸਕਦਾ ਹੈ। ਇਸੇ ਲਈ ਹਿੰਦੂ ਪ੍ਰਵਾਰ ਅਤੇ ਖ਼ਾਸ ਕਰਕੇ ਬ੍ਰਾਹਮਣ ਵਰਗ ਦੇ ਲੋਕ ਸਵੇਰ ਵੇਲੇ ਗਾਇਤ੍ਰੀ ਮੰਤ੍ਰ ਦਾ ਜਾਪ ਕਰਦੇ ਹੋਏ ਸੂਰਜ ਨੂੰ ਹੱਥ ਜਾਂ ਅਰਘ ਨਾਲ ਜਲ ਦਾਨ ਕਰਦੇ ਹਨ।ਇਹੀ ਕਾਰਨ ਕਿ ਗੁਰੂ ਅਮਰਦਾਸ ਪਾਤਸ਼ਾਹ ਨੇ ਉਪ੍ਰੋਕਤ ਕਿਸਮ ਦੇ ਬਿਪਰਵਾਦੀ ਭਰਮਾਂ ਵਿੱਚ ਫਸੇ ਲੋਕਾਂ ਨੂੰ ਸਮਝਾਉਣ ਦਾ ਯਤਨ ਕੀਤਾ ਕਿ ਤ੍ਰੈਗੁਣੀ ਮਾਇਆ ਦੇ ਪ੍ਰਭਾਵ ਹੇਠ ਗੁਰਮਤਿ ਗਿਆਨ ਤੋਂ ਖੁੰਝ ਕੇ ਦੇਵ-ਪੂਜਾ, ਮੰਤ੍ਰ-ਜਾਪ ਤੇ ਸੂਰਜ ਆਦਿਕ ਕੁਦਰਤੀ ਸ਼ਕਤੀਆਂ ਨੂੰ ਦੇਵਤੇ ਕਲਪ ਕੇ ਅਰਘ ਦੇਣ ਨਾਲ ਕੋਈ ਆਤਮਕ ਤੌਰ 'ਤੇ ਸੁਖੀ ਨਹੀਂ ਹੋ ਸਕਦਾ-ਤ੍ਰੈਗੁਣ ਧਾਤੁ ਬਹੁ ਕਰਮ ਕਮਾਵਹਿ, ਹਰਿ ਰਸ ਸਾਦੁ ਨ ਆਇਆ॥ ਸੰਧਿਆ ਤਰਪਣੁ ਕਰਹਿ ਗਾਇਤ੍ਰੀ, ਬਿਨੁ ਬੂਝੇ ਦੁਖੁ ਪਾਇਆ॥(੬੦੩)

ਗੁਰੂ ਨਾਨਕ ਪਾਤਸ਼ਾਹ ਦਾ ਕਥਨ ਕਿ ਕੁਦਰਤੀ ਮਰਯਾਦਾ ਦੇ ਭੈ ਅਧੀਨ ਸੂਰਜ ਤੇ ਚੰਦ੍ਰਮਾ ਆਦਿਕ ਗ੍ਰਹਿ ਦਿਨ ਰਾਤ ਕਰੋੜਾਂ ਕੋਹ ਦਾ ਸਫਰ ਕਰ ਰਹੇ ਹਨ। ਚੰਦ੍ਰਮਾ ਧਰਤੀ ਦੁਆਲੇ ਤੇ ਧਰਤੀ ਸੂਰਜ ਦੁਆਰੇ ਚੱਕਰ ਕੱਟੀ ਜਾ ਰਹੀ ਅਤੇ ਸੂਰਜ ਵੀ ਆਪਣੇ ਕੇਂਦਰ ਬਿੰਦੂ ਦੁਆਲੇ ਘੁੰਮਦਾ ਹੈ-ਭੈ ਵਿਚਿ ਸੂਰਜੁ, ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥ (੪੬੪) ਭਗਤ ਕਬੀਰ ਅਨੁਸਾਰ ਸੂਰਜ ਤੇ ਚੰਦ ਕੁਦਰਤੀ ਚਾਨਣ ਦੇ ਦੋ ਮੁਖ ਸਰੋਤ ਤੇ ਅਜਿਹੇ ਸਾਰੇ ਕੁਦਰਤੀ ਸ੍ਰੋਤਾਂ ਵਿੱਚ ਰੱਬੀ ਜੋਤ ਦਾ ਨਿਵਾਸ ਹੈ, ਜਿਸ ਕਰਕੇ ਇਹ ਆਪੋ ਆਪਣਾ ਕਰਤਵ ਨਿਭਾ ਰਹੇ ਹਨ-ਸੂਰਜ ਚੰਦੁ ਕਰਹਿ ਉਜੀਆਰਾ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ॥ (੩੨੯) ਅਜਿਹੇ ਵਿਗਿਆਨਕ ਦ੍ਰਿਸ਼ਟੀਕੋਨ ਕਰਕੇ ਹੀ ਕਬੀਰ ਜੀ ਨੂੰ ਕਿਸੇ ਗਾਇਤ੍ਰੀ ਜਾਪਕ ਪਾਂਡੇ ਨੂੰ ਕਹਿਣਾ ਪਿਆ ਸੀ ਕਿ ਤੁਸੀਂ ਵੇਦਾਂ ਦਾ ਪਾਠ ਤੇ ਗਾਇਤ੍ਰੀ ਦਾ ਜਾਪ ਕਰਦੇ ਹੋ ਪਰ ਹੁਣ ਅਸੀਂ ਤੁਹਾਡੇ ਵਾੜੇ ਦੀਆਂ ਗਊਆਂ ਨਹੀਂ ਰਹੇ। ਇਸ ਲਈ ਹੁਣ ਸਾਨੂੰ ਅਜਿਹੀ ਪ੍ਰੇਰਨਾ ਕਰਨ ਦੀ ਲੋੜ ਨਹੀਂ ਕਿਉਂਕਿ ਸਾਡੇ ਹਿਰਦੇ 'ਚ ਇੱਕ ਗੋਬਿੰਦ ਵਸਦੈ-ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ॥ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ॥(੪੮੨)

ਕਿਸੇ ਹੱਦ ਤੱਕ ਇਹ ਤਾਂ ਮੰਨਿਆਂ ਜਾ ਸਕਦੈ ਕਿ ਪ੍ਰਕਾਸ਼ ਰੂਪ ਸੂਰਜ ਸਾਨੂੰ ਜਿਵਾਉਂਦਾ ਤੇ ਦੁੱਖ ਹਰਦੈ ਕਿਉਂਕਿ ਸੂਰਜ ਰਾਹੀਂ ਸਾਰੇ ਜੀਅ-ਜੰਤਾਂ ਤੇ ਬਨਾਸਪਤੀ ਆਦਿਕ ਨੂੰ ਜੀਵਨ ਦਾ ਨਿੱਘ ਮਿਲਦੈ। ਸੂਰਜ ਕਿਰਨਾਂ ਦੇ ਨਿੱਘ ਨਾਲ ਫਸਲ ਤੇ ਫਲ ਪੱਕਦੇ ਹਨ। ਜੀਵਾਂ ਨੂੰ ਵਿਟਾਮਿਨ ਡੀ ਮਿਲਦੈ ਜੋ ਹੱਡੀਆਂ ਨੂੰ ਮਜ਼ਬੂਤ ਕਰਦਾ ਹੋਇਆ ਚੇਤੰਨਤਾ ਵਧਾਉਂਦਾ ਹੈ। ਇਸੇ ਲਈ ਮਨੁੱਖ ਤੇ ਪਸ਼ੂ ਪੰਛੀਆਂ ਸਮੇਤ ਸਾਰੇ ਜੀਵ ਧੁੱਪ ਸੇਕਣ ਦਾ ਯਤਨ ਕਰਦੇ ਵੇਖੇ ਜਾ ਸਕਦੇ ਹਨ। ਸੂਰਜ ਦਾ ਦੂਜਾ ਪੱਖ ਇਹ ਦੁੱਖ ਦਾਤਾ ਵੀ ਬਣ ਜਾਂਦੈ ਕਿਉਂਕਿ ਇਸ ਦੀਆਂ ਵਧੇਰੇ ਸਮੇਂ ਦੀਆਂ ਤੇਜ਼ ਕਿਰਨਾਂ ਜੀਵਾਂ ਦੀ ਚਮੜੀ 'ਚ ਕੈਂਸਰ ਰੋਗ ਦਾ ਕਾਰਨ ਬਣ ਜਾਂਦੀਆਂ ਹਨ।

**ਨੋਟ-** ਗਾਇਤ੍ਰੀ ਮੰਤ੍ਰ ਦੇ ਇਸ ਭਾਗ ਨੂੰ ਕਿਸੇ ਪੱਖੋਂ ਵੀ ਸੱਚ ਨਹੀ ਮੰਨਿਆਂ ਜਾ ਸਕਦਾ ਕਿ ਸੂਰਜ ਦੇਵਤਾ ਬੇਨਤੀ ਕਰਨ ਯੋਗ ਤੇ ਸਾਨੂੰ ਉਸ ਦੇ ਮਹਿਮਾ-ਜਨਕ ਮੰਤ੍ਰਾਂ ਦਾ ਜਾਪ ਕਰਦਿਆਂ ਉਸ ਦਾ ਧਿਆਨ ਧਰਨਾ ਚਾਹੀਦੈ ਕਿ ਉਹ ਸਾਡੀ ਰੱਖਿਆ ਕਰਦਾ ਹੈ। ਵਿਗਿਆਨ ਨੇ ਤਾਂ ਹੁਣ ਮਨੁੱਖ ਨੂੰ ਅਖੀਂ ਵਿਖਾ ਕੇ ਸਿੱਧ ਕਰ ਦਿੱਤੈ ਕਿ ਅੱਗ ਦਾ ਗੋਲਾ ਸੂਰਜ ਤੇ ਚੰਦ੍ਰਮਾ ਵੀ ਸਾਡੀ ਧਰਤੀ ਵਾਂਗ ਜੜ੍ਹ ਵਸਤੂ ਤੇ ਉਨ੍ਹਾਂ 'ਚ ਕਿਸੇ ਦੇ ਦੁੱਖ-ਦਰਦ ਨੂੰ ਅਨੁਭਵ ਕਰਨ ਜਾਂ ਅਰਦਾਸ ਆਦਿਕ ਸੁਣਨ ਦੀ ਚੇਤੰਨਤਾ ਨਹੀਂ ਹੈ। ਇਸੇ ਲਈ ਜਗਤ ਗੁਰੂ ਬਾਬੇ ਨਾਨਕ ਨੇ ਵਾਰ ਵਾਰ ਸਮਝਾਉਂਦਿਆਂ ਦਰਸਾਇਆਂ ਕਿ ਕੁਦਰਤੀ ਸ਼ਕਤੀਆਂ ਨੂੰ ਦੇਵੀ ਦੇਵਤਿਆਂ ਦੇ ਰੂਪ 'ਚ ਮੂਰਤੀਆਂ ਬਣਾ ਪੂਜਣਾ ਵੱਡੀ ਅਗਿਆਨਤਾ ਹੈ। ਐਸੀਆਂ ਜੜ ਵਸਤੂਆਂ ਕਿਸੇ ਨੂੰ ਕੁੱਝ ਦੇਣ-ਲੈਣ ਦੀ ਸਮਰੱਥਾ ਨਹੀਂ ਰੱਖਦੀਆਂ ਸਗੋਂ ਇਹ ਪੱਥਰਾਂ ਦੇ ਘੜੇ ਦੇਵੀ ਦੇਵਤਾ ਪਾਣੀ ਵਿੱਚ ਡੁੱਬ ਜਾਂਦੇ ਨੇ ਫਿਰ ਉਹ ਪੂਜਾਰੀਆਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਿਵੇਂ ਕਰਨਗੇ-ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥ਪਾਹਣੁ ਨੀਰਿ ਪਖਾਲੀਐ, ਭਾਈ ਜਲ ਮਹਿ ਬੂਡਹਿ ਤੇਹਿ॥(੬੩੭)

ਸਿੱਟਾ ਇਹ ਨਿਕਲਿਆ ਕਿ ਮੰਨੀ ਗਈ ਗਊ-ਗਾਇਤ੍ਰੀ ਕੋਈ ਸ਼ਕਤੀ ਨਹੀਂ ਸਗੋਂ ਚਲਾਕ ਬ੍ਰਾਹਮਣਾ ਵੱਲੋਂ ਪੇਟ ਪੂਰਤੀ ਤੇ ਡਰਾਵੇ ਲਈ ਘੜੀ ਗਈ ਕਹਾਣੀ ਹੈ। ਜੇ ਕਿਸੇ ਮੰਤ੍ਰ ਜਾਪ ਨਾਲ ਕਿਸੇ ਦਾ ਨੁਕਸਾਨ ਹੁੰਦਾ ਤਾਂ ਗਾਇਤ੍ਰੀ ਆਦਿਕ ਮੰਤ੍ਰਾਂ ਦਾ ਜਾਪ ਕਰਦੇ ਹਿੰਦੂ ਸਾਧਾਂ ਸੰਤਾਂ ਤੇ ਬ੍ਰਾਹਮਣਾ ਦਾ ਬਾਬਰ ਦੀਆਂ ਫੌਜਾਂ ਵਾਲ ਵਿੰਗਾ ਨਾ ਕਰ ਸਕਦੀਆਂ।

ਇਹ ਅੰਧਵਿਸ਼ਵਾਸ਼ੀ ਮੰਤ੍ਰ ਹਿੰਦ ਨੂੰ ਮੁਗਲਾਂ ਦੀ ਗੁਲਾਮੀ ਤੋਂ ਨਾਂ ਬਚਾ ਸੱਕੇ ਸਗੋਂ ਯੱਗਾਂ ਵਿੱਚ ਲੱਖਾਂ ਕਰੋੜਾਂ ਮੁੱਲ ਦੇ ਪਦਾਰਥਾਂ ਨੂੰ ਸਮੱਗਰੀ ਦੇ ਨਾਂ ਤੇ ਫੂਕਿਆ ਤੇ ਨਿਰਦੋਸ਼ ਜੀਵਾਂ ਦੀਆਂ ਬਲੀਆਂ ਦਿੱਤੀਆਂ ਗਈਆਂ ਤੇ ਅੱਜ 21ਵੀਂ ਸਦੀ ਚ ਵੀ ਦਿੱਤੀਆਂ ਜਾ ਰਹੀਆਂ ਹਨ।

ਗੁਰਮਤਿ 'ਚ ਮੰਤ੍ਰ ਦਾ ਅਰਥ ਉਪਦੇਸ਼ ਹੈ ਜੋ ਸੁਣ ਕਮਾ ਕੇ ਸੇਧ ਲੈਣ ਲਈ ਹੁੰਦੈ ਨਾ ਕਿ ਅੰਨ੍ਹੇਵਾਹ ਤੋਤਾ ਰਟਨੀ ਕਰਦੇ ਆਪਣਾ ਤੇ ਦੂਜਿਆਂ ਦਾ ਸਮਾਂ ਬਰਬਾਦ ਕਰਨ ਲਈ। ਸ਼ਬਦ ਗੁਰੂ ਗ੍ਰੰਥ ਦੀ ਬਾਣੀ 'ਚ ਇਹ ਮਿਥਿਹਾਸਕ ਹਵਾਲੇ ਪ੍ਰਚੱਲਤ ਦੰਦ ਕਥਾਵਾਂ ਦੇ ਅੰਧਵਿਸ਼ਵਾਸ਼ੀ ਲੋਕਾਂ ਨੂੰ ਸਮਝਾਂਉਣ ਲਈ ਵਰਤੇ ਗਏ ਨਾ ਕਿ ਮਿਥਾਂ ਦੀ ਪ੍ਰੋੜਤਾ ਕਰਨ ਲਈ। ਪ੍ਰਚਤਲਿਤ ਕਥਾ ਅਨੁਸਾਰ ਬਾਬਾ ਨਾਮਦੇਵ ਨੇ ਜਿਸ ਸ਼ਬਦ 'ਚ ਗਾਇਤ੍ਰੀ ਦਾ ਜਿਕਰ ਕੀਤੈ ਉਸ ਸ਼ਬਦ ਦਾ ਮੁੱਖ ਭਾਵ ਹੈ-ਆਜ ਨਾਮੇ ਬੀਠਲ ਦੇਖਿਆ ਮੂਰਖ ਕੋ ਸਮਝਾਊ ਰੇ॥ਰਹਾਉ॥(ਸ਼ਬਦ ਗੁਰੂ) ਨਾਮਦੇਵ ਨੇ ਸਰਬਨਿਵਾਸੀ ਪ੍ਰਭੂ ਦੇ ਦਰਸ਼ਨ ਕਰ ਲਏ ਪਰ ਮੂਰਖ ਪਾਂਡੇ! ਤੂੰ ਪੇਟ ਪੂਰਤੀ ਲਈ ਮੰਤ੍ਰ ਜਾਪ ਕਰਦਾ ਤੇ ਗਾਇਤ੍ਰੀ ਵਰਗੀਆਂ ਅਣਹੋਣੀਆਂ ਕਹਾਣੀਆਂ ਘੜ ਅੰਧਵਿਸ਼ਵਾਸ਼ ਹੀ ਫਲਾਉਂਦਾ ਰਿਹਾ।

# ਮਾਂ-ਦਿਵਸ ਤੇ ਵਿਸ਼ੇਸ਼ ਅਤੇ ਸਮੁੱਚੀਆਂ ਮਾਵਾਂ

**ਅਵਤਾਰ ਸਿੰਘ ਮਿਸ਼ਨਰੀ**

ਕੀ ਮਾਵਾਂ ਇਕੱਲੀਆਂ ਮਨੁੱਖੀ ਹੀ ਹਨ? ਉੱਤਰ ਨਹੀਂ ਸਗੋਂ ਸਮੁੱਚੇ ਸੰਸਾਰੀ ਜੀਵਾਂ ਨੂੰ ਜਨਮ ਦੇਣ ਵਾਲੀਆਂ ਸਭ ਮਾਵਾਂ ਹੀ ਹਨ। ਸਭ ਤੋਂ ਵੱਡੀ ਪਸ਼ੂ, ਪੰਛੀ ਤੇ ਮਨੁੱਖ ਆਦਿਕ ਸਭ ਵਰਗਾਂ ਵਿੱਚ ਮਾਵਾਂ ਹਨ। ਸੰਸਾਰ ਪੈਦਾ ਕਰਨ ਵਾਲੀ ਪਰਮ ਸ਼ਕਤੀ ਰੱਬ ਅਤੇ ਧਰਤੀ ਸਭ ਤੋਂ ਵੱਡੀ ਮਾਤਾ ਹੈ-ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ (ਬਾਬਾ ਨਾਨਕ) ਬਾਂਦਰੀ 'ਚ ਏਨੀ ਮਮਤਾ ਹੈ ਕਿ ਉਹ ਮਰੇ ਬੱਚੇ ਨੂੰ ਵੀ ਛਾਤੀ ਨਾਲ ਲਾਈ ਫਿਰਦੀ ਹੈ। ਮਾਂ ਦਿਵਸ ਤਾਂ ਤਦ ਤੋਂ ਹੀ ਮੰਨਿਆਂ ਜਾ ਸਕਦੈ ਜਦ ਤੋਂ ਸੰਸਾਰ ਤੇ ਸੰਸਾਰੀ ਜੀਵ ਹੋਂਦ 'ਚ ਆਏ ਹਨ। ਪਹਿਲੀ ਮਾਂ ਰੱਬੀ ਕੁਦਰਤਿ ਜਿਸ ਅਸੀਂ ਸਭ ਬੱਚੇ ਹਾਂ-ਤੁਮ ਪਾਤ ਪਿਤਾ ਹਮ ਬਾਰਿਕ ਤੇਰੇ॥(੨੬੮) ਵੈਸੇ ਅਜੋਕਾ ਪ੍ਰਚਲਿਤ ਮਾਂ ਦਿਵਸ ੧੯੦੮ ਤੋਂ ਹੋਂਦ ਵਿਚ ਆਇਆ। ਮਾਂ ਆਦਿ ਕਾਲ ਤੋਂ ਹੀ ਤਿਆਗ, ਮਮਤਾ ਅਤੇ ਪਿਆਰ ਦਾ ਰੂਪ ਤੇ ਇਸੇ ਸਤਿਕਾਰ ਵਿੱਚ 'ਮਾਂ ਦਿਵਸ' ਮਨਾਇਆ ਜਾਂਦਾ ਹੈ।

੧੦ ਮਈ ੧੯੦੮ ਨੂੰ ਗਰਾਟਨ 'ਚ "ਐਂਡ੍ਰਿਊਸ ਮੈਥੋਡਿਸਟ" ਨਾਮੀ ਚਰਚ ਨੇ ਸਭ ਤੋਂ ਪਹਿਲਾਂ "ਮਦਰਸ ਡੇ" ਮਨਾਇਆ। ਨੌਂ ਮਈ ੧੯੧੪ ਨੂੰ ਅਮਰੀਕੀ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਅਮਰੀਕਾ 'ਚ "ਮਦਰਸ ਡੇ" ਨੂੰ ਰਾਸ਼ਟਰੀ ਦਿਨ ਐਲਾਨਿਆ। ਉਨ੍ਹਾਂ ਨੇ ਕਿਹਾ ਕਿ ਇਹ ਦਿਨ ਯੁੱਧ 'ਚ ਸ਼ਹੀਦ ਹੋਏ ਪੁੱਤਰਾਂ ਦੀਆਂ ਮਾਵਾਂ ਨੂੰ ਸਨਮਾਨ ਦੇਣ, ਦੇਸ਼ ਦੀਆਂ ਸਭ ਮਾਵਾਂ ਪ੍ਰਤੀ ਇੱਜ਼ਤ ਅਤੇ ਪਿਆਰ ਦੀ ਭਾਵਨਾ ਜਤਾਉਣ ਲਈ ਮਨਾਇਆ ਜਾਵੇਗਾ। ਸੰਨ ੧੯੧੧ ਤੱਕ ਇਹ ਦਿਨ ਅਮਰੀਕਾ 'ਚ ਹੀ ਨਹੀਂ, ਸਗੋਂ ਮੈਕਸੀਕੋ, ਕੈਨੇਡਾ, ਸਾਊਥ ਅਮਰੀਕਾ, ਚੀਨ, ਜਾਪਾਨ ਅਤੇ ਅਫ਼ਰੀਕਾ ਆਦਿ 'ਚ ਵੀ ਮਨਾਇਆ ਜਾਣ ਲੱਗ ਪਿਆ।ਵਿਸ਼ਵੀਕਰਨ ਕਾਰਨ ਲਗਭਗ ਦਸ ਸਾਲਾਂ ਤੋਂ ਇਹ ਪੱਛਮੀ ਦੇਸ਼ਾਂ ਦਾ ਤਿਓਹਾਰ ਇੰਡੀਆ 'ਚ ਵੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

ਇਸ ਤਿਓਹਾਰ ਦੀ ਸਫ਼ਲਤਾ ਦਾ ਕਾਰਨ ਮਾਂ ਨਾਲ ਜੁੜੀਆਂ ਭਾਵਨਾਵਾਂ ਹਨ। ਮਾਵਾਂ ਨੂੰ ਤਾਂ ਭਾਰਤ 'ਚ ਪਹਿਲਾਂ ਹੀ ਕਈ ਰੂਪਾਂ 'ਚ ਪੂਜਿਆ ਜਾਂਦਾ ਹੈ। ਇਹ ਤਿਓਹਾਰ ਸਾਨੂੰ ਸੋਚਣ ਲਈ ਮਜਬੂਰ ਕਰਦੈ ਕਿ ਮਾਂ ਦਾ ਸਾਡੇ ਜੀਵਨ 'ਚ ਕੀ ਮਹੱਤਵ ਹੈ। ਮਾਂ ਨੇ ਸਾਨੂੰ ਜਨਮ ਦਿੱਤਾ ਤੇ ਬਿਨਾ ਕਿਸੇ ਸਵਾਰਥ ਸਾਡਾ ਪਾਲਣ ਪੋਸ਼ਣ ਕੀਤਾ। ਮਾਂ ਤੋਂ ਵੀ ਵਧੇਰੇ ਮਹਾਨ ਉਸ ਦੀ ਮਮਤਾ ਜੋ ਕਦੇ ਖਤਮ ਨਹੀਂ ਹੁੰਦੀ। ਮਾਂ ਇੱਕ ਅਜਿਹਾ ਰਿਸ਼ਤਾ ਜਿਸ 'ਤੇ ਬੱਚਾ ਅੱਖਾਂ ਮੀਟ ਕੇ ਵਿਸ਼ਵਾਸ ਕਰ ਸਕਦਾ ਹੈ। ਅੱਜ ਦੀ ਮਾਂ ਪਹਿਲਾਂ ਨਾਲੋਂ ਕਿਤੇ ਅਧੁਨਿਕ ਅਤੇ ਮਜ਼ਬੂਤ ਹੈ। ਭਾਵੇਂ ਮਾਵਾਂ ਦੇ ਜੀਵਨ 'ਚ ਜ਼ਮੀਨ ਅਸਮਾਨ ਦਾ ਫ਼ਰਕ ਆਇਐ ਪਰ ਮਮਤਾ ਅੱਜ ਵੀ ਓਹੀ ਹੈ।

ਇਸ ਦਿਨ ਬੱਚੇ ਆਪਣੀਆਂ ਮਾਵਾਂ ਨੂੰ ਫੁੱਲਾਂ ਦੇ ਗੁਲਦਸਤੇ ਆਦਿਕ ਤੋਹਿਫੇ ਦੇ ਪਆਰ ਸਤਿਕਾਰ ਦੀਆਂ ਭਾਵਨਾਵਾਂ ਪ੍ਰਗਟ ਕਰਦੇ ਹਨ। ਕੁੱਝ ਬੱਚੇ ਆਪਣੀ ਮਾਂ ਨੂੰ ਇਸ ਦਿਨ ਰਸੋਈ ਤੋਂ ਛੁੱਟੀ ਦੇ ਦਿੰਦੇ ਅਤੇ ਮਾਂ ਲਈ ਸੁਆਦੀ ਪਕਵਾਨ ਬਣਾਉਂਦੇ ਹਨ। ਕੁੱਝ ਲੋਕ ਇਸ ਦਿਨ ਘਰਾਂ ਨੂੰ ਖ਼ੂਬ ਸਜਾਉਂਦੇ ਅਤੇ ਕੇਕ ਵੀ ਕੱਟਦੇ

(ਬਾਕੀ ਸਫਾ 21 'ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਮਾਂ ਖੇਡ ਕਬੱਡੀ ਨੂੰ ਉਤਸ਼ਾਹਿਤ ਕਰਨ ਲਈ ਬੇਏਰੀਆ ਸਪੋਰਟਸ ਕਲੱਬ ਦੀ ਹੋਈ ਭਰਪੂਰ ਸ਼ਲਾਘਾ

## ਸਪਾਂਸਰਾਂ ਤੇ ਸਹਿਯੋਗੀਆਂ ਨੂੰ ਮਾਣ ਸਨਮਾਨ ਦੇ ਨਾਲ ਦਿੱਤਾ ਗਿਆ ਡਿਨਰ

**ਯੂਨੀਅਨ ਸਿਟੀ –** ਕਬੱਡੀ ਦੇ ਖੇਤਰ ਵਿਚ ਨਾਮਣਾ ਖੱਟਣ ਅਤੇ ਉੱਤਰੀ ਅਮਰੀਕਾ ਵਿਚ ਲਗਾਤਾਰ ਜਿੱਤਾਂ ਦੀ ਝੰਡੀ ਨਾਲ ਬੇਹੱਦ ਸਤਿਕਾਰ ਹਾਸਲ ਕਰਨ ਵਾਲੇ ਬੇਏਰੀਆ ਸਪੋਰਟਸ ਕਲੱਬ ਵਲੋਂ ਲੰਘੇ ਸ਼ੁੱਕਰਵਾਰ ਨੂੰ ਇੱਥੇ ਰਾਜਾ ਸਵੀਟਸ ਵਿਖੇ ਆਪਣੇ ਸਹਿਯੋ-ਗੀਆਂ ਅਤੇ ਸਪਾਂ-ਸਰਾਂ ਦੇ ਮਾਣ ਸਨਮਾਨ, ਸਤਿਕਾਰ ਅਤੇ ਵਰਤਮਾਨ ਕਬੱਡੀ ਦੀਆਂ ਪ੍ਰਸਥਿਤੀਆਂ 'ਤੇ ਵਿਚਾਰ ਚਰਚਾ ਲਈ ਇਕ ਵਿਸ਼ੇਸ਼ ਡਿਨਰ ਸਮਾਗਮ ਦਾ ਅਯੋਜਨ ਕੀਤਾ ਗਿਆ। ਜਿਸ ਵਿਚ ਵੱਡੀ ਗਿਣਤੀ 'ਚ ਕਬੱਡੀ ਪ੍ਰੇਮੀ ਤੇ ਹਮਦਰਦ ਵੀ ਸ਼ਾਮਿਲ ਹੋਏ। ਇਸ ਮੌਕੇ 'ਤੇ ਬੋਲਦਿਆਂ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਬੱਡੀ ਖਿਡਾਰੀ ਅਤੇ ਬੇਏਰੀਆ ਸਪੋਰਟਸ ਕਲੱਬ ਦੇ ਕੋ-ਫਾਊਂਡਰ ਅਤੇ ਚੋਣਕਾਰ ਤੀਰਥ ਗਾਖਲ ਨੇ ਬੋਲਦਿਆਂ ਕਿਹਾ ਕਿ ਬੇਏਰੀਆ ਸਪੋਰਟਸ ਕਲੱਬ ਆਪਣੀ ਇਕ ਥਾਂ ਰੱਖਦਾ ਹੈ। ਸਭ ਤੋਂ ਵੱਡੀ ਮਾਣ ਵਾਲੀ ਗੱਲ ਹੈ ਕਿ ਦੁਨੀਆਂ ਭਰ ਦੇ ਧਨੰਤਰ ਕਬੱਡੀ ਖਿਡਾਰੀ ਇਸ ਕਲੱਬ ਲਈ ਖੇਡ ਰਹੇ ਹਨ ਅਤੇ ਖੇਡਦੇ ਆਏ ਹਨ। ਉਨ੍ਹਾਂ ਇਸ ਕਲੱਬ ਲਈ ਸ਼ੁੱਭਕਾਮਨਾਵਾਂ ਭੇਟ ਕਰਦਿਆਂ ਕਿਹਾ ਕਿ ਹਾਲੇ ਹੋਰ ਵੀ ਨਵੀਆਂ ਪ੍ਰਾਪਤੀਆਂ ਦਾ ਇਤਿਹਾਸ ਜੁੜੇਗਾ। ਬੇਏਰੀਆ ਸਪੋਰਟਸ ਕਲੱਬ ਦੇ ਰੂਹੇ ਰਵਾਂ ਬਲਜੀਤ ਸਿੰਘ ਸੰਧੂ ਨੇ ਕਲੱਬ ਦੇ ਇਤਿਹਾਸ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ 2006 ਵਿਚ ਇਸ ਕਲੱਬ ਦੀ ਸਥਾਪਨਾ ਕੀਤੀ ਗਈ ਸੀ। ਤਕਰੀਬਨ 12 ਵਰ੍ਹਿਆਂ ਦੇ ਵਕਫੇ ਵਿਚ ਵਿਸ਼ਵ ਭਰ ਦੇ ਕਬੱਡੀ ਖੇਤਰ ਵਿਚ ਬੇਏਰੀਆ ਸਪੋਰਟਸ ਕਲੱਬ ਦਾ ਨਾਮ ਹੈ, ਇਹ ਸਾਰਾ ਕੁਝ ਸਹਿਯੋਗੀਆਂ ਅਤੇ ਸਪਾਂਸਰਾਂ ਕਰਕੇ ਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਵਕਤ ਦੇ ਨਾਲ ਹਾਂ ਅਤੇ ਕਬੱਡੀ ਫੈਡਰੇਸ਼ਨਾਂ ਦਾ ਸਤਿਕਾਰ ਕਰਦੇ ਹਾਂ। ਪਰ ਬੁਰੇ ਵਕਤ 'ਚ ਖਿਡਾਰੀਆਂ ਨੂੰ ਵੀ ਗਲ ਨਾਲ ਲਾ ਕੇ ਰੱਖਣ ਦੀ ਜ਼ਰੂਰਤ ਹੈ। ਕਲੱਬ ਹਾਲੇ ਦਹਾਕਿਆਂ ਤੱਕ ਕਬੱਡੀ ਨੂੰ ਨਵੀਆਂ ਲੀਹਾਂ ਪ੍ਰਦਾਨ ਕਰਨ ਲਈ ਯਤਨਸ਼ੀਲ ਰਹੇਗਾ। ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਦੇ ਸੰਚਾਲਕ ਰਣਧੀਰ ਸਿੰਘ ਧੀਰਾ ਨਿੱਝਰ ਨੇ ਕਿਹਾ ਕਿ ਸਾਡਾ ਮਾਣ ਸਤਿਕਾਰ ਵੀ ਖਿਡਾਰੀਆਂ ਕਰਕੇ ਹੀ ਹੈ। ਇਹ ਨਹੀਂ ਕਿ ਜੇ ਬੁਰਾ ਵਕਤ ਹੈ ਤਾਂ ਉਨ੍ਹਾਂ ਦਾ ਸਾਥ ਛੱਡਿਆ ਜਾਵੇ। ਅਸੀਂ ਨਸ਼ਾ ਮੁਕਤ ਤੇ ਸਾਫ ਸੁਥਰੀ ਕਬੱਡੀ ਦੇ ਹੱਕ ਵਿਚ ਵੀ ਹਾਂ ਅਤੇ ਖਿਡਾਰੀਆਂ ਦੇ ਨਾਲ ਵੀ ਖੜ੍ਹੇ ਹਾਂ। ਉਨ੍ਹਾਂ ਦੁੱਖ ਜ਼ਾਹਿਰ ਕੀਤਾ ਕਿ ਕਬੱਡੀ ਦੇ ਧਨੰਤਰ ਖਿਡਾਰੀਆਂ ਤੇ ਦਾਗੀ ਹੋਣ ਦੇ ਦੋਸ਼ ਲੱਗੇ ਹਨ। ਯੂਨਾਈਟਡ ਸਪੋਰਟਸ ਕਲੱਬ ਦੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਨੇ ਪਿਛਲੇ ਤਿੰਨ ਸਾਲਾਂ ਤੋਂ ਬੇਏਰੀਆ ਸਪੋਰਟਸ ਕਲੱਬ ਵਲੋਂ ਕਬੱਡੀ ਕੱਪ ਜਿੱਤਣ 'ਤੇ ਬੇਏਰੀਆ ਸਪੋਰਟਸ ਕਲੱਬ ਅਤੇ ਸੰਧੂ ਭਰਾਵਾਂ ਨੂੰ ਸ਼ੁੱਭ ਕਾਮਨਾਵਾਂ ਭੇਟ ਕੀਤੀਆਂ ਅਤੇ ਕਲੱਬ ਦੇ ਹਰ ਤਰ੍ਹਾਂ ਦੇ ਸਹਿਯੋਗ ਦਾ ਵਾਅਦਾ ਵੀ ਕੀਤਾ। ਬੇਏਰੀਆ ਸਪੋਰਟਸ ਕਲੱਬ ਦੇ ਚੇਅਰਮੈਨ ਚਰਨਜੀਤ ਸਿੰਘ ਸੰਧੂ, ਮੈਨੇਜਰ ਸੁਖਜੀਤ ਸਿੰਘ ਸੰਧੂ, ਪ੍ਰਧਾਨ ਦਿਲਬਾਗ ਸਿੰਘ ਤੋਂ ਸਿਵਾ ਮੰਗਲ ਢਿੱਲੋਂ,



ਸੁਰਿੰਦਰ ਸਿੰਘ ਉੱਪਲ ਜਨਰਲ ਸਕੱਤਰ, ਕੁਲਵੀਰ ਦੁਸਾਂਝ, ਸਰਪ੍ਰਸਤ ਮੱਖਣ ਸਿੰਘ ਬੈਂਸ, ਡਾ. ਬਲਜਿੰਦਰ ਗਰੇਵਾਲ, ਜੱਸੀ ਢੰਡਵਾੜ, ਕੁਲਦੀਪ ਢੰਡਵਾੜ, ਚਰਨਜੀਤ ਸਿੰਘ ਦਾਖਾ, ਬਲਜੀਤ ਚੁਪਕਾ, ਲਵਪ੍ਰੀਤ ਪੰਨੂੰ, ਕੁਲਵਿੰਦਰ ਸੁਪਰਾ, ਸ਼ਾਹਕੋਟ ਲਾਇਨਜ਼ ਦੇ ਅਮਰੀਕਾ ਵਿਚ ਸਪਾਂਸਰ ਸੰਧੂ ਬ੍ਰਦਰਜ਼, ਐੱਸ.ਐੱਸ. ਟਰੱਕਿੰਗ ਦੇ ਸੁਖਜੀਤ ਸੰਧੂ, ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਦੇ ਧੀਰਾ ਨਿੱਝਰ, ਅਮੋਲਕ ਸਿੰਘ ਗਾਖਲ, ਨੰਗਲ ਅੰਬੀਆਂ ਕੱਪ ਲਈ ਦੂਜਾ ਇਨਾਮ ਦੇਣ ਵਾਲੇ ਹੈਪੀ ਵਰਿਆਣਾ, ਬਿੱਟੂ ਰੰਧਾਵਾ, ਤਰਲੋਚਨ ਅਟਵਾਲ, ਗੋਲਡੀ ਲਾਲੀ ਅਤੇ ਹੈਰੀ ਸੰਘਾ, ਦਵਿੰਦਰ ਚੰਨਾ, ਸੁਰਿੰਦਰ ਸੰਧੂ ਯੂ.ਕੇ, ਜਤਿੰਦਰ ਭੰਗੂ, ਸੁਰਜੀਤ ਸੰਧੂ ਐੱਸ.ਐੱਸ.ਪੀ., ਕੁਲਦੀਪ ਸਿੰਘ ਕੂਕੂ, ਰਘਬੀਰ ਬਰਾੜ, ਮੀਕਾ ਕਾਲੜਾ, ਪਵਨ ਟਾਂਡਾ, ਬਲਵੀਰ ਪਰਮਾਰ, ਬਲਕਾਰ ਜਮਸ਼ੇਰ, ਇਕਬਾਲ ਸਿੰਘ, ਰਵੀ ਨਾਗਰਾ, ਬਿੰਦਰ ਨਾਗਰਾ, ਅਮਰਜੀਤ ਸੱਗੂ, ਹੈਪੀ ਗੁਰਮ, ਤਨੂੰ ਗੁਰਮ, ਗੁਰਚਰਨ ਚੰਦੀ, ਬਲਜੀਤ ਸੱਲ੍ਹ, ਕੇਵਿਨ ਸੰਧੂ, ਹਰਜਿੰਦਰ ਦਿਆਲ, ਅਜੀਤ ਸਿੰਘ ਗਰੇਵਾਲ, ਭੁਪਿੰਦਰ ਸਿੰਘ ਪੰਨੂੰ, ਕੋਕਾ ਤੰਦੂ ਰੈਸਟੋਰੈਂਟ, ਭਿੰਦਾ ਵਿਰਕ, ਬਲਵਿੰਦਰ ਬਾਜਵਾ (ਲੀਗਲ ਅਡਵਾਈਜ਼ਰ), ਜਸਵਿੰਦਰ ਸਿੰਘ ਸਿੱਧੂ (ਟਰੇਸੀ), ਭੁਪਿੰਦਰ ਸਿੰਘ ਸਿੱਧੂ (ਟਰੇਸੀ), ਬਲਿਹਾਰ ਸਿੰਘ, ਮੋਹਣਾ ਯੋਧਾ (ਅਸਿਸਟੈਂਟ ਕੋਚ), ਜਸਵਿੰਦਰ ਸਿੰਘ ਯੂਨੀਅਨ ਸਿਟੀ, ਸੰਧੂ ਬ੍ਰਦਰਜ਼ ਟਰੇਸੀ, ਜਸਵਿੰਦਰ ਸਿੰਘ ਯੂਨੀਅਨ ਸਿਟੀ, ਸੰਧੂ ਬ੍ਰਦਰਜ਼ ਟਰੇਸੀ, ਹਰਦੇਵ ਚੰਨਾ ਹੈਨੀਮੈਂਨ, ਰਾਮ ਸ਼ਰਮਾ, ਬਲਦੇਵ ਸਿੰਘ ਨਿੱਝਰ, ਮਾਣਾ ਨਾਰੰਗਪੁਰੀਆ, ਜਸਵੀਰ ਗੜੇ, ਢੰਡਵਾੜ ਬ੍ਰਦਰਜ਼ ਟੋਇੰਗ, ਕਿੰਦਾ ਰੁੜਕਾ, ਤਿੰਦਾ ਰੁੜਕਾ, ਪਾਲ ਸਿੰਘ ਰੀਨੋ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਪੰਜਾਬੀਆਂ ਦੀ ਮਾਂ ਖੇਡ ਕਬੱਡੀ ਲਈ ਇਕ ਸਾਰਥਿਕ ਇਕੱਠ ਸੀ ਤੇ ਕਬੱਡੀ ਦੇ ਚੰਗੇ ਭਵਿੱਖ ਲਈ ਸਾਰਿਆਂ ਦੀ ਇਕਮੁੱਠ ਰਾਏ ਇਹ ਸੀ ਕਿ ਕਬੱਡੀ ਨੂੰ ਉਲਾਂਭਿਆਂ 'ਤੇ ਨਿਹੋਰਿਆਂ ਤੋਂ ਮੁਕਤ ਕਰਾ ਕੇ ਸਿਹਤਮੰਦ ਮੰਚ ਪ੍ਰਦਾਨ ਕੀਤਾ ਜਾਵੇ ਤਾਂ ਜੋ ਪੰਜਾਬੀਆਂ ਦੀ ਇਹ ਖੇਡ ਯੁਗਾਂ ਤੱਕ ਜਿਉਂਦੀ ਵਸਦੀ ਰਹੇ। ਆਏ ਮਹਿਮਾਨਾਂ 'ਤੇ ਸਹਿਯੋਗੀਆਂ ਲਈ ਖਾਣੇ ਦਾ ਪ੍ਰਬੰਧ ਰਾਜਾ ਸਵੀਟਸ ਵਲੋਂ ਕੀਤਾ ਗਿਆ ਸੀ।

**– ਐੱਸ.ਅਸ਼ੋਕ. ਭੌਰਾ**

# ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਮਾਂ ਦਿਵਸ ਮਨਾਇਆ ਗਿਆ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੇ ਸੱਦੇ 'ਤੇ ਬੀਤੇ ਐਤਵਾਰ





ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਸਮੂਹ ਸੰਗਤਾਂ ਵੱਲੋਂ ਮਾਂ ਦਿਵਸ (ਮਦਰ ਡੇਅ) ਬਹੁਤ ਹੀ ਖੁਸ਼ੀ ਨਾਲ ਮਨਾਇਆ ਗਿਆ। ਵੱਡੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ ਜਿਸ ਵਿਚ ਯੂਬਾ ਸਿਟੀ ਤੋਂ ਇਲਾਵਾ ਔਰਾਵਿਲ, ਸੈਨਹੋਜ਼ੇ, ਰੋਜ਼ਵਿਲ, ਸੈਕਰਾਮੈਂਟੋ ਤੋਂ ਵੀ ਸੰਗਤਾਂ ਪਹੁੰਚੀਆਂ। ਸਭ ਤੋਂ ਪਹਿਲਾਂ ਵਾਲਮੀਕ ਰਮਾਇਣ ਸਾਹਿਬ ਦੇ ਪਾਠ ਪੜ੍ਹੇ ਗਏ ਤੇ ਅਰਦਾਸ ਆਰਤੀ ਕੀਤੀ ਗਈ। ਆਈਆਂ ਸੰਗਤਾਂ ਨੂੰ ਜੀ ਆਇਆਂ ਕਹਿੰਦਿਆਂ ਸੰਤੋਖ ਸਿੰਘ ਗਿੱਲ, ਪ੍ਰਕਾਸ਼ ਸਿੰਘ ਗਿੱਲ, ਬਲਵੀਰ ਸਿੰਘ ਥਾਪਰ, ਵਿਨੋਦ ਗਿੱਲ ਤੇ ਵਿਸ਼ਾਲ ਸ਼ਰਬਤੀ



ਵੱਲੋਂ ਮਾਂ ਦਿਵਸ ਦੀਆਂ ਬਹੁਤ-ਬਹੁਤ ਵਧਾਈਆਂ ਦਿੱਤੀਆਂ ਗਈਆਂ। ਸੈਨਹੋਜ਼ੇ ਤੋਂ ਆਏ ਨਵੇਂ ਪਰਿਵਾਰ ਨੂੰ ਜੀ ਆਇਆਂ ਕਹਿੰਦਿਆਂ ਸਭਾ ਵੱਲੋਂ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਸਵੇਰੇ 10 ਵਜੇ ਤੋਂ 2 ਵਜੇ ਤੱਕ ਪ੍ਰੋਗਰਾਮ ਚਲਦਾ ਰਿਹਾ ਤੇ ਲੰਗਰ ਵੀ ਚਲਦੇ ਰਹੇ। ਲੰਗਰਾਂ ਦੀ ਸੇਵਾ ਰਾਜ ਕੁਮਾਰ ਪੰਡੋਰੀ ਵੱਲੋਂ ਬਹੁਤ ਹੀ ਸ਼ਰਧਾ ਨਾਲ ਕੀਤੀ ਗਈ। ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਪ੍ਰਧਾਨ ਪ੍ਰੇਮ ਸੌਂਧੀ ਜੀ ਵੱਲੋਂ ਮਾਂ ਦਿਵਸ ਦੀਆਂ ਵਧਾਈਆਂ ਦਿੰਦਿਆਂ ਹੋਇਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਸੰਗਤਾਂ ਨੂੰ ਪੁਰਜ਼ੋਰ ਬੇਨਤੀ ਕੀਤੀ ਕਿ ਮੰਦਰ ਦੀ ਡਿਵੈਲਪਮੈਂਟ ਦਾ ਕੰਮ ਚੱਲ ਰਿਹਾ ਹੈ, ਜਿਸ ਲਈ ਮਾਇਆ ਦੀ ਸਖਤ ਲੋੜ ਹੈ। ਸੋ ਸਾਰੀਆਂ ਸੰਗਤਾਂ ਆਪਣੀ ਨੇਕ ਕਮਾਈ ਵਿਚੋਂ ਸਮਰੱਥਾ ਤੇ ਸ਼ਰਧਾ ਮੁਤਾਬਕ ਆਪਣਾ ਯੋਗਦਾਨ ਪਾਓ ਜੀ।

# ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੀ ਟੀਮ ਨੇ ਜਿੱਤਿਆ ਸਿਲਮਾਂ ਕਬੱਡੀ ਮੈਚ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ –** ਫਰਿਜ਼ਨੋ ਦੇ ਲਾਗਲੇ ਸ਼ਹਿਰ ਸਿਲਮਾਂ ਵਿੱਖੇ ਪਿਛਲੇ ਦਿਨੀਂ ਇੱਕ ਸ਼ਾਨਦਾਰ ਟੂਰਨਾਮੈਂਟ ਸ. ਹਰਨੇਕ ਸਿੰਘ



ਨੇਕੀ ਦੀ ਯਾਦ ਵਿੱਚ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਬਾਕੀ ਰਵਾਇਤੀ ਖੇਡਾਂ ਦੇ ਨਾਲ ਨਾਲ ਅੰਡਰ ਟਵੰਟੀ ਵੰਨ ਕਬੱਡੀ ਦਾ ਮੈਚ ਵੀ ਹੋਇਆ । ਇਹ ਮੈਚ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ ਅਤੇ ਸ਼ਹੀਦ ਊਧਮ ਸਿੰਘ ਕਬੱਡੀ ਕਲੱਬ ਸਿਲਮਾ ਦੀਆਂ ਟੀਮਾਂ ਦਰਮਿਆਨ ਖੇਡਿਆ ਗਿਆ 'ਤੇ ਇਸ ਮੈਚ ਦੌਰਾਨ ਸ਼ਹੀਦ ਭਗਤ ਸਿੰਘ ਸਪੋਰਟ ਕਲੱਬ ਜੇਤੂ ਰਹੀ। ਇਸ ਮੌਕੇ ਕਬੱਡੀ ਪ੍ਰਮੋਟਰ ਨਾਜਰ ਸਿੰਘ ਸਹੋਤਾ ਨੇ ਪੱਤਰਕਾਰਾਂ ਨਾਲ ਗੱਲ-ਬਾਤ ਕਰਦਿਆਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜਨੋ ਤੇ ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਸਿਲਮਾ ਦੇ ਸਾਂਝੇ ਉਦਮ ਸਦਕਾ ਫਰਿਜ਼ਨੋ ਏਰੀਏ ਵਿੱਚ ਨਵੇਂ ਮੁੰਡਿਆ ਨੂੰ ਡਰੱਗ ਫਰੀ ਮਹੌਲ ਵਿੱਚ ਮਾਂ ਖੇਡ ਕਬੱਡੀ ਨਾਲ ਜੋੜਿਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਗੁਰਪ੍ਰੀਤ ਸਿੰਘ, ਬਲਵਿੰਦਰ ਭਲਵਾਨ ਅਤੇ ਰਾਮਾਂ ਆਦਿ ਸੱਜਣਾਂ ਦੇ ਸਹਿਯੋਗ ਨਾਲ ਅਸੀਂ ਫਰਿਜ਼ਨੋ ਏਰੀਏ ਵਿੱਚ ਕਬੱਡੀ ਨੂੰ ਦੁਬਾਰ ਤੋਂ ਸੁਰਜੀਤ ਕਰਨ ਵਿੱਚ ਕਾਮਯਾਬ ਹੋਏ ਹਾਂ। ਇਸ ਮੌਕੇ ਉਹਨਾਂ ਸਮੂਹ ਕਲੱਬ ਮੈਂਬਰਾਂ ਜਿਨਾਂ ਅਮੋਲਕ ਸਿੰਘ (ਭੋਲਾ), ਅਮਰਜੀਤ ਸਿੰਘ ਦੌਧਰ, ਟਹਿਲ ਸਿੰਘ ਥਾਂਦੀ, ਗੁਰਦੀਪ ਚੌਹਾਨ, ਪਾਲੀ ਥਾਂਦੀ, ਪਾਲ ਸਹੋਤਾ, ਨਿੱਝਰ ਬ੍ਰਦ੍ਰ , ਪਾਲ ਕੈਲੇ, ਜੈਲਾ ਧੂਹੜਕੋਟ, ਬਲਵਿੰਦਰ ਸਿੱਧੂ ਆਦਿ ਸਮੂਹ ਸੱਜਣਾਂ ਦਾ ਸਹਿਯੋਗ ਲਈ ਸ਼ੁਕਰੀਆ ਅਦਾ ਕੀਤਾ।

Buying or Selling home in Sacramento??
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ
MOBILE 916-513-8094




Put my knowledge, Service, experience and professionalism to work for you.
Buying or selling home in Sacramento?
Call 916-513-8094 for free consultation
(PUNJABI/ENGLISH/HINDI)
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ



VISHAL KAPOOR
DRE#02087894 Realtor®
MOBILE. 916-513-8094. OFFICE 916-993-8680 EXT.1102
Email- realtor.vkapoor@gmail.com www.hsicarerealty.com
3461 Fair Oaks Blvd. Suite #125, Sacramento, CA 95864

# ਪੀਡੀਏ ਉਮੀਦਵਾਰ ਬਲਵਿੰਦਰ ਕੁਮਾਰ ਦੇ ਹੱਕ 'ਚ ਕੱਢੀ ਮੋਟਰਸਾਈਕਲ ਰੈਲੀ





**ਜਲੰਧਰ–** ਪੰਜਾਬ ਡੈਮੋਕ੍ਰੇਟਿਕ ਅਲਾਇੰਸ (ਪੀਡੀਏ) ਦੇ ਜਲੰਧਰ ਲੋਕਸਭਾ ਸੀਟ ਤੋਂ ਉਮੀਦਵਾਰ ਬਲਵਿੰਦਰ ਕੁਮਾਰ ਦੇ ਹੱਕ ਵਿੱਚ ਅੱਜ ਸੁੱਚੀ ਪਿੰਡ ਤੋਂ ਮੋਟਰ ਸਾਈਕਲ ਰੈਲੀ ਕੱਢੀ ਗਈ। ਇਹ ਰੈਲੀ ਪੀਡੀਏ ਉਮੀਦਵਾਰ ਬਲਵਿੰਦਰ ਕੁਮਾਰ ਦੀ ਅਗਵਾਈ ਵਿੱਚ ਰਵਾਨਾ ਹੋਈ। ਇਸ ਮੋਟਰਸਾਈਕਲ ਰੈਲੀ ਦੀ ਸ਼ੁਰੂਆਤ ਸੁੱਚੀ ਪਿੰਡ ਤੋਂ ਹੋਈ। ਇਸ ਤੋਂ ਬਾਅਦ ਇਹ ਰੈਲੀ ਲੰਮਾ ਪਿੰਡ, ਕੋਟਲਾ, ਸ਼ੇਖੇ, ਕਬੂਲਪੁਰ, ਨੰਗਲ, ਨੂਰਪੁਰ, ਨੂਰਪੁਰ ਕਲੋਨੀ, ਕੰਗਨੀਵਾਲ, ਜੰਡੂ ਸਿੰਘਾ, ਹਜਾਰਾ, ਢੱਡਾ, ਚੋਹਕਲਾਂ, ਕਰੋਲਬਾਗ, ਮਾਨ ਸਿੰਘ ਨਗਰ, ਕੋਟ ਰਾਮਦਾਸ ਆਬਾਦੀ, ਲੱਧੇਵਾਲੀ ਆਦੀ ਇਲਾਕਿਆਂ ਵਿੱਚੋਂ ਲੰਘੀ। ਇਸ ਦੌਰਾਨ ਲੋਕਾਂ ਨੇ ਮੋਟਰਸਾਈਕਲ ਰੈਲੀ ਦਾ ਜਗਾ-ਜਗਾ ਸਵਾਗਤ ਕੀਤਾ।

ਇਸ ਰੈਲੀ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਵਿੱਚ ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਪੀਡੀਏ ਉਮੀਦਵਾਰ ਬਲਵਿੰਦਰ ਕੁਮਾਰ ਨੇ ਕਿਹਾ ਕਿ ਜਲੰਧਰ ਦੇ ਲੋਕ ਬਦਲਾਅ ਚਾਹੁੰਦੇ ਹਨ। ਉਹ ਕਾਂਗਰਸ ਤੇ ਅਕਾਲੀ-ਭਾਜਪਾ ਤੋਂ ਤੰਗ ਆ ਚੁੱਕੇ ਹਨ। ਆਪਣੀ ਚੋਣ ਪ੍ਰਚਾਰ ਮੁਹਿੰਮ ਬਾਰੇ ਗੱਲ ਕਰਦੇ ਹੋਏ ਬਲਵਿੰਦਰ ਕੁਮਾਰ ਨੇ ਕਿਹਾ ਕਿ ਉਹਨਾਂ ਨੂੰ ਜਲੰਧਰ ਲੋਕਸਭਾ ਹਲਕੇ ਵਿੱਚੋਂ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਲੋਕਾਂ ਦਾ ਉਹਨਾਂ ਨੂੰ ਲੈ ਕੇ ਉਤਸ਼ਾਹ ਇਸ ਗੱਲ ਦਾ ਸੰਕੇਤ ਹੈ ਕਿ ਇਸ ਸੀਟ 'ਤੇ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੀ ਜਿੱਤ ਹੋਣ ਜਾ ਰਹੀ ਹੈ। ਮੋਟਰਸਾਈਕਲ ਰੈਲੀ ਤੋਂ ਪਹਿਲਾਂ ਬਲਵਿੰਦਰ ਕੁਮਾਰ ਵੱਲੋਂ ਬਿਲਗਾ ਤੇ ਜਲੰਧਰ ਸ਼ਹਿਰ ਵਿੱਚ ਵੱਖ-ਵੱਖ ਸਥਾਨਾਂ 'ਤੇ ਚੋਣ ਮੀਟਿੰਗਾਂ ਕੀਤੀਆਂ ਗਈਆਂ। ਇਸ ਮੌਕੇ 'ਤੇ ਉਹਨਾਂ ਨੇ ਭਾਰੀ ਇਕੱਠ ਨੂੰ ਸੰਬੋਧਨ ਕੀਤਾ।



ਪੱਪੂ ਆਸਟ੍ਰੀਆ ਨੇ ਜਲੰਧਰ ਤੋਂ ਬਸਪਾ ਉਮੀਦਵਾਰ ਬਲਵਿੰਦਰ ਕੁਮਾਰ ਦੇ ਹੱਕ ਵਿਚ ਰੋਡ ਸ਼ੋਅ ਕੀਤਾ। ਇਸ ਰੋਡ ਸ਼ੋਅ ਦੀ ਇਕ ਝਲਕੀ।

# ਮਾਇਆਵਤੀ ਵੱਲੋਂ ਘਰ-ਘਰ ਰੁਜ਼ਗਾਰ ਦੇਣ ਦਾ ਵਾਅਦਾ

**ਨਵਾਂ ਸ਼ਹਿਰ–** ਪੰਜਾਬ ਜਮਹੂਰੀਅਤ ਗੱਠਜੋੜ ਵੱਲੋਂ ਇੱਥੇ ਕੀਤੀ ਗਈ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਬਸਪਾ ਸੁਪਰੀਮੋ ਮਾਇਆਵਤੀ ਨੇ ਐਲਾਨ ਕੀਤਾ ਕਿ ਜੇਕਰ ਉਨ੍ਹਾਂ ਦੀ ਅਗਵਾਈ ਹੇਠ ਸਰਕਾਰ ਬਣੀ ਤਾਂ ਉਨ੍ਹਾਂ ਵੱਲੋਂ ਘਰ-ਘਰ ਰੁਜ਼ਗਾਰ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ। ਇਹ ਐਲਾਨ ਉਨ੍ਹਾਂ ਪ੍ਰਧਾਨ ਮੰਤਰੀ ਵੱਲੋਂ 6 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇ ਐਲਾਨ ਦੀ ਕਾਟ ਵਜੋਂ ਕੀਤਾ। ਉਨ੍ਹਾਂ ਕਿਹਾ ਕਿ ਬਸਪਾ ਦੀ ਅਗਵਾਈ ਵਾਲੀ ਸਰਕਾਰ ਆਉਣ 'ਤੇ ਨੌਜਵਾਨਾਂ ਲਈ ਸਰਕਾਰੀ ਤੇ ਗ਼ੈਰ ਸਰਕਾਰੀ ਤੌਰ 'ਤੇ ਰੁਜ਼ਗਾਰ ਦੇ ਵਸੀਲੇ ਪੈਦਾ ਕੀਤੇ ਜਾਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਬਸਪਾ ਮੁਫ਼ਤ ਸਰਕਾਰੀ ਸਹੂਲਤਾਂ ਦੇਣ ਦੀ ਬਜਾਏ ਹਰ ਇੱਕ ਨੂੰ ਰੁਜ਼ਗਾਰ ਦੇਣ 'ਚ ਵਿਸ਼ਵਾਸ ਰਖਦੀ ਹੈ। ਉਨ੍ਹਾਂ ਕਾਂਗਰਸ ਦੀ ਨਿੰਦਾ ਕਰਨ ਦੇ ਨਾਲ ਭਾਜਪਾ ਸਰਕਾਰ ਦੀਆਂ ਨਾਕਾਮੀਆਂ ਵੀ ਗਿਣਾਈਆਂ। ਬਸਪਾ ਸੁਪਰੀਮੋ ਨੇ ਕਿਹਾ



ਕਿ ਦੇਸ਼ ਅੰਦਰ ਲੰਬਾ ਸਮਾਂ ਰਾਜ ਕਰਨ ਵਾਲੀ ਕਾਂਗਰਸ ਸਰਕਾਰ ਅੱਜ ਆਪਣੀ ਵਾਪਸੀ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਆਪਣੀਆਂ ਮਾੜੀਆਂ ਨੀਤੀਆਂ ਤੇ ਮਾੜੇ ਸ਼ਾਸਨਕਾਲ ਕਰਕੇ ਪਹਿਲਾਂ ਸੂਬਿਆਂ ਤੋਂ ਬਾਹਰ ਹੋਈ ਅਤੇ ਇਸ ਵਾਰ ਕੇਂਦਰ ਤੋਂ ਪੱਕੀ ਤਰ੍ਹਾਂ ਸਾਫ਼ ਹੋ ਜਾਵੇਗੀ। ਬਸਪਾ ਦੀ ਸਥਾਪਤੀ ਅਤੇ ਬਾਬੂ ਕਾਂਸ਼ੀ ਰਾਮ ਦੇ ਸੰਘਰਸ਼ ਦੇ ਸਫ਼ਰ ਦਾ ਲੰਬਾ ਸਮਾਂ ਗੁਣਗਾਣ ਕਰਦਿਆਂ ਮਾਇਆਵਤੀ ਨੇ ਕਿਹਾ ਕਿ ਬਸਪਾ ਕਾਰਨ ਜਿੱਥੇ ਕਾਂਗਰਸ ਦੀ ਧਾਕ ਤਹਿਸ-ਨਹਿਸ ਹੋਈ ਹੈ ਉਥੇ ਕੇਂਦਰ 'ਚ ਗੱਠਜੋੜ ਸਰਕਾਰਾਂ ਬਣਨ ਦਾ ਦੌਰ ਸ਼ੁਰੂ ਹੋਇਆ। ਇਸ ਲੜੀ ਤਹਿਤ ਵੀਪੀ ਸਿੰਘ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ ਵੱਲੋਂ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਅਤੇ ਡਾ. ਅੰਬੇਡਕਰ ਨੂੰ 'ਭਾਰਤ ਰਤਨ' ਦੇਣ ਦਾ ਸਿਹਰਾ ਉਨ੍ਹਾਂ ਬਸਪਾ ਸਿਰ ਬੰਨ੍ਹਿਆ। ਭਾਜਪਾ 'ਤੇ ਤਿੱਖੇ ਹਮਲੇ ਕਰਦਿਆਂ ਬਸਪਾ ਆਗੂ ਨੇ ਕਿਹਾ ਕਿ ਇਹ ਪਾਰਟੀ ਪੂੰਜੀਪਤੀਆਂ ਦੀ ਖ਼ਿਦਮਤ ਕਰਨ ਵਾਲੀ ਹੈ ਅਤੇ ਉਸ ਦੇ ਪੱਲੇ ਜੁਮਲੇਬਾਜ਼ੀ ਅਤੇ ਨਾਟਕਬਾਜ਼ੀ ਤੋਂ ਬਿਨਾਂ ਕੁਝ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਰਾਜ 'ਚ ਦੇਸ਼ ਦੀ ਸੁਰੱਖਿਆ ਨੂੰ ਵੀ ਲਗਾਤਾਰ ਖ਼ਤਰਾ ਬਣਿਆ ਰਿਹਾ ਅਤੇ ਸਰਹੱਦਾਂ ਦੇ ਨਾਂ 'ਤੇ ਸਿਆਸਤ ਕੀਤੀ ਜਾਂਦੀ ਰਹੀ। ਉਨ੍ਹਾਂ ਚਿਤਾਵਨੀ ਦਿੱਤੀ ਕਿ ਨਰਿੰਦਰ ਮੋਦੀ ਵੱਲੋਂ 'ਚੌਕੀਦਾਰੀ' ਦਾ ਖੇਡਿਆ ਪੱਤਾ ਨਹੀਂ ਚੱਲਣ ਦਿੱਤਾ ਜਾਵੇਗਾ। ਰੈਲੀ ਦੌਰਾਨ ਪੀਡੀਏ ਆਗੂ ਰਸ਼ਪਾਲ ਰਾਜੂ, ਸੁਖਪਾਲ ਸਿੰਘ ਖਹਿਰਾ, ਸਿਮਰਜੀਤ ਸਿੰਘ ਬੈਂਸ, ਮੰਗਤ ਰਾਮ ਪਾਸਲਾ ਨੇ ਆਪੋ ਆਪਣੇ ਸੰਬੋਧਨ 'ਚ ਪੰਜਾਬ ਦੀ ਕੈਪਟਨ ਸਰਕਾਰ ਅਤੇ ਬਾਦਲ ਦਲ ਨੂੰ ਘੇਰਦਿਆਂ ਕਿਹਾ ਕਿ ਉਨ੍ਹਾਂ ਪੰਜਾਬ ਨੂੰ ਲੁੱਟਣ ਤੇ ਕੁੱਟਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਅਤੇ ਇਸ ਵਾਰ ਪੀਡੀਏ ਦਾ ਗੱਠਜੋੜ ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਜਿੱਤ ਪ੍ਰਾਪਤ ਕਰੇਗਾ।

# ਬਾਰ ਐਸੋਸੀਏਸ਼ਨ ਜਲੰਧਰ ਦੇ ਦਫਤਰ ਪਹੁੰਚੇ ਬਲਵਿੰਦਰ ਕੁਮਾਰ

**ਜਲੰਧਰ–** ਪੰਜਾਬ ਡੈਮੋਕ੍ਰੇਟਿਕ ਅਲਾਇੰਸ (ਪੀ. ਡੀ. ਏ.) ਦੇ ਜਲੰਧਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਬਲਵਿੰਦਰ ਕੁਮਾਰ ਜਲੰਧਰ ਸ਼ਹਿਰ ਸਥਿਤ ਬਾਰ ਦਫਤਰ ਪਹੁੰਚੇ। ਇਸ ਦੌਰਾਨ ਉਹਨਾਂ ਨੇ ਵਕੀਲਾਂ ਦੇ ਅੱਗੇ ਆਪਣੇ ਵਿਚਾਰ ਰੱਖੇ। ਉਹਨਾਂ ਨੇ





ਕਿਹਾ ਕਿ ਕਾਂਗਰਸ ਅਤੇ ਅਕਾਲੀ-ਭਾਜਪਾ ਇਕ ਹੀ ਕਿਸਮ ਦੀ ਰਾਜਨੀਤੀ ਕਰਦੇ ਹਨ। ਇਹਨਾਂ ਦੇ ਸ਼ਾਸਨ ਵਿਚ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਵੀ ਨਹੀਂ ਦਿੱਤੀਆਂ ਗਈਆਂ। ਕਾਂਗਰਸ ਅਤੇ ਅਕਾਲੀ-ਭਾਜਪਾ ਲੋਕਾਂ ਨੂੰ ਗੁਲਾਮ ਅਤੇ ਕਮਜ਼ੋਰ ਬਣਾਉਣ ਲਈ ਕੰਮ ਕਰਦੇ ਹਨ। ਇਹਨਾਂ ਦਾ ਸਿੱਖਿਆ, ਸਿਹਤ ਵਿਵਸਥਾ ਵੱਲ ਕੋਈ ਧਿਆਨ ਨਹੀਂ ਹੈ। ਜਲੰਧਰ ਦੀ ਸਰਕਾਰੀ ਸਿੱਖਿਆ ਅਤੇ ਸਿਹਤ ਵਿਵਸਥਾ ਦੀ ਹਾਲਤ ਖਰਾਬ ਹੈ। ਕਾਂਗਰਸ ਅਤੇ ਅਕਾਲੀ-ਭਾਜਪਾ ਦਾ ਏਜੰਡਾ ਲੋਕ ਵਿਰੋਧੀ ਹੈ। ਇਸਦੇ ਸ਼ਾਸਨ ਵਿਚ ਲੋਕਾਂ ਨੂੰ ਸਿੱਖਿਆ ਅਤੇ ਸਿਹਤ ਸਹੂਲਤਾਂ ਤੋਂ ਵਾਂਝਾ ਰੱਖਿਆ ਗਿਆ ਹੈ। ਇਸ ਤੋਂ ਪਹਿਲਾਂ ਜ਼ਿਲ੍ਹਾ ਬਾਰ ਐਸੋਸੀਏਸ਼ਨ ਪ੍ਰਧਾਨ ਨਰਿੰਦਰ ਸਿੰਘ ਨੇ ਬਾਰ ਐਸੋਸੀਏਸ਼ਨ ਦਫਤਰ ਵਿਚ ਪਹੁੰਚਣ ਤੇ ਪੀ. ਡੀ. ਏ. ਉਮੀਦਵਾਰ ਬਲਵਿੰਦਰ ਕੁਮਾਰ ਦਾ ਸਵਾਗਤ ਕੀਤਾ। ਇਸ ਮੌਕੇ ਤੇ ਜਿਲ੍ਹਾ ਬਾਰ ਐਸੋਸੀਏਬਨ ਦੇ ਸਕੱਤਰ ਸੁਸ਼ੀਲ ਮਹਿਤਾ, ਸੀਨੀਅਰ ਉਪ ਪ੍ਰਧਾਨ ਅਮਰਿੰਦਰ ਸਿੰਘ ਥਿੰਦ, ਸਾਬਕਾ ਪ੍ਰਧਾਨ ਐਡਵੋਕੇਟ ਬਲਦੇਵ ਪ੍ਰਕਾਸ਼ ਰੱਲ੍ਹ ਅਤੇ ਹੋਰ ਕਈ ਵਕੀਲਾਂ ਨੇ ਉਹਨਾਂ ਦਾ ਸਵਾਗਤ ਕੀਤਾ।

# ਪਤਨੀ ਛੱਡਣ ਵਾਲੇ ਮੋਦੀ ਕਿਸੇ ਦਾ ਸਤਿਕਾਰ ਨਹੀ ਕਰਦੇ: ਮਾਇਆਵਤੀ

**ਲਖ਼ਨਊ–** ਬਸਪਾ ਸੁਪਰੀਮੋ ਮਾਇਆਵਤੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿੱਜੀ ਤੇ ਤਿੱਖਾ ਸਿਆਸੀ ਹੱਲਾ ਬੋਲਦਿਆਂ ਕਿਹਾ ਕਿ ਭਾਜਪਾ ਨਾਲ ਜੁੜੀਆਂ ਔਰਤਾਂ ਆਪਣੇ ਪਤੀਆਂ ਲਈ ਫ਼ਿਕਰਮੰਦ ਹਨ ਕਿ ਕਿਤੇ ਮੋਦੀ ਨਾਲ ਮੇਲ-ਜੋਲ ਕਰਦਿਆਂ ਉਹ ਉਨ੍ਹਾਂ ਨੂੰ 'ਤਿਆਗ ਨਾ ਦੇਣ'। ਮਾਇਆਵਤੀ ਨੇ ਇੱਥੇ ਇਕ ਬਿਆਨ ਜਾਰੀ ਕਰ ਕੇ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਭਾਜਪਾ ਦੀਆਂ ਔਰਤਾਂ ਚਿੰਤਾ ਵਿਚ ਰਹਿੰਦੀਆਂ ਹਨ ਕਿ ਕਿਤੇ ਮੋਦੀ ਵਾਂਗ ਉਨ੍ਹਾਂ ਦੇ ਪਤੀ ਵੀ ਉਨ੍ਹਾਂ ਨੂੰ ਛੱਡ ਨਾ ਦੇਣ।

ਮਾਇਆਵਤੀ ਨੇ ਕਿਹਾ ਕਿ ਅਜਿਹੀ ਸਥਿਤੀ ਵਿਚ ਉਹ ਦੇਸ਼ ਦੀਆਂ ਮਹਿਲਾਵਾਂ ਨੂੰ ਅਪੀਲ ਕਰਦੇ ਹਨ ਕਿ ਮੋਦੀ ਨੂੰ ਵੋਟ ਨਾ ਦਿੱਤੀ ਜਾਵੇ।

# ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਦਾ 11ਵਾਂ ਸਾਲਾਨਾ ਸਮਾਗਮ ਪੂਰਨ ਸ਼ਰਧਾ ਨਾਲ ਮਨਾਇਆ

(ਸਫਾ 1 ਦੀ ਬਾਕੀ)

ਭਾਈ ਜਸਪਾਲ ਸਿੰਘ ਸਾਰੰਗ, ਭਾਈ ਸੁਖਵਿੰਦਰ ਸਿੰਘ, ਭਾਈ ਗੁਰਚਰਨ ਸਿੰਘ ਸੁਲਤਾਨਪੁਰੀ, ਭਾਈ ਜਗਜੀਤ ਸਿੰਘ ਯੋਗੀ ਦੇ ਜਥੇ ਉਪਰੰਤ ਭਾਈ ਅਨੂਪ ਸਿੰਘ ਜੀ ਊਨਾ ਸਾਹਿਬ ਤੇ ਭਾਈ ਪਿੰਦਰਪਾਲ ਸਿੰਘ ਜੀ ਵੱਲੋਂ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕੀਤਾ। ਇਸ ਵਿਸ਼ੇਸ਼ ਸਮਾਗਮ ਵਿਚ ਖਰੀਦੋ-ਫਰੋਖਤ ਦੀਆਂ ਸਟਾਲਾਂ ਦੇ ਨਾਲ-ਨਾਲ ਪੀਜ਼ਾ, ਬ੍ਰੈਡ ਪਕੌੜੇ, ਛੋਲੇ-ਭਟੂਰੇ, ਗੋਲ-ਗੱਪੇ, ਆਈਸ ਕ੍ਰੀਮ ਅਤੇ ਗੰਨੇ ਦਾ ਰਸ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਅਰਦਾਸ ਉਪਰੰਤ ਪੰਜ ਪਿਆਰਿਆਂ ਵੱਲੋਂ ਪੰਜ ਇੱਟਾਂ ਰੱਖ ਕੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਜੈਕਾਰਿਆਂ ਦੀ ਗੂੰਜ ਨਾਲ ਰੱਖਿਆ ਗਿਆ। ਇਸ ਸਾਰੇ ਪ੍ਰੋਗਰਾਮ ਦੀ ਲਾਈਵ ਕਵਰੇਜ਼ ਚੜ੍ਹਦੀਕਲਾ ਟਾਈਮ ਟੀ. ਵੀ., ਗਰਵ ਪੰਜਾਬ ਤੇ ਰੇਡੀਓ ਪੰਜਾਬ ਦੀ ਟੀਮ ਤੇ ਪੰਜਾਬੀ ਅਖਬਾਰਾਂ ਵੱਲੋਂ ਕੀਤੀ ਗਈ। ਅੰਤ ਵਿਚ ਸੰਗਤਾਂ ਵੱਲੋਂ ਬੜੇ ਖੁੱਲ੍ਹੇ ਦਿਲ ਨਾਲ ਨਵੀਂ ਇਮਾਰਤ ਵਾਸਤੇ ਮਾਇਆ ਭੇਟ ਕੀਤੀ ਗਈ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਉਚੇਚੇ ਤੌਰ 'ਤੇ ਪਹੁੰਚੀਆਂ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ, ਜਥੇਬੰਦੀਆਂ ਨੂੰ ਸਨਮਾਨਿਤ ਕੀਤਾ ਅਤੇ ਧੰਨਵਾਦ ਕੀਤਾ ਗਿਆ।

(ਤਸਵੀਰਾਂ ਦੇਖੋ ਸਫਾ 13,14,15, 16 'ਤੇ)


## Matrimonial

ਰਵਿਦਾਸੀਆ ਭਾਈਚਾਰੇ ਨਾਲ ਸਬੰਧਤ ਇੰਡੀਆ ਵਿਚ ਜਨਮਿਆ ਲੜਕਾ, ਉਮਰ 29 ਸਾਲ, ਯੂ. ਐਸ. ਏ. ਸਿਟੀਜ਼ਨ, ਕੱਦ 5 ਫੁੱਟ 8 ਇੰਚ, ਯੂਨੀਵਰਸਿਟੀ ਆਫ ਕੈਲੇਫੋਰਨੀਆ ਤੋਂ ਬਾਇਓਲਾਜੀ, ਲੋਕਲ ਗੌਰਮਿੰਟ ਵਿਚ ਸਰਵਿਸ, ਬੇ-ਏਰੀਆ ਵਿਚ ਰਹਿੰਦੇ ਲੜਕੇ ਲਈ ਪੜ੍ਹੀ-ਲਿਖੀ ਅਮਰੀਕਾ ਵਿਚ ਰਹਿੰਦੀ ਲੜਕੀ ਦੀ ਲੋੜ ਹੈ। **ਸੰਪਰਕ ਕਰੋ ਫੋਨ ਜਾਂ ਵਟਸਅਪ : 510 862 5488**



A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Amarjit Sandhu
Ph: 916-238-4431
649 W. Elkhorn Blvd. Suite B2
Rio Linda, CA 95673

# ਪੰਜਾਬ ਦੀਆਂ ਚੋਣ ਰੈਲੀਆਂ ’ਚ ਮੋਦੀ ਤੇ ਰਾਹੁਲ ਆਹਮੋ-ਸਾਹਮਣੇ

**ਹੁਸ਼ਿਆਰਪੁਰ–** ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੇ ਇੱਥੇ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਦੇ ਹੱਕ ’ਚ ਰੈਲੀ ਨੂੰ ਸੰਬੋਧਨ ਕਰਦਿਆਂ 1984 ਦੇ ਦੰਗਿਆਂ ਬਾਰੇ ਕਾਂਗਰਸ ਆਗੂ ਸੈਮ ਪਿਤਰੋਦਾ ਵੱਲੋਂ ਕੀਤੀ ਗਈ ਟਿੱਪਣੀ ਨੂੰ ਜਾਇਜ਼ ਨਾ ਦੱਸਦਿਆਂ ਕਿਹਾ ਕਿ ’84 ’ਚ ਜੋ ਕੁੱਝ ਵੀ ਹੋਇਆ, ਗਲਤ ਹੋਇਆ। ਉਨ੍ਹਾਂ ਕਿਹਾ ਕਿ ਇਸ ਲਈ ਜ਼ਿੰਮੇਵਾਰੀ ਤੈਅ ਹੋਣੀ ਚਾਹੀਦੀ ਹੈ ਤੇ ਹੋਵੇਗੀ। ਰਾਹੁਲ ਨੇ ਕਿਹਾ ਕਿ ਉਨ੍ਹਾਂ ਖੁਦ ਸੈਮ ਪਿਤਰੋਦਾ ਨੂੰ ਫ਼ੋਨ ਕਰ ਕੇ ਆਪਣੀ ਟਿੱਪਣੀ ਲਈ ਮੁਆਫ਼ੀ ਮੰਗਣ ਲਈ ਕਿਹਾ ਸੀ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਅੱਜ ਸਾਰੇ ਦੇਸ਼ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਸਲੀਅਤ ਦਾ ਗਿਆਨ ਹੋ ਗਿਆ ਹੈ ਅਤੇ ਲੋਕ ਜਾਣ ਗਏ ਹਨ ਕਿ ’ਚੌਕੀਦਾਰ’ ਨੇ ਹੀ ਦੇਸ਼ ਦੇ ਖ਼ਜ਼ਾਨੇ ਲੁਟਾਏ ਹਨ। ਉਨ੍ਹਾਂ ਚੁਣੌਤੀ ਦੁਹਰਾਉਂਦਿਆਂ ਕਿਹਾ ਕਿ ਜੇ ਰਾਫਾਲ ਮੁੱਦੇ ’ਤੇ ਮੋਦੀ 15 ਮਿੰਟ ਵੀ ਉਨ੍ਹਾਂ ਦੀ ਅੱਖ ਵਿਚ ਅੱਖ ਪਾ ਕੇ ਸੰਸਦ ’ਚ ਬਹਿਸ ਕਰ ਲੈਂਦੇ ਤਾਂ ਦੇਸ਼ ਨੂੰ ਮੂੰਹ ਦਿਖਾਉਣ ਜੋਗੇ ਨਾ ਰਹਿੰਦੇ। ਗਾਂਧੀ ਨੇ ਕਿਹਾ ਕਿ ਨੋਟਬੰਦੀ ਨੇ ਲੋਕਾਂ ਦਾ ਲੱਕ ਤੋੜ ਦਿੱਤਾ, ਵਪਾਰ ਖ਼ਤਮ ਹੋ ਗਏ। ਭਾਜਪਾ ਕਾਰਜਕਾਲ ਦੌਰਾਨ ਬੇਰੁਜ਼ਗਾਰੀ ਸਭ ਤੋਂ ਉਤਲੇ ਪੱਧਰ ’ਤੇ ਹੈ। ਕਾਂਗਰਸ ਨੇ ਗਰੀਬੀ ਦੂਰ ਕਰਨ ਲਈ ’ਨਿਆਏ’ ਯੋਜਨਾ ਤਿਆਰ ਕੀਤੀ ਹੈ ਤੇ ਇਸ ਦੇ ਸਾਰਥਕ ਨਤੀਜੇ ਨਿਕਲਣਗੇ।



ਕਾਂਗਰਸ ਸਰਕਾਰ ਬਣਨ ’ਤੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣਗੇ ਤੇ ਦੇਸ਼ ਦੀ ਆਰਥਿਕਤਾ ਨੂੰ ਇਕ ਵਾਰ ਫ਼ਿਰ ਪੱਟੜੀ ’ਤੇ ਲਿਆਂਦਾ ਜਾਵੇਗਾ। ਰਾਹੁਲ ਨੇ ਕਿਹਾ ਕਿ ਸਰਕਾਰ ਬਣਨ ਦੀ ਸੂਰਤ ਵਿਚ ਕਾਂਗਰਸ ਕੌਮੀ ਮੈਨੀਫ਼ੈਸਟੋ ਦੇ ਨਾਲ-ਨਾਲ ਪੰਜਾਬ ਦੇ ਕਿਸਾਨਾਂ ਲਈ ਵੱਖਰਾ ਮੈਨੀਫ਼ੈਸਟੋ ਜਾਰੀ ਕਰੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਰਾਜ ਵਿਚ ਕੋਈ ਵੀ ਕਿਸਾਨ ਕਰਜ਼ਾ ਨਾ ਮੋੜਨ ਦੇ ਦੋਸ਼ ’ਚ ਜੇਲ੍ਹ ਨਹੀਂ ਜਾਵੇਗਾ। ਉਨ੍ਹਾਂ ਦੱਸਿਆ ਕਿ ਨਿਆਂ ਸਕੀਮ ਤਹਿਤ 25 ਕਰੋੜ ਗਰੀਬ ਲੋਕਾਂ ਦੇ ਖ਼ਾਤਿਆਂ ’ਚ ਹਰ ਸਾਲ ਆਉਣ ਵਾਲੇ 72 ਹਜ਼ਾਰ ਰੁਪਏ ਔਰਤਾਂ ਦੇ ਖਾਤਿਆਂ ’ਚ ਪਾਏ ਜਾਣਗੇ। ਰਾਹੁਲ ਗਾਂਧੀ ਨੇ ਮੋਦੀ ਸਰਕਾਰ ਨੂੰ ਦਲਿਤ ਵਿਰੋਧੀ ਦੱਸਦਿਆਂ ਕਿਹਾ ਕਿ ਇਸੇ ਸਰਕਾਰ ਦੇ ਰਾਜ ਵਿਚ ਰੋਹਿਤ ਵੇਮੂਲਾ ਵਰਗੇ ਦਲਿਤ ਨੌਜਵਾਨਾਂ ਨੂੰ ਜਾਨ ਤੋਂ ਹੱਥ ਧੋਣੇ ਪਏ, ਦਲਿਤਾਂ, ਆਦਿਵਾਸੀਆਂ ਤੇ ਘੱਟ ਗਿਣਤੀਆਂ ਨੂੰ ਮਾਰਿਆ ਕੁੱਟਿਆ ਗਿਆ ਪਰ ਪ੍ਰਧਾਨ ਮੰਤਰੀ ਇਕ ਸ਼ਬਦ ਨਹੀਂ ਬੋਲੇ। ਰਾਹੁਲ ਨੇ ਵਾਅਦਾ ਕੀਤਾ ਕਿ ਕਾਂਗਰਸ ਦੇ ਸੱਤਾ ਵਿਚ ਆਉਣ ਤੋਂ ਬਾਅਦ ਮਨਰੇਗਾ ਸਕੀਮ ਤਹਿਤ ਸੌ ਦਿਨ ਦੀ ਥਾਂ ’ਤੇ ਡੇਢ ਸੌ ਦਿਨ ਰੁਜ਼ਗਾਰ ਦਿੱਤਾ ਜਾਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮੌਕੇ ਪੰਜਾਬ ਸਰਕਾਰ ਦੀਆਂ ਦੋ ਸਾਲ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੋਚ ਸਮਝ ਕੇ ਵੋਟਾਂ ਪਾਉਣ। ਉਨ੍ਹਾਂ ਫ਼ੌਜੀਆਂ ਲਈ ਇਕ ਰੈਂਕ ਇਕ ਪੈਨਸ਼ਨ ਸੰਪੂਰਨ ਤੌਰ ’ਤੇ ਲਾਗੂ ਕਰਨ ਦਾ ਵਾਅਦਾ ਵੀ ਕੀਤਾ। ਰੈਲੀ ਵਿਚ ਪੰਜਾਬ ਮਾਮਲਿਆਂ ਦੇ ਇੰਚਾਰਜ ਆਸ਼ਾ ਕੁਮਾਰੀ, ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ, ਸਾਬਕਾ ਕੇਂਦਰੀ ਮੰਤਰੀ ਸੰਤੋਸ਼ ਚੌਧਰੀ, ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਹੰਸ ਪਾਲ, ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਤੋਂ ਇਲਾਵਾ ਜਲੰਧਰ ਤੋਂ ਉਮੀਦਵਾਰ ਚੌਧਰੀ ਸੰਤੋਖ ਸਿੰਘ ਵੀ ਸ਼ਾਮਲ ਹੋਏ। ਖੰਨਾ ’ਚ ਕੀਤੀ ਰੈਲੀ ਵਿਚ ਰਾਹੁਲ ਨੇ ਕਿਹਾ ਕਿ ਕਾਂਗਰਸ ਸਰਕਾਰ ਬਣਨ ’ਤੇ ਖਾਲੀ ਪਈਆਂ ਸਰਕਾਰੀ ਅਸਾਮੀਆਂ ਭਰੀਆਂ ਜਾਣਗੀਆਂ, 10 ਲੱਖ ਨੌਜਵਾਨਾਂ ਨੂੰ ਪੰਚਾਇਤਾਂ ਵਿਚ ਰੁਜ਼ਗਾਰ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਹਲਕਾ ਫ਼ਤਹਿਗੜ੍ਹ ਸਾਹਿਬ ਤੋਂ ਪਾਰਟੀ ਉਮੀਦਵਾਰ ਡਾ. ਅਮਰ ਸਿੰਘ ਨੂੰ ਜਿਤਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮੌਕੇ ਕਿਹਾ ਕਿ ਸੂਬੇ ’ਚ ਵਿਧਾਨ ਸਭਾ ਚੋਣਾਂ ਦੌਰਾਨ ਮੈਨੀਫੈਸਟੋ ’ਚ ਕੀਤੇ ਵਾਅਦਿਆਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਕੈਪਟਨ ਨੇ ਕਿਹਾ ਕਿ ਇਕ ਮਹਿਕਮਾ ਬਣਾਇਆ ਜਾ ਰਿਹਾ ਹੈ ਜੋ ਵਿਦੇਸ਼ ਜਾਣ ਵਾਲੇ ਬੱਚਿਆਂ ਦੀ ਮਦਦ ਕਰੇਗਾ।



ਦਿਲਚਸਪ ਗੱਲ ਇਹ ਸੀ ਕਿ ਰੈਲੀ ਵਿਚ ਪੰਜਾਬ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਅਤੇ ਮੌਜੂਦਾ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਇਸ ਰੈਲੀ ਵਿਚ ਨਹੀਂ ਪੁੱਜੇ। ਜਦਕਿ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਕੈਪਟਨ ਅਮਰਿੰਦਰ ਸਿੰਘ ਸਟੇਜ ’ਤੇ ਰਾਹੁਲ ਗਾਂਧੀ ਦੇ ਖੱਬੇ ਸੱਜੇ ਬੈਠੇ ਰਹੇ, ਪਰ ਦੋਵਾਂ ਨੇ ਦੁਆ-ਸਲਾਮ ਨਹੀਂ ਕੀਤੀ।

# ਪ੍ਰਾਈਵੇਟ ਕਾਲਜ/ ਯੂਨੀਵਰਸਿਟੀਆਂ ਵੱਲੋਂ ਐਸ.ਸੀ.ਵਿਦਿਆਰਥੀਆਂ ਨੂੰ ਅਸਲ ਡਿਗਰੀ ਅਤੇ ਸਰਟੀਫਿਕੇਟ ਨਾ ਦੇਣ ਬਾਰੇ ਡੀ.ਸੀ.ਨੂੰ ਸ਼ਿਕਾਇਤ ਕੀਤੀ

**ਜਲੰਧਰ–** ਬੀਤੀ 8 ਮਈ ਨੂੰ ਅੰਬੇਡਕਰਾਈਟ ਲੀਗਰ ਫੋਰਮ, ਜਲੰਧਰ ਵੱਲੋਂ ਡੀ. ਸੀ. ਜਲੰਧਰ ਨੂੰ ਇਕ ਸ਼ਿਕਾਇਤ ਕੀਤੀ ਗਈ, ਜਿਸ ਵਿਚ ਉਹਨਾਂ ਨੇ ਕਿਹਾ ਕਿ ਜਲੰਧਰ ਦੇ ਪ੍ਰਾਈਵੇਟ ਕਾਲਜ ਅਤੇ ਯੂਨੀਵਰਸਿਟੀਆਂ ਐਸ. ਸੀ. ਸਟੂਡੈਂਟਸ ਨਾਲ ਸ਼ਰੇਆਮ ਹੀ ਧੱਕਾ ਕਰ ਰਹੀਆਂ ਹਨ। ਇਹਨਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਐਸ. ਸੀ. ਸਟੂਡੈਂਟਸ ਨੇ ਆਪਣੀ ਪੜ੍ਹਾਈ ਪਾਸ ਕਰ ਲਈ ਹੈ ਪਰ ਇਹ ਕਾਲਜ ਅਤੇ ਯੂਨੀਵਰਸਿਟੀਆਂ ਉਹਨਾਂ ਵਿਦਿਆਰਥੀਆਂ ਨੂੰ ਉਹਨਾਂ ਦੀ ਅਸਲ ਡਿਗਰੀ ਅਤੇ ਸਰਟੀਫਿਕੇਟ ਜਾਰੀ ਨਹੀਂ ਕਰ ਰਹੀਆਂ ਹਨ, ਜਦਕਿ ਉਹਨਾਂ ਐਸ. ਸੀ. ਵਿਦਿਆਰਥੀਆਂ ਨੇ ਉਕਤ ਕਾਲਜ ਅਤੇ ਯੂਨੀਵਰਸਿਟੀਆਂ ਨੂੰ ਅੰਡਰਟੇਕਿੰਗ ਵੀ ਦਿੱਤੀਆਂ ਹੋਈਆਂ ਹਨ ਕਿ ਜਦੋਂ ਵੀ ਉਹਨਾਂ ਵਿਦਿਆਰਥੀਆਂ ਦੇ ਬੈਂਕ ਖਾਤੇ ਵਿਚ ਉਕਤ ਸਕਾਲਰਸ਼ਿਪ ਦੀ ਫੀਸ ਪੰਜਾਬ ਸਰਕਾਰ ਵੱਲੋਂਆ ਜਾਵੇਗੀ ਤਾਂ ਸਬੰਧਤ ਕਾਲਜ ਅਤੇ ਯੂਨੀਵਰਸਿਟੀਆਂ ਵਿਦਿਆਰਥੀਆਂ ਦੇ ਬੈਂਕ ਅਕਾਊਂਟ ਵਿਚ ਉਸ ਰਕਮ ਨੂੰ ਆਪਣੇ ਬੈਂਕ ਅਕਾਊਂਟ ਵਿਚ ਟ੍ਰਾਂਸਫਰ ਕਰਨ ਦੀ ਹੱਕਦਾਰ ਹੋਣਗੀਆਂ। ਇਸ ਮੌਕੇ ’ਤੇ ਅੰਬੇਡਕਰਾਈਟ ਲੀਗਰ ਫੋਰਮ ਜਲੰਧਰ ਨੇ ਡੀ. ਸੀ. ਸਾਹਿਬ ਜਲੰਧਰ ਨੂੰ ਇਕ ਪੱਤਰ ਰਾਹੀ ਮੰਗ ਕੀਤੀ ਕਿ ਸਾਰੇ ਕਾਲਜ ਅਤੇ ਯੂਨੀਵਰਸਿਟੀਆਂ ਨੂੰ ਤੁਰੰਤ ਨਿਰਦੇਸ਼ ਦਿੱਤੇ ਜਾਣ ਕਿ ਉਹ ਉਹਨਾਂ ਐਸ. ਸੀ. ਵਿਦਿਆਰਥੀਆਂ ਨੂੰ ਤੁਰੰਤ ਉਹਨਾਂ ਦੀ ਡਿਗਰੀ ਅਤੇ ਸਰਟੀਫਿਕੇਟ ਜਾਰੀ ਕਰਨ ਤਾਂ ਜੋ ਨੌਜਵਾਨ ਬੱਚਿਆਂ ਦੇ ਕੈਰੀਅਰ ਅਤੇ ਸੁਨਹਿਰੀ ਭਵਿੱਖ ਵਿਚ ਕੋਈ ਰੁਕਾਵਟ ਨਾ ਆ ਸਕੇ।



SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE.
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

## ਵਿਸਾਖੀ ਮੇਲੇ ਦੀ ਸਿਲਵਰ ਜੁਬਲੀ 'ਤੇ ਵਿਸ਼ੇਸ਼

# ਅਮੀਰਕਾ ਦੀ ਧਰਤੀ ਤੇ 30 ਸਾਲ ਤੋਂ ਵਿਸਾਖੀ ਮੇਲਾ ਲਗਾਉਣ ਵਾਲਾ ਪੰਜਾਬੀ ਸੱਭਿਆਚਾਰ ਤੇ ਵਿਰਾਸਤ ਦਾ ਅਲੰਬਰਦਾਰ - ਰਸ਼ਪਾਲ ਫਰਵਾਲਾ

ਹਰ ਵਿਅਕਤੀ ਲਈ ਉਸ ਦੀਆਂ ਸੱਭਿਆਚਾਰਕ ਕਦਰਾਂ ਕੀਮਤਾਂ ਉਸਦਾ ਵਡਮੁੱਲਾ ਸਰਮਾਇਆ ਹੁੰਦੀਆਂ ਹਨ। ਸਮਾਜ ਵਿੱਚ ਵਿਚਰਦਿਆਂ ਭਾਵੇਂ ਉਹ ਇਨਾਂ ਦੇ ਅੰਗ ਸੰਗ ਰਹਿੰਦਾ ਹੈ ਤਾਂ ਉਹ ਕੁਝ ਖਾਸ ਮਹਿਸੂਸ ਨਹੀਂ ਕਰ ਸਕਦਾ ਕਿਉਂਕਿ ਉਹ ਤਾਂ ਉਸ ਦੀ ਜਿੰਦਗੀ ਦਾ ਹਿੱਸਾ ਬਣ ਚੁੱਕੀਆਂ ਹੁੰਦੀਆਂ ਹਨ। ਪਰ ਜਦੋਂ ਉਸ ਨੂੰ ਆਪਣੀ ਜੰਮਣ-ਭੋਂਇ ਛੱਡਣੀ ਪੈਂਦੀ ਹੈ। ਕਿਸੇ ਹੋਰ ਦੇਸ਼ ਦੇ ਸੱਭਿਆਚਾਰ ਦਾ ਹਿੱਸਾ ਬਣਨ ਪੈਂਦਾ ਹੈ ਤਾਂ ਇਸ ਵਿਗੋਚੇ ਵਿਚੋਂ ਉਪਜਦੇ ਆਪਣੇ ਸਮਾਜ ਦੇ ਦੇਸ਼ ਦੇ ਸੱਭਿਆਚਾਰ ਦੇ ਮੋਹ ਦਾ ਦਰਦ ਮਹਿਸੂਸ ਹੁੰਦਾ ਹੈ। ਜਦੋਂ ਉਹ ਬੇਗਾਨੇ ਦੇਸ਼ ਦੇ ਸੱਭਿਆਚਾਰ ਨਾਲ ਆਪਣੇ ਦੇਸ਼ ਦੇ ਸੱਭਿਆਚਾਰ ਦਾ ਵਰ ਮੇਚਦੇ ਹਨ ਤਾਂ ਆਪਣਾ ਪੱਲਾ ਹਮੇਸ਼ਾ ਵੱਡਾ ਨਿਕਲਦਾ ਹੈ। ਮਜ਼ਬੂਰੀ ਵੱਸ ਉਹ ਆਪਣੇ ਆਪ ਨੂੰ ਉਸ ਅਨੁਸਾਰ ਢਲ ਤਾਂ ਜਾਂਦਾ ਹੈ ਪਰ ਫਿਰ ਵੀ ਤਾਂਘ ਰਹਿੰਦੀ ਹੈ ਕਿ ਅਗਲੀ ਪੀੜੀ ਨੂੰ ਆਪਣੇ ਰਸਮੋਂ ਰਿਵਾਜਾਂ ਅਨੁਸਾਰ ਜਿਉਣ ਵੀ ਪ੍ਰੇਰਨਾ ਦਿੱਤੀ ਜਾਵੇ। ਆਪਣੀ ਮਿਹਨਤ ਨਾਲ ਇਸ 'ਚ ਕਾਮਯਾਬੀ ਵੀ ਹਾਸਲ ਕਰ ਜਾਂਦਾ ਹੈ। ਦੁਨੀਆਂ ਦੇ ਵਿਕਸਤ ਦੇਸ਼ਾਂ ਵਿੱਚ ਦੁਹਾਕਿਆਂ ਤੋਂ ਵਸੋਂ ਲੋਕ ਆਪੋ ਆਪਣੇ ਤਰੀਕਿਆਂ ਨਾਲ ਆਪਣੇ ਦੇਸੀ ਪੁਰਬ, ਤਿਉਹਾਰ, ਮੇਲਿਆਂ ਦੀ ਯਾਦਾਂ ਨੂੰ ਸਾਕਾਰ ਕਰਨ ਲਈ ਉਪਰਾਲੇ ਕਰਦੇ ਰਹਿੰਦੇ ਹਨ। ਵੱਡੇ-ਵੱਡੇ ਸ਼ੋਅ, ਸਮਾਗਮ ਆਦਿ ਕਰਵਾ ਕੇ ਮਸ਼ੀਨੀ ਬਣੀ ਜ਼ਿੰਦਗੀ 'ਚੋ ਸਕੂਨ ਲੱਭਣ ਦੀ ਕੋਸ਼ਿਸ਼ ਕਰਦੇ ਹਨ ਪਰ ਫਿਰ ਵੀ ਉਹ ਆਪਣੇ ਸੱਭਿਆਚਾਰ ਦੇ ਹਾਣ ਦੇ ਨਹੀਂ ਪਾਉਂਦੇ। ਦੁਆਬੇ ਦੀ ਧਰਤੀ ਦੇ ਨੂਰਮਹਿਲ ਬਿਲਗੇ ਲਾਗਲੇ ਪਿੰਡ ਫਰਵਾਲਾ ਤੋਂ ਪੜ੍ਹ ਲਿਖ ਕੇ ਨੌਕਰੀ ਦੀ ਤਲਾਸ਼ ਦੋਸਤ ਹਰਭਜਨ ਸਿੰਘ ਦੇ ਸੱਦੇ ਤੇ ਜਰਮਨ ਜਾਣ ਉਪੰਰਤ 1982 'ਚ ਅਮੀਰਕਾ ਆ ਵਸੇ ਨੰਬਰਦਾਰ ਸਵ: ਮਾਤਾ ਨਸੀਬ ਕੌਰ ਦੇ ਸਪੁੱਤਰ ਰਸ਼ਪਾਲ ਸਿੰਘ ਫਰਵਾਲਾ 25 ਸਾਲਾ ਤੋਂ ਅਮਰੀਕਾ ਦੇ ਸ਼ਹਿਰ ਸੈਕਰਾਮੈਂਟੋ/ਐਲਕ ਗਰੋਵ (ਕੈਲਫਰੋਨੀਆਂ) ਵਿੱਚ ਵਿਸਾਖੀ ਦਾ ਨਿਰੋਲ ਸੱਭਿਆਚਾਰਕ ਮੇਲਾ ਲਗਾ ਕੇ ਆਪਣੇ ਸੱਭਿਆਚਾਰ ਅਲੰਬਰਦਾਰ ਬਣਿਆ ਹੋਇਆ ਹੈ। ਵੱਡਾ ਕਾਰਨ ਰਸ਼ਪਾਲ ਫਰਵਾਲਾ ਦਾ ਆਪ ਇੱਕ ਵਧੀਆ ਗਾਇਕ ਗੀਤਕਾਰ ਅਤੇ ਵੱਖਰੀ ਸੋਚ ਦਾ ਧਾਰਨੀ ਹੋਣਾ ਹੈ। ਸੋਨੇ ਤੇ ਸੁਹਾਗੇਂ ਵਾਲੀ ਗੱਲ ਰਸ਼ਪਾਲ ਸਿੰਘ ਦੀ ਜੀਵਨ ਸਾਥਣ ਮਾਲਵੇ ਦੀ ਜੰਮਪਲ ਮਨਦੀਪ ਕੌਰ ਗਰੇਵਾਲ ਜੋ ਕਿਲਾ ਰਾਏਪੁਰ ਤੋਂ ਹੈ ਨਾਲ 1987 'ਚ ਵਿਆਹ ਹੋਇਆ ਜਿਸ ਨੂੰ ਗਿੱਧੇ ਦਾ ਸ਼ੌਕ ਸੀ ਰਸ਼ਪਾਲ ਹੋਰਾਂ ਦੇ ਸ਼ੌਕ ਨੂੰ ਹੋਰ ਹੁਲਾਰਾ ਮਿਲ ਗਿਆ ਮਨਦੀਪ ਦੇ ਇਸ ਸ਼ੌਕ ਕਰਕੇ ਉਸ ਨੇ 14 ਸਾਲ ਪਹਿਲਾਂ ਤੀਆਂ ਦਾ ਮੇਲਾ ਲਗਾਉਣਾ ਸ਼ੁਰੂ ਕਰ ਦਿੱਤਾ। ਜੋ ਨਿਰੰਤਰ ਬੁਲੰਦੀਆਂ ਛੂਹ ਰਿਹਾ ਹੈ। ਉਸਨੂੰ ਵੀ ਸੁੱਘੜ ਸਾਥ ਮਿਲਿਆ ਰਸ਼ਪਾਲ ਕੌਰ, ਬਲਦੇਵ ਕੌਰ, ਪਰਦੀਪ ਕੌਰ ਪੂੰਨੀ ਦਾ ਤੇ ਫਿਰ ਕੀ ਸੀ ਦਿਨੋ ਦਿਨ ਮੇਲੇ ਦੀ ਸ਼ਾਨ 'ਚ ਵਾਧਾ ਹੁੰਦਾ ਗਿਆ। ਨਿਰੋਲ ਸੱਭਿਆਚਾਰਕ ਮੇਲਿਆਂ ਕਰਕੇ ਲੋਕਾਂ ਦਾ ਨਿੱਘਾ ਸਾਥ ਮਿਲਿਆ ਅਤੇ ਅਖੌਤੀ ਸੱਭਿਆਚਾਰਕ ਮੇਲਿਆਂ ਦੇ 'ਲੰਬੜਦਾਰ' ਬਣੇ ਲੋਕਾਂ ਲਈ ਵੀ ਮਾਰਗ ਦਰਸ਼ਕ ਬਣਿਆ ਹੋਇਆ ਹੈ। ਅਮਰੀਕਾਂ 'ਚ ਜਨਮੇ ਬੱਚੇ ਵੀ ਆਪਣੀਆਂ ਜੜ੍ਹਾਂ ਨਾਲ ਜੁੜਕੇ, ਇਸ 'ਚ ਭਾਗ ਲੈ ਕੇ, ਦੇਖ, ਮਾਣ ਕੇ, ਆਪਣੀ ਰੂਹ ਸਰਸ਼ਾਰ ਕਰਦੇ ਹਨ। ਪੰਜਾਬੀ ਕਲਚਰ ਸਸੋਇਟੀ ਇਸ ਸਾਰੇ ਪ੍ਰਬੰਧ ਦੀ ਗੱਲ ਕਰੀਏ ਤਾਂ ਕੋਈ ਪ੍ਰਬੰਧ ਕੀ ਕਮੇਟੀ ਨਹੀਂ ਕੋਈ ਵਿਸ਼ੇਸ਼ ਅਹੁਦੇਦਾਰ ਨਹੀਂ ਸਿਰਫ਼ ਤੇ ਸਿਰਫ਼ ਸਾਰੇ ਕਾਰਜਕਾਰੀ ਮੈਂਬਰ ਹਨ। ਜੋ ਇੱਕ ਕੜੀ ਦੇ ਰੂਪ 'ਚ ਬੱਝ ਕੇ ਕੰਮ ਕਰਦੇ ਹਨ ਇਨ੍ਹਾਂ 'ਚ ਰਾਜਿੰਦਰ ਪਾਲ ਸਿੰਘ, ਅਮਰੀਕ ਪਰਿਹਾਰ, ਕੀਰਤ ਸਹੋਤਾ ਪਰਮਜੀਤ ਢਿੱਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਜਰਨੈਲ ਸਰਪੰਚ, ਦੇਬੀਗਿੱਲ, ਸੁਖਰਾਜ ਔਲਖ਼, ਜਸਵੰਤ ਸ਼ਾਦ, ਐਸ. ਐਸ. ਚਾਹਲ, ਪਵਿੱਤਰ ਮਾਹਲ, ਸਤਵਿੰਦਰ ਰੰਗੀ, ਕਮਲ ਬੰਗਾ, ਪਰਮਿੰਦਰ ਵਿਰਕ, ਅਵਤਾਰ ਸਿੰਘ ਡੌਡ, ਹਰਜਿੰਦਰ ਪੰਧੇਰ ਅਤੇ ਹਰਪਾਲ ਸੰਧੂ ਇਸ ਮੇਲੇ ਦੇ ਵੱਡੇ ਸਹਿਯੋਗੀ ਹਨ। ਕਦੇ ਵੀ ਇੱਕ ਪੈਨੀ ਤੋਂ/ਅਹੁਦੇ ਤੋਂ ਕੋਈ ਰੁਸੇਵਾਂ ਨਹੀਂ ਹੋਇਆ ਕਦੇ ਕੋਈ ਅਹੁਦੇਦਾਰੀਆਂ ਦੀ ਸੋਚ ਲੈ ਕੇ ਆਵੇ ਵੀ ਤਾਂ ਉਸਨੂੰ ਸੋਸਾਇਟੀ ਹੱਥ ਜੋੜ ਦਿੰਦੀ ਹੈ।

ਮੇਲਿਆਂ ਤੋਂ ਦੋ ਦੋ ਮਹੀਨੇ ਪਹਿਲਾਂ ਰਸਪਾਲ ਹੋਰਾਂ ਦੇ ਘਰ ਮੇਲੇ ਵਰਗਾ ਮਾਹੌਲ ਬਣਨਾ ਸੁਰੂ ਹੋ ਜਾਂਦਾ ਹੈ ਵਿਉਂਤਾਂ ਬਣਦੀਆਂ, ਤਿਆਰੀਆਂ ਹੁੰਦੀਆਂ ਰਲ਼ ਮਿਲ ਕੇ ਪ੍ਰਬੰਧ ਕੀਤਾ ਜਾਂਦਾ ਹੈ ਦੋਵੇਂ ਮੇਲੇ ਇਸੇ ਤਰ੍ਹਾਂ ਦਾ ਸੁਚੱਜੇ ਪ੍ਰਬੰਧ ਅਧੀਨ ਜੁੜਦੇ ਤੇ ਪਰਵਾਨ ਚੜ੍ਹਦੇ ਹਨ। ਵਿਸਾਖੀ ਮੇਲੇ 'ਚ ਕੋਈ ਲੱਚਰਤਾ ਨਹੀਂ ਕੋਈ ਊਟ ਪਟਾਂਗ ਗਾਇਕੀ ਨਹੀਂ, ਸ਼ਰਾਬੀਆਂ ਲਈ ਸਖ਼ਤ ਮਨਾਹੀ, ਗਾਇਕਾਂ ਨੂੰ ਸਾਫ਼ ਸੁਥਰਾ ਗਾਉਣ ਦੀ ਤਾੜਨਾ ਦੇ ਦਰਮਿਆਨ ਇਸ ਮੇਲੇ 'ਚ ਭੰਗੜਾ ਗਿੱਧਾ ਤੇ ਵਧੀਆ ਗਾਇਕੀ ਦੀ ਪੇਸ਼ਕਾਰੀ ਮਿਸਾਲ ਬਣਦੀ ਹੈ। ਕੋਈ ਗਾਇਕ ਪੈਸੇ ਲੈ ਕੇ ਨਹੀਂ ਗਾਉਂਦਾ। ਹਜ਼ਾਰਾਂ ਦੀ ਗਿਣਤੀ ਦਾ ਇਕੱਠ ਬੱਚਿਆਂ, ਜਵਾਨਾਂ, ਬਜ਼ੁਰਗਾਂ ਅਰੌਤਾਂ ਨੂੰ ਆਪਣੇ ਪਿੰਡਾਂ 'ਚ ਜੁੜਦੇ ਮੇਲਿਆਂ ਤੋਂ ਵੀ ਵਧ ਕੇ ਨਸ਼ਿਆ ਜਾਂਦਾ ਹੈ। ਇਸ ਵਿੱਚ ਅਮਰੀਕਾ 'ਚ ਜਨਮੇ ਬੱਚੇ ਭਾਗ ਲੈਂਦੇ ਹੋਏ ਬਿਲਕੁਲ ਵੀ ਅਮਰੀਕਨ ਪੰਜਾਬੀ ਨਹੀਂ ਲਗਦੇ ਸਗੋਂ ਪੰਜਾਬੀ ਮਾਹੌਲ 'ਚ ਰੰਗੇ ਪੰਜਾਬੋਂ ਆਏ ਲਗਦੇ ਹਨ। ਰਾਜਨੀਤਕ ਧਾਰਮਿਕ ਪਹਿਲੂ ਤੋਂ ਨਿਰਲੇਪ ਇਹ ਮੇਲੇ ਸਾਂਝੀਵਾਲਤਾ ਦਾ ਵੱਖਰਾ ਮਾਹੌਲ ਸਿਰਜਦੇ ਹਨ। ਸੌ ਸੌ ਮੀਲ ਤੋਂ ਵੀ ਲੋਕ ਇਨ੍ਹਾਂ 'ਚ ਸ਼ਾਮਲ ਹੁੰਦੇ ਹਨ।

ਵਿਸਾਖੀ ਮੇਲਾ ਅਤੇ ਤੀਆਂ ਦਾ ਮੇਲਾ ਵਿਦੇਸ਼ ਵਸਦੇ ਬੱਚਿਆਂ ਦੇ ਮਨਾਂ 'ਚ ਘਰ ਕਰਦੇ ਜਾ ਰਹੇ ਹਨ। ਰਸ਼ਪਾਲ ਹੋਰੀ ਦੱਸਦੇ ਹਨ ਕਿ ਕਈ ਵਾਰ ਛੋਟੇ ਬੱਚੇ ਅਚਾਨਕ ਪੁੱਛ ਲੈਂਦੇ ਹਨ ਅੰਕਲ ਵਿਸਾਖੀ ਕਦੋਂ ਹੈ ਮੈਂ ਉੱਥੇ ਭੰਗੜਾ ਪਾਉਣੈ । ਭੰਗੜੇ ਦਾ ਸ਼ੌਕੀ ਗਿੱਧੇ ਗਾਇਕੀ ਨਾਲ ਬੱਚਿਆਂ ਦਾ ਮੋਹ ਇੰਨਾ ਹੈ ਕਿ ਰਸ਼ਪਾਲ ਫਰਵਾਲਾ ਦਾ ਸਟੇਟ ਜੌਬ ਕਰਦਾ ਯੂ. ਸੀ. ਯੂਨੀਵਰਸਿਟੀ ਦਾ ਗਰੈਜੂਏਜ ਬੇਟਾ ਵਰਿੰਦਰ ਸਿੰਘ ਸੰਘੇੜਾ ਭੰਗੜੇ ਦੀਆਂ ਕਈ ਟੀਮਾਂ ਤਿਆਰ ਕਰ ਚੁੱਕਾ ਹੈ। ਗਿਆਰਵੇਂ ਗਰੇਡ 'ਚ ਪੜ੍ਹਦਾ ਛੋਟਾ ਬੇਟਾ ਅਮ੍ਰਿਤ ਸੰਘੇੜਾ ਵੀ ਘਰ ਦੇ ਮਾਹੌਲ 'ਚ ਰੰਗਿਆਂ ਹੋਇਆ ਹੈ। ਵਿਸਾਖੀ ਦੀਆਂ ਧਾਰਨਾਵਾਂ ਨੂੰ ਮੁੱਖ ਰੱਖ ਕੇ ਇਨਾਂ ਮੇਲਿਆਂ ਦਾ ਆਯੋਜਨ ਕੀਤਾ ਜਾਂਦਾ ਹੈ। ਹੋਰ ਤਾਂ ਹੋਰ ਫਰੀ ਪਾਰਕਿੰਗ ਸਹੂਲਤ, ਫਰੀ ਪੰਜਾਬੀ ਪਕਵਾਨਾਂ ਦਾ ਵਰਤਣਾ, ਬੁੱਕ ਸਟਾਲ, ਕੱਪੜੇ, ਗਹਿਣਿਆਂ ਦੀਆਂ ਦੁਕਾਨਾਂ ਦੀ ਸਜਾਵਟ ਦੇਸੀ ਮੇਲੇ ਦੀ ਸ਼ਕਲ ਅਪਤਿਆਰ ਕਰ ਜਾਂਦੀਆਂ ਹਨ। ਤੀਆਂ ਦੇ ਮੇਲੇ ਦੇ ਚਾਰ ਪੜਾਅ ਹੁੰਦੇ ਹਨ। ਪਹਿਲੇ 'ਚ ਔਰਤਾਂ ਇਕੱਠੀਆਂ ਬੈਠ ਕੇ ਗੀਤ ਗਾਉਂਦੀਆਂ ਹਨ ਜੋ ਰਵਾਇਤੀ ਹੁੰਦੇ ਹਨ ਤੇ ਲੋਕ ਗੀਤ ਹੁੰਦੇ ਹਨ ਖ਼ੂਬ ਮਾਹੌਲ ਬੱਝਦਾ ਹੈ।

ਦੂਸਰੇ 'ਚ ਸਟੇਜੀ ਪ੍ਰੋਗਰਾਮ ਵਿੱਚ ਲੋਕ ਨਾਚ, ਹਾਸ ਰਸ ਝਲਕੀਆਂ ਪੇਸ਼ ਕੀਤੀਆਂ ਜਾਦੀਆਂ ਹਨ। ਤੀਸਰੇ 'ਚ ਗਿੱਧੇ ਅਤੇ ਬੋਲੀਆਂ ਰਾਂਹੀ ਵੱਖ-ਵੱਖ ਦੀਆਂ ਟੀਮਾਂ ਆਪਣਾ ਪਰਦਰਸ਼ਨ ਕਰਦੀਆਂ ਹਨ। ਚੌਥੇ ਪੜਾਅ 'ਚ ਸਾਫ਼ ਸੁਥਰੇ ਪੰਜਾਬੀ ਗੀਤਾਂ ਤੇ ਸਾਰੇ ਦਾ ਸਾਰਾ ਮੇਲਾ ਹੀ ਝੂਮਦਾ ਹੈ। ਇਸ ਮੇਲੇ 'ਚ ਵੱਖਰੀ ਕਿਸਮ ਦੇ ਮੁਕਾਬਲਿਆਂ ਵਿੱਚ ਚਰਖੇ ਤੇ ਸਭ ਤੋਂ ਲੰਬਾ ਤੰਦ ਪਾਉਣ ਵਾਲੀ ਤੇ ਵਧੀਆ ਪੰਜਾਬੀ ਪਹਿਰਾਵੇ ਵਾਲੀਆਂ ਅਰੌਤਾਂ ਨੂੰ ਪਹਿਲਾ ਇਨਾਮ ਦਿੱਤਾ ਜਾਂਦਾ ਹੈ। ਗੱਲ ਕੀ ਹਰ ਸੱਭਿਆਚਾਰਕ ਵੰਨਗੀ ਰਾਹੀ ਆਪਣੀ ਕਮਿਊਨਿਟੀ ਦੇ ਬੱਚਿਆਂ ਵੱਡਿਆਂ ਵਿਦੇਸ਼ੀਆਂ ਨੂੰ ਜਾਣੂ ਕਰਵਾਉਣ ਦਾ ਹਰ ਯਤਨ ਕੀਤਾ ਜਾਂਦਾ ਹੈ। ਜਿਹੜੇ ਲੋਕ ਇਸ ਮੇਲੇ ਦੀਆਂ ਨੁਕਾਤਚੀਨੀਆਂ ਅਤੇ ਵਿਰੋਧੀ ਸੁਰ ਰੱਖਦੇ ਸਨ ਉਹ ਹੁਣ ਕਹਿੰਦੇ ਹਨ ਕਿ ਪੱਛਮੀ ਸੱਭਿਆਚਾਰ ਦੇ ਰੰਗ 'ਚ ਰੰਗੇ ਬੱਚਿਆਂ ਨੂੰ ਵੀ ਇਸ ਮੇਲੇ ਨਾਲ ਜੋੜ ਲਵੋ ਨਹੀਂ ਤਾਂ ਅਸੀਂ ਬੇਗਾਨੇ ਦੇਸ਼ 'ਚ ਹੋਰ ਵੀ ਬੇਗਾਨੇ ਹੋ ਜਾਵਾਂਗੇ। ਇੱਕ ਵਿੱਲਖਣ ਸੋਚ ਦਾ ਮਾਲਕ ਰਸ਼ਪਾਲ ਫਰਵਾਲਾ ਪੇਂਡੂ ਮੱਧ ਵਰਗੀ ਪਰਿਵਾਰਕ ਪਿਛੋਕੜ ਵਾਲਾ ਸਖਸ਼ ਹੈ। ਇੱਕ ਅਮਰੀਕਾ ਅਤੇ ਇੰਡੀਆਂ ਵਸਦੀਆਂ ਭੈਣਾਂ ਅਤੇ ਨਿਊਜੀਲੈਂਡ, ਅਮਰੀਕਾਂ ਅਤੇ ਇੱਕ ਇੰਡੀਆਂ 'ਚ ਵਸਦੇ ਸਵਰਗੀ ਭਰਾ ਦੇ ਬੱਚਿਆਂ ਦੇ ਪਰਿਵਾਰ ਦਾ ਇੱਕ ਮੋਢੀ ਮੈਂਬਰ ਹੈ। ਪਿਤਾ ਪੁਰਖੀ ਕਿੱਤੇ ਖੇਤੀਬਾੜੀ 'ਚ ਹੱਥ ਵਟਾਉਂਦਿਆਂ ਨਾਲ-ਨਾਲ ਰਸਪਾਲ ਸਿੰਘ 1980 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਬੀ. ਏ. ਕਰਨ ਉਪਰੰਤ ਲੁਧਿਆਣੇ ਦੇ ਆਰੀਆ ਕਾਲਜ ਤੋਂ ਐਂਮ. ਏ. ਵੀ ਕਰ ਗਿਆ। ਇਸ ਪੜ੍ਹੇ ਲਿਖੇ ਸਖਸ਼ ਦੇ ਮਨ 'ਚ ਪਰਹਿਤ ਲਈ ਕੰਮ ਕਰਨ ਦੀ ਕਸਕ ਪਹਿਲਾਂ ਤੋਂ ਹੀ ਰਹੀ ਹੈ।

ਕਿਸਾਨ ਮਜਦੂਰਾਂ ਦੇ ਸੰਘਰਸ਼ ਹਿੱਤ ਲਗਦੀਆਂ ਸਟੇਜਾਂ ਤੋਂ ਇਨਕਲਾਬੀ ਗੀਤ ਗਾਉਣ ਵਾਲੇ ਰਸ਼ਪਾਲ ਕਾਲਜ ਸਮੇਂ ਦੇ ਯੂਥ ਫੈਸਟੀਵਲਾਂ ਤੇ ਕਈ ਮੁਕਾਬਲੇ ਵੀ ਜਿੱਤੇ। ਉਨ੍ਹੀ ਦਿਨੀ ਸਟਾਰ ਗਾਇਕ ਮਲਕੀਤ ਸਿੰਘ ਯੂ. ਕੇ. ਅਤੇ ਹਰਦੀਪ ਚੰਡੀਗੜ੍ਹ ਵਾਲੇ ਵੀ ਉਨਾਂ ਮੁਕਾਬਲਿਆਂ 'ਚ ਭਾਗ ਲੈਂਦੇ ਹੁੰਦੇ ਸਨ। ਰਸ਼ਪਾਲ ਫਰਵਾਲਾ ਨੇ ਜਲੰਧਰ ਰੇਡੀਓ ਤੋਂ ਵੀ ਤਿੰਨ ਵਾਰ ਦਿਹਾਤੀ ਪ੍ਰੋਗਰਾਮ ਵਿੱਚ ਗੀਤ ਪੇਸ਼ ਕਰਕੇ ਆਪਣੇ ਫ਼ਨ ਦਾ ਮੁ-ਜਾਹਰਾ ਕੀਤਾ। ਆਪਣੇ ਅਤੇ ਹੋਰ ਗੀਤਕਾਰਾਂ ਦੇ ਲਿਖੇ ਗੀਤਾਂ ਦੀ ਇੱਕ ਕੈਸਟ ਐਚ ਐਮ ਵੀ ਅਤੇ ਦੋ ਕੈਸਟਾਂ ਅਮੀਰਕਾਂ 'ਚ ਵੀ ਪੰਜਾਬੀ ਗਾਇਕੀ ਦੀ ਝੋਲੀ ਪਾਈਆਂ। ਸਟੂਡੈਂਟ ਫੈਡਰੇਸ਼ਨ ਆਫ਼ ਇੰਡੀਆ ਦਾ ਕਾਲਜ ਵੇਲੇ ਦੇ ਸਰਕਾਰਮ ਕਾਰਕੁੰਨ, ਅਗਾਂਹਵਧੂ ਵਿਚਾਰਾਂ ਦੇ ਧਾਰਨੀ ਰਸ਼ਪਾਲ ਸਿੰਘ ਨੇ ਅਮੀਰਕਾ ਆ ਕੇ ਮੁੱਢਲੇ ਦਿਨਾਂ ਦੇ ਸੰਘਰਸ਼ 'ਚ ਮਜਦੂਰੀ, ਫੈਕਟਰੀਆਂ ਦਾ ਕੰਮ,ਗੱਲ ਕੀ ਜਿਹੜਾ ਕੰਮ ਮਿਲਿਆ ਕੀਤਾ। ਮਿਹਨਤ ਦਾ ਸਿੱਟਾ ਇਹ ਕਿ ਹੁਣ ਸੱਤ ਸਾਲ ਤੋਂ ਇੱਕ ਪਿਜਾ ਰੈਸਟੋਰੈਂਟ ਚਲਾਉਦੇ ਹਨ ਨਾਲੋ-ਨਾਲੋਂ ਅਵੱਲੇ ਸ਼ੌਕ ਪਾਲਦੇ ਹਨ। ਉਨਾਂ ਦੀ ਜੀਵਨ ਸਾਥਣ ਮਨਦੀਪ ਬਤੌਰ ਮੈਡੀਕਲ ਸਹਾਇਕ ਦੇ ਆਈਡੀਆਲੋਜੀ ਹਰਟ ਸਪੈਸ਼ਲਿਸਟ ਵਿਭਾਗ 'ਚ ਕੰਮ ਕਰਦਿਆਂ ਰੀਅਲ ਅਸਟੇਟ ਦਾ ਕੰਮ ਵੀ ਕਰਦੀ ਹੈ ਤੇ ਤੀਆਂ ਦੇ ਮੇਲੇ ਦੇ ਨਾਲ ਨਾਲ ਸੇਵਾ ਭਾਵਨਾ ਹਿੱਤ ਪੰਜਾਬੀਆਂ ਦੇ ਕੋਰਟਾਂ ਦਾ ਮਾਮਲਿਆਂ, ਇਮੀਗਰਸ਼ੇਨ ਆਦਿ ਹੋਰ ਕੰਮਾਂ ਦੇ ਫਾਰਮ ਆਦਿ ਭਰਨ ਦੇ ਵੰਡੇ ਖਰਚੇ ਵਾਲੇ ਕੰਮ ਅਤੇ ਦੋ ਭਾਸ਼ੀਏ ਤੇ ਤੌਰ ਤੇ ਪੰਜਾਬੀ ਔਰਤਾਂ ਦੀ ਸੇਵਾ 'ਚ ਵੱਡੀ ਭੂਮਿਕਾ ਨਿਭਾ ਰਹੀ ਹੈ। ਪਰਹਿਤ ਲਈ ਕਾਰਜਾਂ ਅਤੇ ਮਿਲਣਸਾਰ ਸੁਭਾਅ ਦਾ ਸਦਕਾ ਹੈ ਇਹ ਪਰਿਵਾਰ ਹਰ ਖੁਸ਼ੀ ਮਾਣ ਰਿਹਾ ਹੈ। ਪਰਾਏ ਦੇਸ਼ 'ਚ ਜ਼ਿੰਦਗੀ ਦੀ ਹਰ ਸੁੱਖ ਸਹੂਲਤ ਦੇ ਹੁੰਦਿਆਂ ਕਈ ਵਾਰ ਮਨ ਆਪਣੇ ਦੇਸ਼ ਨੂੰ ਝੂਰਦਾ ਹੈ ਜਿਸ ਤਰ੍ਹਾਂ ਦਾ ਪੰਜਾਬ ਛੱਡ ਕੇ ਉਦੇਸ਼ ਗਏ ਸੀ ਉਸ ਤਰ੍ਹਾਂ ਦਾ ਹੀ ਦੇਖਣ ਨੂੰ ਹੀ ਜੀਅ ਕਰਦਾ ਹੈ। ਰਸ਼ਪਾਲ ਸਿੰਘ ਨੇ ਦੱਸਿਆ ਕਿ ਸੋਚਿਆ ਤਾਂ ਸੀ ਕਿ ਬਾਹਰ ਪੰਜ ਸੱਤ ਸਾਲ ਲਾ ਕੇ ਫਿਰ ਵਤਨ 'ਚ ਹੀ ਕੋਈ ਕਾਰੋਬਾਰ ਕਰਾਂਗੇ ਪਰ ਇੱਥੇ ਆ ਕੇ ਸਾਰਾ ਕਾਰੋਬਾਰੀ, ਸਮਾਜਿਕ ਤਾਣਾ ਬਾਣਾ ਐਸਾ ਬੁਣਿਆ ਗਿਆ ਜਿਸ ਨੂੰ ਛੱਡਣਾ ਹੋਰ ਵੀ ਮੁਸ਼ਕਿਲ ਹੋ ਗਿਆ ਹੈ ਮਨ ਗੱਲਾਂ ਗੁਣਗੁਣਾ ਕੇ ਭਾਵੁਕ ਹੋ ਜਾਂਦੇ ਹਾਂ



-ਰੇਸ਼ਮ ਕਰਨਾਣਵੀ
98158-80104

ਕਿਵੇਂ ਭੁਲਾਵਾਂ ਤੂਤਾਂ ਵਾਲੇ ਖੂਹ ਦੀਆਂ ਟਿੰਡਾਂ ਨੂੰ,  
ਕਿਵੇਂ ਭੁਲਾਵਾਂ ਰੱਬ ਵਰਗੇ ਮੇਰੇ ਵਸਦੇ ਪਿੰਡਾਂ ਨੂੰ,  
ਰਾਤ ਚਾਨਣੀ ਵਿੱਚ ਕੋਠੇ ਉੱਤੇ ਮੰਜੇ ਹੁੰਦੇ ਸੀ,  
ਆਉਂਦਾ ਯਾਦ ਪੰਜਾਬ ਬੜੇ ਦਿੰਨ ਚੰਗੇ ਹੁੰਦੇ ਸੀ।



ਪੰਜਾਬੀਆਂ ਦੇ ਵਿਦੇਸ਼ਾ ਵਿੱਚ ਜਾਣ ਦੇ ਰੁਝਾਨ ਕਈ ਵਾਰ ਮਾੜਾ ਕਿਹਾ ਜਾਂਦਾ ਹੈ ਤਾਂ ਰਸ਼ਪਾਲ ਨੇ ਦੱਸਿਆ ਕਿ ਇਹ ਤਾਂ ਕੰਧ ਟੱਪ ਕੇ ਹੀ ਪਤਾ ਲਗਦੈ ਕਿ ਇੱਧਰ ਨਰਕ ਅਤੇ ਉਧਰ ਸਵਰਗ ਹੁੰਦਾ ਹੈ। ਇਹ ਤਾਂ ਸਾਡੇ ਦੇਸ਼ ਦੇ ਸੁਚਾਰੂ ਪ੍ਰਬੰਧਕੀ ਢਾਂਚੇ ਦੀਆਂ ਵੱਡੀਆਂ ਕਮੀਆਂ ਹਨ। ਇੰਡੀਆਂ 'ਚ ਕੋਈ ਮਜ਼ਦੂਰ ਮਰਸਡੀਜ਼ ਕਾਰ ਨਹੀਂ ਲੈ ਸਕਦਾ।

ਦੂਰ ਦੀ ਗੱਲ ਕੀ ਆਪਣੇ ਸਵਰਗੀ ਭਰਾਂ ਦੇ ਬੱਚਿਆਂ ਦੀ ਗੱਲ ਕਰਦੇ ਰਸ਼ਪਾਲ ਹੋਰੀਂ ਦੱਸਦੇ ਹਨ ਕਿ ਉਹ ਖੇਤੀਬਾੜੀ ਕਰਦੇ ਹੋਏ ਵੀ ਕਿੰਨੀ ਵਧੀਆਂ ਜ਼ਿੰਦਗੀ ਬਸਰ ਕਰਦੇ ਹਨ ਅਸੀਂ ਮਹਿਸੂਸ ਕਰ ਸਕਦੇ ਹਾਂ। ਸਹੀ ਢੰਗ ਨਾ਼ਲ ਵਿਦੇਸ਼ ਜਾਣਾ ਕੋਈ ਮਾੜੀ ਗੱਲ ਨਹੀਂ।

ਬਾਕੀ ਅਸੀਂ ਮਹਿਸੂਸ ਕਰਦੇ ਹਾਂ ਕਿ ਪੰਜਾਬੀ ਦੀ ਖੁਸ਼ਹਾਲੀ 'ਚ ਵੱਡਾ ਸਹਿਯੋਗ ਐਨ. ਆਰ. ਆਈਜ਼ ਦਾ ਹੈ ਜੋ ਆਪਣੇ ਲੋਕਾਂ ਲਈ ਗਾਹੇ-ਬਗਾਹੇ ਸਹਾਰਾ ਬਣ ਕੇ ਸਹੂਲਤਾਂ ਪ੍ਰਦਾਨ ਕਰਦੇ ਹਨ। ਰਸ਼ਪਾਲ ਹੋਰੀਂ ਆਪ ਵੀ ਦੱਸਦੇ ਹਨ ਕਿ ਇਹ ਪਿੰਡ ਨਾਲ ਆਪਣੀ ਸਾਂਝ ਬਣਾਈ ਰੱਖਣ ਹਿੱਤ ਲੜਕੀਆਂ ਦੇ ਵਿਆਹਾਂ, ਖੇਡਾਂ ਹੋਰ ਸਮਾਜਿਕ ਕੰਮਾਂ ਲਈ 'ਚ ਜ਼ਰੂਰ ਯੋਗਦਾਨ ਪਾਉਂਦੇ ਹਨ। ਪਰ ਭਾਵੁਕ ਪਲਾਂ ਬਾਰੇ ਪੁੱਛਣ ਤੇ ਰਸ਼ਪਾਲ ਨੇ ਦੱਸਿਆਂ ਕਿ ਪਿੰਡ 'ਚ ਹੁਣ ਮਾਤਾ-ਪਿਤਾ ਦੇ ਹੁਣ ਦਾ ਝੋਰਾ ਬਹੁਤ ਵਾਰੀ ਭਾਵੁਕ ਕਰ ਜਾਂਦਾ ਹੈ। ਆਪਣੀ ਵਿਦੇਸ਼ 'ਚ ਰਹਿੰਦਿਆਂ ਪ੍ਰਾਪਤ ਕਾਮਯਾਬੀ ਅਤੇ ਸਮਾਜਿਕ ਸੱਭਿਆਚਾਰਕ ਸਰਗਰਮੀਆਂ 'ਚ ਸਫ਼ਲਤਾ ਦਾ ਕਾਰਨ ਇਸ ਮੂਲ ਮੰਤਰ ਨੂੰ ਜ਼ਿੰਦਗੀ 'ਚ ਲਾਗੂ ਕਰ ਲੈਣਾ ਵਡਮੁੱਲਾ ਮੰਨਦੇ ਹੋਏ ਰਸ਼ਪਾਲ ਹੋਰੀ ਦੱਸਦੇ ਹਨ ਕਿ ''ਨੀਅਤ ਸਾਫ਼ ਹੋਵੇ, ਮੰਜ਼ਿਲ ਤੈਅ ਹੋਵੇ ਲੋਕ ਆਪਣੇ ਆਪ ਤੁਹਾਡਾ ਸਾਥ ਦੇਣਗੇ।'' ਅਮਰੀਕਾ ਨਿਕਲਦੇ ਅਖ਼ਬਾਰ ''ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ'' ਦੇ ਸਬੰਧ 'ਚ ਰਸ਼ਪਾਲ ਫਰਵਾਲਾ ਨੇ ਦੱਸਿਆ ਕਿ ਇਹ ਅਖਬਾਰ ਸਾਫ਼ ਸੁਥਰੇ ਅਕਸ, ਰਾਜਨੀਤੀ ਤੋਂ ਦੂਰ, ਸੇਧ ਦੇਣ ਵਾਲੇ ਹਨ। ਸਮਾਜ ਦੇ ਹਰ ਪਹਿਲੂ ਇਨ੍ਹਾਂ ਵਿੱਚ ਵਿਚਾਰਿਆ ਜਾਂਦਾ ਹੈ। ਇੱਕ ਦੂਜੇ ਨੂੰ ਭੰਡਣ ਅਤੇ ਪੀਲੀ ਪੱਤਰਕਾਰੀ ਤੋਂ ਦੂਰ ਰਹਿ ਕੇ ਸਮਾਜਿਕ ਬਰਾਬਰਤਾ ਲਈ ਸਾਰਥਕ ਯਤਨ ਕਰ ਰਹੇ ਹਨ। ਰਸ਼ਪਾਲ ਫਰਵਾਲਾ ਦੀ ਸਮੁੱਚੀ ਕਾਰਗੁਜ਼ਾਰੀ ਦੀ ਚਰਚਾ ਕਰਦਿਆਂ ਇੱਕ ਵਿਲੱਖਣ ਸਖਸ਼ੀਅਤ ਝਲਕ ਪੈਂਦੀ ਹੈ ਜੋ ਆਪਣੇ ਅਹਿਦ ਤੇ ਖਰਾ ਉਤਰਦਿਆਂ ਇੱਕ ਸਦੀ ਦੇ ਚੌਥੇ ਹਿੱਸੇ ਭਾਵ 30 ਸਾਲਾਂ ਤੋਂ ਸੱਭਿਆਚਾਰ ਦੀ ਸੇਵਾ 'ਚ ਸਮਰਪਣ ਦੀ ਭਾਵਨਾ ਨਾਲ ਕੰਮ ਕਰ ਰਿਹਾ ਹੈ।

ਇੰਨਾ ਵੱਡਾ ਕਾਰਜ ਨਿਰੰਤਰ ਕਰਨਾ ਆਪਣੇ ਆਪ ਵਿਚ ਇੱਕ ਮਿਸਾਲ ਹੈ। ਇਸ ਪਰਿਵਾਰ ਅਤੇ ਸਮੁੱਚੀ ਕਾਰਜਕਾਰੀ ਟੀਮ ਦੇ ਯਤਨਾਂ ਨਾਲ ਲਾਇਆ ਇਹ ਸੱਭਿਆਚਾਰ ਦਾ ਬੂਟਾ ਘਣਛਾਂਵਾਂ ਹੋਵੇ। ਬੁਲੰਦੀਆਂ ਛੋਹਣ ਵਾਲਾ ਗ੍ਰਾਫ਼ ਦਿਨੋ ਦਿਨ ਤਰੱਕੀ ਦਰਸਾਉਂਦਾ ਰਹੇ। ਰਸ਼ਪਾਲ ਫਰਵਾਲਾ ਹੋਰ ਪ੍ਰਾਪਤੀਆਂ ਨੂੰ ਜ਼ਿੰਦਗੀ ਦੀ ਕਿਤਾਬ 'ਚ ਚਾਂਦੀ ਰੰਗੇ ਪੰਨੇ ਜੋੜਦਿਆਂ ਇਸਨੂੰ ਹੋਰ ਸ਼ੋਭਾ ਮਈ ਬਣਾਵੇ।

# ਸੈਕਰਾਮੈਂਟੋ ਪੀ. ਸੀ. ਐਸ. ਵੱਲੋਂ 30ਵੇਂ ਸੱਭਿਆਚਾਰਕ ਮੇਲੇ ਦੀਆਂ ਤਿਆਰੀਆਂ ਮੁਕੰਮਲ

ਬੀਤੀ 11 ਮਈ ਦਿਨ ਸ਼ਨਿਚਰਵਾਰ 2019 ਨੂੰ ਮਾਉਂਟੇਨ ਮਾਈਕ ਪੀਜ਼ੇ ਤੇ ਅਮਰੀਕ ਸਿੰਘ ਪਰਹਾਰ ਦੀ ਪ੍ਰਧਾਨਗੀ ਹੇਠ ਪੀ. ਸੀ. ਐਸ. ਸੈਕਰਾਮੈਂਟੋ ਦੇ ਸਮੂਹ ਮੈਂਬਰਾਂ ਦੀ ਇਕੱਤਰਤਾ ਵਿਚ 18 ਮਈ ਦਿਨ ਸ਼ਨਿਚਰਵਾਰ ਨੂੰ ਸ਼ੈਲਡਨ ਹਾਈ ਸਕੂਲ ਦੇ ਹਾਲ ਵਿਚ ਹੋਣ ਵਾਲੇ ਸਭਿਆਚਾਰਕ ਮੇਲੇ ਲਈ ਪ੍ਰਬੰਣਾਂ ਦੀ ਤਿਆਰੀ ਦੀ ਰੂਪ-ਰੇਖਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸੰਸਥਾ ਵੱਲੋਂ ਕੀਤੇ ਜਾ ਰਹੇ ਸਭਿਆਚਾਰਕ ਮੇਲੇ ਦਾ ਮੁੱਖ ਮਕਸਦ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੰਜਾਬੀ ਸਭਿਆਚਾਰ ਨਾਲ ਜੋੜੀ ਰੱਖਣ ਤੋਂ ਇਲਾਵਾ ਇਸ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਵੀ ਹੈ ਤਾਂ ਕਿ ਇਹਨਾਂ ਮੁਲਕਾਂ ਵਿਚ ਅਸੀਂ ਆਪਣੀ ਪਹਿਚਾਣ ਨੂੰ ਕਾਇਮ ਰੱਖ ਸਕੀਏ।

ਪਿਛਲੇ ਸਾਲਾਂ ਵਾਂਗ ਇਸ ਮੇਲੇ 'ਚੋਂ ਵੱਖ-ਵੱਖ ਟੀਮਾਂ ਵੱਲੋਂ ਗਿੱਧਾ, ਭੰਗੜਾ, ਸਕਿੱਟ ਤੇ ਗੀਤ-ਸੰਗੀਤ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਮੇਲੇ ਦੀ ਕੋਈ ਫੀਸ ਨਹੀਂ ਹੈ। ਇ ਮੇਲਾ 3 ਵਜੇ ਸ਼ੁਰੂ ਕੀਤਾ ਜਾਵੇਗਾ। ਸਮੂਹ ਪਰਿਵਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ, ਹੁੰਮ ਹੁੰਮਾਕੇ ਪਹੁੰਚਦਿਆਂ ਇਸ ਮੇਲੇ ਦੀ ਰੌਣਕ ਨੂੰ ਵਧਾਓ। ਮੀਟਿੰਗ 'ਚੋਂ ਆਏ ਸਾਰੇ ਮੈਂਬਰਾਂ ਦਾ ਸ. ਰਸ਼ਪਾਲ ਸਿੰਘ ਫਰਵਾਲਾ ਵੱਲੋਂ ਧੰਨਵਾਦ ਕੀਤਾ ਗਿਆ।

ਮੀਟਿੰਗ ਵਿਚ ਭਾਗ ਲੈਣ ਵਾਲਿਆਂ ਵਿਚ- ਅਜੈਬ ਸਿੰਘ, ਜਸਵੰਤ ਸਿੰਘ ਸ਼ਾਦ, ਤੀਰਥ ਸਹੋਤਾ, ਅਮਰੀਕ ਪਰਹਾਰ, ਮਾਧੋ ਚਾਹਲ, ਮੱਖਣ ਸਿੰਘ ਹੈਡਮਾਸਟਰ, ਕਮਲ ਬੰਗਾ, ਜਿੱਮੀ ਪਰਹਾਰ, ਜਿੰਮੀ ਪਰਹਾਰ, ਜਰਨੈਲ ਮੰਡੇਰ, ਜਤਿੰਦਰ ਬੀਸਲਾ, ਪ੍ਰੇਮ ਕੁਮਾਰ ਚੁੰਬਰ, ਅਵਤਾਰ ਡੌਡ, ਸ਼ਿੰਗਾਰਾ ਸਿੰਘ, ਜਗਤਾਰ ਸਿੰਘ ਜੱਗੀ ਤੇ ਰਸ਼ਪਾਲ ਸਿੰਘ ਫਰਵਾਲਾ ਆਦਿ।

**-ਰਸ਼ਪਾਲ ਫਰਵਾਲਾ 916-880-0531**

# ਮੋਦੀ ਰਾਜ ’ਚ ਸਰਹੱਦਾਂ ਸੁਰੱਖਿਅਤ ਨਹੀਂ: ਮਾਇਆਵਤੀ

## ਪੀ.ਡੀ.ਏ.ਆਗੂਆਂ ਵੱਲੋਂ ਸੰਘ ਦੀਆਂ ਹਿੰਦੂ ਰਾਸ਼ਟਰ ਬਣਾਉਣ ਅਤੇ ਸੰਵਿਧਾਨ ਬਦਲਣ ਦੀਆਂ ਚਾਲਾਂ ਖਿਲਾਫ ਚਿਤਾਵਨੀ












**ਨਵਾਂ ਸ਼ਹਿਰ–** ਪੰਜਾਬ ਡੈਮੋਕ੍ਰੇਟਿਕ ਅਲਾਇੰਸ ਵੱਲੋਂ ਨਵਾਂ ਸ਼ਹਿਰ ਵਿਖੇ ਵਿਸ਼ਾਲ ਚੋਣ ਰੈਲੀ ਕੀਤੀ ਗਈ, ਜਿਸ ਵਿਚ ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਕੁਮਾਰੀ ਮਾਇਆਵਤੀ ਸਾਬਕਾ ਮੁੱਖ ਮੰਤਰੀ ਉਤਰ ਪ੍ਰਦੇਸ਼ ਵਿਸ਼ੇਸ਼ ਤੌਰ ’ਤੇ ਪਹੁੰਚੇ। ਹਜ਼ਾਰਾਂ ਦੀ ਗਿਣਤੀ ’ਚ ਪਹੁੰਚੇ ਹੋਏ ਵਰਕਰਾਂ ਨੂੰ ਸੰਬੋਧਨ ਕਰਦਿਆਂ ਮਾਇਆਵਤੀ ਨੇ ਕਿਹਾ ਕਿ ਘੱਟ ਗਿਣਤੀਆਂ ਅਤੇ ਆਦਿਵਾਸੀਆਂ ਲਈ ਜੋ ਸਹੂਲਤਾਂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਦਿੱਤੀਆਂ, ਉਹ ਅੱਜ ਤੱਕ ਵੀ ਨਹੀਂ ਮਿਲੀਆਂ। ਕਾਂਗਰਸ ਪਾਰਟੀ ਦਲਿਤਾਂ ਦੀਆਂ ਵੋਟਾਂ ਲੈ ਕੇ ਸੱਤਾ ਵਿਚ ਆਉਂਦੀ ਰਹੀ, ਪਰ ਦਲਿਤਾਂ ਨੂੰ ਲਾਰਿਆਂ ਵਿਚ ਹੀ ਰੱਖਿਆ। ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਡਾ. ਅੰਬੇਡਕਰ ਨੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨਾਲ ਗੱਲ ਕੀਤੀ ਕਿ ਅਤਿ-ਪੱਛੜੇ ਲੋਕਾਂ ਦੀ ਸਹੂਲਤ ਲਈ ਇਕ ਕਮਿਸ਼ਨ ਬਣੇ ਤਾਂ ਜੋ ਉਹਨਾਂ ਨੂੰ ਕੋਈ ਸਹੂਲਤ ਮਿਲ ਸਕੇ, ਪਰ ਨਹਿਰੂ ਸਰਕਾਰ ਨੇ ਉਹਨਾਂ ਦੀ ਕੋਈ ਗੱਲ ਨਹੀਂ ਮੰਨੀ ਤਾਂ ਡਾ. ਅੰਬੇਡਕਰ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਡਾ. ਅੰਬੇਡਕਰ ਨੇ ਪੱਛੜੇ ਅਤੇ ਦਲਿਤ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਆਪਣੀ ਰਾਜਨੀਤਿਕ ਪਾਰਟੀ ਬਣਾਓ ਅਤੇ ਆਪਣੇ ਨੁਮਾਇੰਦੇ ਆਪ ਚੁਣ ਕੇ ਸੰਸਦ ਅਤੇ ਵਿਧਾਨ ਸਭਾ ਵਿਚ ਭੇਜੋ। ਸ੍ਰੀ ਕਾਂਸ਼ੀ ਰਾਮ ਜੀ ਨੇ 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਦੇ ਲੋਕਾਂ ਨੂੰ ਨਾਲ ਲੈ ਕੇ ਬਹੁਜਨ ਸਮਾਜ ਪਾਰਟੀ ਦਾ ਗਠਨ ਕੀਤਾ। 1989 ਵਿਚ ਬਸਪਾ ਦੇ 3 ਪਾਰਲੀਮੈਂਟ ਮੈਂਬਰ ਚੁਣੇ ਗਏ 2 ਉਤਰ ਪ੍ਰਦੇਸ਼ ਅਤੇ 1 ਪੰਜਾਬ ਤੋਂ ਚੁਣੇ ਗਏ। ਵੀ. ਪੀ. ਸਿੰਘ ਦੀ ਸਰਕਾਰ ਨੂੰ ਇਸ ਸ਼ਰਤ ’ਤੇ ਬਾਹਰੋਂ ਹਮਾਇਤ ਕੀਤੀ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਭਾਰਤ ਰਤਨ ਦਿੱਤਾ ਜਾਵੇ ਅਤੇ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਹੋਣੀ ਚਾਹੀਦੀ ਹੈ। ਡਾ. ਅੰਬੇਡਕਰ ਨੂੰ ਭਾਰਤ ਰਤਨ ਅਤੇ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਹੋ ਗਈ, ਪਰ ਦਲਿਤ ਵਿਰੋਧੀ ਪਾਰਟੀਆਂ ਨੂੰ ਇਹ ਮਨਜ਼ੂਰ ਨਹੀਂ ਸੀ ਅਤੇ ਵੀ. ਪੀ. ਸਿੰਘ ਸਰਕਾਰ ਡਿੱਗ ਪਈ। ਕੇਂਦਰ ਦੀ ਮੋਦੀ ਸਰਕਾਰ ਬਾਰੇ ਬੋਲਦਿਆਂ ਉਹਨਾਂ ਕਿਹਾ ਕਿ ਨੋਟਬੰਦੀ ਅਤੇ ਜੀ. ਐਸ. ਟੀ. ਨੂੰ ਬਿਨਾਂ ਤਿਆਰੀ ਤੋਂ ਲਾਗੂ ਕੀਤਾ, ਜਿਸ ਨਾਲ ਬੇਰੁਜ਼ਗਾਰੀ ਹੋਰ ਵਧੀ, ਛੋਟਾ ਦੁਕਾਨਦਾਰ ਅਤੇ ਛੋਟਾ ਵਪਾਰੀ ਨੂੰ ਬਹੁਤ ਘਾਟਾ ਪਿਆ।

ਭਾਜਪਾ ਦੀ ਸਰਕਾਰ ਦੌਰਾਨ ਸਾਡੀਆਂ ਸਰਹੱਦਾਂ ਵੀ ਸੁਰੱਖਿਅਤ ਨਹੀਂ, ਆਏ ਦਿਨ ਸਾਡੇ ਜਵਾਨ ਸ਼ਹੀਦ ਹੁੰਦੇ ਰਹਿੰਦੇ ਹਨ। ਭਾਜਪਾ ਨੇ ਪਹਿਲਾਂ ਡੇਢ ਲੱਖ ਅਤੇ ਹੁਣ ਕਾਂਗਰਸ ਨੇ 72 ਹਜ਼ਾਰ ਦਾ ਜੋ ਲਾਰਾ ਲਾ ਰਹੇ ਹਨ, ਅਸੀਂ ਇਸ ਤਰ੍ਹਾਂ ਦਾ ਕੋਈ ਲਾਰਾ ਨਹੀਂ ਲਾਵਾਂਗੇ।

ਸਾਡੀ ਸਰਕਾਰ ਆਉਣ ’ਤੇ ਹਰ ਇਕ ਨੂੰ ਰੁਜ਼ਗਾਰ ਮਿਲੇਗਾ। ਉਹਨਾਂ ਕਿਹਾ ਕਿ ਕਾਂਸ਼ੀ ਰਾਮ ਜੀ ਦੇ ਸੁਪਨੇ ਨੂੰ ਪੂਰਾ ਕਰਨ ਲਈ ਅਤੇ ਕੇਂਦਰ ਵਿਚ ਚੰਗੀ ਸਰਕਾਰ ਬਣਾਉਣ ਲਈ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਜਿਤਾਓ।

ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੀਆਂ ਭਾਈਵਾਲ ਪਾਰਟੀਆਂ ਦੇ ਆਗੂ ਪੰਜਾਬ ਸੀ. ਪੀ. ਆਈ. ਦੇ ਸਕੱਤਰ ਬੰਤ ਸਿੰਘ ਬਰਾੜ, ਪੰਜਾਬ ਏਕਤਾ ਪਾਰਟੀ ਦੇ ਸੁਖਪਾਲ ਸਿੰਘ ਖਹਿਰਾ, ਲੋਕ ਇਨਸਾਫ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ, ਆਰ. ਐਮ. ਪੀ. ਆਈ. ਤੋਂ ਮੰਗਤ ਰਾਮ ਪਾਸਲਾ, ਨਵਾਂ ਪੰਜਾਬ ਪਾਰਟੀ ਤੋਂ ਧਰਮਵੀਰ ਗਾਂਧੀ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਆਰ. ਐਸ. ਐਸ. ਦੇ ਇਸ਼ਾਰੇ ’ਤੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੀ ਹੈ ਅਤੇ ਬਾਬਾ ਸਾਹਿਬ ਦੇ ਲਿਖੇ ਹੋਏ ਸੰਵਿਧਾਨ ਨੂੰ ਬਦਲਣਾ ਚਾਹੁੰਦੀ ਹੈ, ਜੋ ਕਿਸੇ ਕੀਮਤ ’ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਗੱਠਜੋੜ ਦੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਜਿਤਾਓ ਅਤੇ ਭੈਣ ਮਾਇਆਵਤੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਬਣਾਓ।

ਇਸ ਮੌਕੇ ਗੱਠਜੋੜ ਦੇ ਸਾਰੇ ਹੀ ਉਮੀਦਵਾਰਾਂ ਸੁਖਪਾਲ ਸਿੰਘ ਖਹਿਰਾ, ਸਿਮਰਜੀਤ ਸਿੰਘ ਬੈਂਸ, ਬਲਵਿੰਦਰ ਕੁਮਾਰ, ਪਰਮਜੀਤ ਕੌਰ ਖਾਲੜਾ, ਲਾਲ ਚੰਦ ਕਟਾਰੂ ਚੱਕ, ਮਨਿੰਦਰ ਸਿੰਘ ਗਿਆਸਪੁਰਾ, ਹੰਸ ਰਾਜ ਗੋਲਡਨ, ਧਰਮਵੀਰ ਗਾਂਧੀ, ਚੌਧਰੀ ਖੁਸ਼ੀ ਰਾਮ, ਵਿਕਰਮ ਸਿੰਘ ਸੋਢੀ, ਜਸਰਾਜ ਜੱਸੀ, ਦਸਵਿੰਦਰ ਕੌਰ, ਮਾਸਟਰ ਬਲਦੇਵ ਸਿੰਘ ਹਾਜ਼ਰ ਸਨ। ਅੰਤ ਵਿਚ ਬਸਪਾ ਪੰਜਾਬ ਦੇ ਪ੍ਰਧਾਨ ਰਸ਼ਪਾਲ ਸਿੰਘ ਰਾਜੂ ਨੇ ਪਹੁੰਚੇ ਹੋਏ ਆਗੂਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।



ਇਸ ਮੌਕੇ ਸਤੀਸ਼ ਮਿਸ਼ਰਾ ਮੈਂਬਰ ਰਾਜ ਸਭਾ, ਕੌਮੀ ਯੂਥ ਆਗੂ ਅਕਾਸ਼ ਅਨੰਦ, ਪ੍ਰਵੀਨ ਬੰਗਾ, ਜਰਨੈਲ ਨੰਗਲ, ਡਾ. ਨਛੱਤਰ ਪਾਲ, ਮੱਖਣ ਚੌਹਾਨ, ਸਰਬਜੀਤ ਜਾਫਰਪੁਰ, ਸੱਤਪਾਲ ਸਾਹਲੋਂ, ਸੁਖਵਿੰਦਰ ਸਿੰਘ ਕੋਟਲੀ, ਰਣਧੀਰ ਸਿੰਘ ਬੈਨੀਪਾਲ, ਸੁਤੰਤਰ ਕੁਮਾਰ, ਬਲਰਾਮ ਸਿੰਘ ਮੱਲਪੁਰ, ਪਰਮਿੰਦਰ ਮੇਨਕਾ ਤੋਂ ਇਲਾਵਾ ਭਾਰੀ ਗਿਣਤੀ ਵਿਚ ਪਾਰਟੀ ਵਰਕਰ ਹਾਜ਼ਰ ਸਨ।

----

# ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦਾ 128ਵਾਂ ਜਨਮ ਦਿਵਸ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ

ਡਾ. ਬੀ. ਆਰ. ਅੰਬੇਡਕਰ ਪੀਪਲ ਐਜੂਕੇਸ਼ਨ ਐਡ ਵੈਲਫੇਅਰ ਏਡ ਸੁਸਾਇਟੀ, ਪੰਜਾਬ, ਇੰਡੀਆ ਸੰਸਥਾ ਜੋ ਕਿ ਸੈਕਰਾਮੈਂਟੋ ਅਤੇ ਯੂਬਾ ਸਿਟੀ, ਕੈਲੀਫੋਰਨੀਆ, ਅਮਰੀਕਾ ਦੀਆਂ ਸਮੂੰਹ ਸੰਗਤਾਂ ਦੇ ਸਹਿਯੋਗ ਦੇ ਨਾਲ ਪੰਜਾਬ ਵਿੱਚ ਚੱਲ ਰਹੀ ਹੈ ਵਲੋਂ ਸੈਕਰਾਮੈਂਟੋ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 128ਵੇਂ ਜਨਮ ਦਿਵਸ ਸ਼ਨੀਵਾਰ, 11 ਮਈ 2019 ਨੂੰ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਮਨਾਏ ਗਏ। ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ ਭਾਈ ਜਸਪਾਲ ਸਿੰਘ ਜੀ ਦੇ ਜੱਥੇ ਅਤੇ ਸ੍ਰੀ ਰਾਜ ਲੱਧੜ ਜੀ ਵਲੋਂ ਸ਼ਬਦ ਕੀਰਤਨ ਨਾਲ ਕੀਤੀ ਗਈ। ਮੁੱਖ ਮਹਿਮਾਨ ਪ੍ਰੋਫੈਸਰ ਐਚ ਐਲ ਕਪੂਰ ਅਤੇ ਆਏ ਹੋਏ ਸਮੂੰਹ ਮਹਿਮਾਨਾਂ ਵਲੋਂ ਸ਼ਰਧਾ ਅਤੇ ਸਤਿਕਾਰ ਵਜੋਂ ਬਾਬਾ ਸਾਹਿਬ ਦੀ ਫ਼ੋਟੋ ਤੇ ਫੁੱਲ ਮਾਲਾ ਭੇਟ ਕੀਤੇ ਗਏ। ਸ੍ਰੀ ਮੋਹਿੰਦਰ ਸਿੰਘ ਧਾਮੀ (ਕਨਵੀਨਰ) ਵਲੋਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਆਖਿਆ ਗਿਆ ਅਤੇ ਪੰਜਾਬ ਵਿੱਚ ਸੰਸਥਾ ਦੇ ਚੱਲ ਰਹੇ ਕੰਮਾਂ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਸਥਾ ਵਲੋਂ ਹਰ ਸਾਲ ਗ਼ਰੀਬ ਬੱਚਿਆਂ ਲਈ ਦੋ ਕਿੱਤਾਮੁਖੀ ਟ੍ਰੇਨਿੰਗ ਕੈਂਪ (ਸਰਕਾਰੀ ਨਿਯਮਾਂ ਅਨੁਸਾਰ) ਲਾਗਏ ਜਾਂਦੇ ਹਨ ਜਿਨ੍ਹਾਂ ਵਿੱਚ ਹਰ ਵਰਗ ਦੀਆਂ ਬੱਚੀਆਂ (ਗ਼ਰੀਬ, ਵਿਧਵਾਵਾਂ, ਰਿਸਤੇਦਾਰਾਂ ਵਲੋਂ ਪਰੇਸ਼ਾਨ) ਟ੍ਰੇਨਿੰਗ ਪੂਰੀ ਹੋਣ ਤੋਂ ਬਾਅਦ ਸਰਟੀਫਿਕੇਟ ਵੰਡ ਸਮਾਗ਼ਮ ਵਿੱਚ ਆਪਣੇ ਸਰਟੀਫਿਕੇਟ ਪ੍ਰਾਪਤ ਕਰਦੀਆਂ ਹਨ ਅਤੇ ਆਪਣਾ ਰੋਜ਼ਗਾਰ ਚਲਾ ਸਕਦੀਆਂ ਹਨ ਅਤੇ ਚਲਾ ਰਹੀਆਂ ਹਨ। ਦੇਸ਼ਾਂ ਵਿਦੇਸ਼ਾਂ ਵਿੱਚ ਸੰਸਥਾ ਵੱਲੋਂ ਚਲਾਏ ਜਾਂਦੇ ਪ੍ਰੋਗਰਾਮਾਂ ਨੂੰ ਭਾਰੀ ਹੁੰਗਾਰਾ ਅਤੇ ਮੱਦਦ ਮਿਲ ਰਹੀ ਹੈ।

ਇਹ ਸੰਸਥਾ ਹੁਣ ਤੱਕ ਛੇ ਟ੍ਰੇਨਿੰਗ ਕੈਂਪ ਆਯੋਜਿਤ ਕਰ ਚੁੱਕੀ ਹੈ, ਜਿਨ੍ਹਾਂ ਵਿੱਚ ਹੁਣ ਤੱਕ 441 ਲੋੜਵੰਦ ਬੱਚਿਆਂ ਨੂੰ ਟ੍ਰੇਨਿੰਗ ਦਿਤੀ ਜਾ ਚੁੱਕੀ ਹੈ। ਆਉਣ ਵਾਲੇ ਸਮੇਂ ਵਿੱਚ ਨਵੇਂ ਕੰਪਿਊਟਰ ਕੋਰਸ ਵੀ ਸ਼ੁਰੂ ਕੀਤੇ ਜਾਣਗੇ ਜਿਨ੍ਹਾਂ ਲਈ ਨਵੇਂ ਕੰਪਿਊਟਰਾਂ ਦੀ ਲੋੜ ਹੈ।

ਇਸ ਤੋਂ ਬਾਅਦ ਮੁੱਖ ਮਹਿਮਾਨ ਪ੍ਰੋਫੈਸਰ ਐਚ ਐਲ ਕਪੂਰ, ਹੋਰ ਬੁਲਾਰਿਆਂ ਜਿਨ੍ਹਾਂ ਵਿੱਚ ਸ਼੍ਰੀ ਕਲੇ, ਸ਼੍ਰੀ ਪ੍ਰੇਮ ਕੁਮਾਰ ਚੁੰਬਰ, ਸ਼੍ਰੀ ਕੇਵਲ ਬੋਲੀਨਾਂ, ਬੇਟੀ ਗੁਰਪ੍ਰੀਤ ਕੌਰ ਕਾਹਮਾ ਨੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜੀਵਨ ਅਤੇ ਸੰਦੇਸ਼ ਵਿਸ਼ੇ ਤੇ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ। ਮਿਸ਼ਨਰੀ ਗਾਇਕ ਸ਼੍ਰੀ ਮਨਜੀਤ ਰੱਲ, ਸ਼੍ਰੀ ਅਸ਼ੋਕ ਅਤੇ ਸ਼੍ਰੀ ਜਸਵਿੰਦਰ ਮਢਾਰਾ ਨੇ ਮਿਸ਼ਨਰੀ ਗੀਤ ਪੇਸ਼ ਕੀਤੇ। ਸ਼੍ਰੀ ਰਾਮ ਸੇਵਕ ਭਾਟੀਆ ਅਤੇ ਸ਼੍ਰੀ ਬਲਜੀਤ ਸਿੰਘ ਕਾਹਮਾ ਦੋਹਾਂ ਵਲੋਂ ਸਟੇਜ ਦੀ ਕਾਰਵਾਈ ਬਖ਼ੂਬੀ ਚਲਾਈ ਗਈ। ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਦੇ ਚੇਅਰਮੈਨ ਸ਼੍ਰੀ ਤੇਜਪਾਲ ਵਿਰਕ ਨੇ ਆਪਣੇ ਨਵੇਂ ਬਿਜਨੈਸ ਰਾਇਲ ਈਵੈਂਟ ਹਾਲ ਦਾ ਉਦਘਾਟਨ ਨਵੇਂ ਹਾਲ ਵਿੱਚ ਡਾ. ਅੰਬੇਡਕਰ ਜੀ ਦੇ ਜਨਮ ਦਿਵਸ ਦੇ ਸਮਾਗ਼ਮ ਆਯੋਜਿਤ ਕਰਕੇ ਕੀਤਾ।

ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ, ਸ਼੍ਰੀ ਗੁਰੂ ਰਵਿਦਾਸ ਟੈਪਲ ਯੂਬਾ ਸਿਟੀ, ਮਹਾਰਿਸ਼ੀ ਵਾਲਮੀਕ ਸਭਾ ਯੂ ਐਸ ਏ, ਯੂਬਾ ਸਿਟੀ ਅਤੇ ਹੋਰ ਗੁਰੂਘਰਾਂ ਦੇ ਮੌਜੂਦਾ ਅਤੇ ਸਾਬਕਾ ਕਮੇਟੀ ਮੈਂਬਰਾ ਨੇ ਅਤੇ ਹੋਰ ਅਨੇਕਾਂ ਸੰਗਤਾਂ ਨੇ ਪਰਿਵਾਰਾਂ ਨਾਲ ਇਨ੍ਹਾਂ ਸਮਾਗਮਾਂ ਵਿੱਚ ਹਾਜ਼ਰੀ ਭਰੀ। ਇਹ ਸਮਾਗ਼ਮ ਸੈਕਰਾਮੈਂਟੋ ਅਤੇ ਯੂਬਾ ਸਿਟੀ ਦੀਆਂ ਸਮੂੰਹ ਸੰਗਤਾਂ ਵਲੋਂ ਸਾਂਝੇ ਤੌਰ ਤੇ ਸਜਾਏ ਗਏ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਸਾਂਝੇ ਤੌਰ ਤੇ ਵਾਰੀ ਵਾਰੀ ਮਨਾਉਣ ਦਾ ਫ਼ੈਸਲਾ ਕੀਤਾ ਗਿਆ। ਡਾ. ਬੀ. ਆਰ. ਅੰਬੇਡਕਰ ਪੀਪਲ ਐਜੂਕੇਸ਼ਨ ਐਡ ਵੈਲਫੇਅਰ ਏਡ ਸੁਸਾਇਟੀ, ਪੰਜਾਬ, ਇੰਡੀਆ ਦੇ ਕਨ-ਵੀਨਰ ਸ਼੍ਰੀ ਮੋਹਿੰਦਰ ਸਿੰਘ ਧਾਮੀ ਵਲੋਂ ਸਾਰੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਨੇ ਵਿਸ਼ੇਸ਼ ਤੌਰ ਤੇ ਸ਼੍ਰੀ ਦਲਵਿੰਦਰ ਰੱਲ, ਸ਼੍ਰੀ ਸ਼ਿੰਗਾਰਾ ਸਿੰਘ ਰੱਲ, ਸ਼੍ਰੀ ਪ੍ਰਸ਼ੋਤਮ ਸੂਦ, ਸ਼੍ਰੀ ਪ੍ਰੇਮ ਸੋਂਧੀ, ਸ਼੍ਰੀ ਸੰਤੋਖ ਗਿੱਲ, ਸ਼੍ਰੀ ਦਰਸ਼ਨ ਵਿਰਕ, ਸ਼੍ਰੀ ਰਾਮ ਸੇਵਕ ਭਾਟੀਆ, ਸ਼੍ਰੀ ਜੋਗਿੰਦਰ ਚੁੰਬਰ, ਸ਼੍ਰੀ ਲਸ਼ਕਰ ਸਿੰਘ ਬੱਧਣ, ਸ਼੍ਰੀ ਰਾਜ ਬੱਧਣ, ਸ਼੍ਰੀ ਸਤੀਸ਼ ਰੱਲ, ਸ਼੍ਰੀ ਤੇਜਪਾਲ ਵਿਰਕ, ਸ਼੍ਰੀ ਸੁਰਿੰਦਰ ਸਿੰਘ ਮੱਲ, ਸ਼੍ਰੀ ਹਰਬੰਸ ਸਿੰਘ ਰੱਲ, ਸ਼੍ਰੀ ਕੇਵਲ ਬੋਲੀਨਾਂ, ਸ਼੍ਰੀ ਗੁਰਮੇਲ ਰਾਜ ਕਾਜਲਾ, ਸ਼੍ਰੀ ਅਜੈ ਪੜਵੱਗਾ, ਮਿਸਟਰ ਕਲੇ, ਸ਼੍ਰੀ ਮਨਜੀਤ ਪਾਲ, ਸ਼੍ਰੀ ਇੰਦਰਜੀਤ ਪੜਵੱਗਾ, ਸ਼੍ਰੀ ਰਾਜ ਸੂਦ, ਸ਼੍ਰੀ ਰਾਜ ਲੱਧੜ ਅਤੇ ਸ਼੍ਰੀ ਬਲਜੀਤ ਸਿੰਘ ਦਾ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਅਤੇ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

ਸ਼੍ਰੀ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ ਅਦਾਰਾ ਦੇਸ਼ ਦੋਆਬਾ ਅਤੇ ਅੰਬੇਡਕਰ ਟਾਇਮਸ ਨੇ ਇਸ ਸਾਰੇ ਸਮਾਗਮ ਦੀ ਮੀਡੀਆ ਕਵਰੇਜ਼ ਕੀਤੀ।

ਹੋਰ ਜਾਣਕਾਰੀ ਲਈ ਸ਼ੰਸਥਾ ਦਾ
Facebook page visit ਕਰੋ ਜੀ:
Dr BR Ambedkar People Education and
Welfare Aid Society Punjab India

**(ਤਸਵੀਰਾਂ ਦੇਖੋ ਸਫਾ 12 ‘ਤੇ)**

# ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦਾ 128ਵਾਂ ਜਨਮ ਦਿਵਸ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ



















ਰਿਪੋਰਟ ਦੇਖੋ ਸਫਾ 11 'ਤੇ








# ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਦੇ 11ਵੇਂ ਸਾਲਾਨਾ ਸਮਾਗਮ ਦੀਆਂ ਕੁਝ ਝਲਕੀਆਂ














All Pictures by Prem K. Chumber Desh Doaba









# ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਦੇ 11ਵੇਂ ਸਾਲਾਨਾ ਸਮਾਗਮ ਦੀਆਂ ਕੁਝ ਝਲਕੀਆਂ




















All Pictures by Prem K. Chumber Desh Doaba





# ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਦੇ 11ਵੇਂ ਸਾਲਾਨਾ ਸਮਾਗਮ ਦੀਆਂ ਕੁਝ ਝਲਕੀਆਂ












All Pictures by Prem K. Chumber Desh Doaba












# ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਦੇ 11ਵੇਂ ਸਾਲਾਨਾ ਸਮਾਗਮ ਦੀਆਂ ਕੁਝ ਝਲਕੀਆਂ

















All Pictures by Prem K. Chumber Desh Doaba











ਦੇਸ਼-ਵਿਦੇਸ਼ ਪੰਜਾਬੀ ਭਾਈਚਾਰੇ 'ਚ ਜਾਣਿਆ-ਪਹਿਚਾਣਿਆ ਉੱਘਾ ਸ਼ਾਇਰ ਕਮਲ ਬੰਗਾ ਸੈਕਰਾਮੈਂਟੋ, ਹੁਣ ਤੱਕ ਕਵਿਤਾ/ਗ਼ਜ਼ਲ ਦੀਆਂ 13 ਕਿਤਾਬਾਂ ਮਾਂ-ਬੋਲੀ ਪੰਜਾਬੀ ਦੀ ਝੋਲੀ 'ਚ ਪਾ ਚੁੱਕਾ ਹੈ। ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਦੇ 30ਵੇਂ ਮੇਲੇ ਦੇ ਪ੍ਰਬੰਧਕਾਂ, ਸਪਾਂਸਰਾਂ, ਕਲਾਕਾਰਾਂ ਤੇ ਸਾਰੇ ਸਹਿਯੋਗੀਆਂ ਨੂੰ ਕਮਲ ਬੰਗਾ ਵੱਲੋਂ ਦਿਲੀ ਹਾਰਦਿਕ ਵਧਾਈ।





ਕਮਲ ਬੰਗਾ, ਸੈਕਰਾਮੈਂਟੋ

916-897-8570



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

**ਪੁਰਾਣੇ ਟਾਇਰਾਂ ਦੀ ਸੇਲ**

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**

**WASH, LUBE, BRAKES**

Call:

650-642-0697

**3525 Highway 99, West Corning, CA 96021**

Across the Street from TA Truck Stop

# ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਦਾ ਸੰਕਟ ਕਿਵੇਂ ਹੱਲ ਹੋਵੇ?



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿਚ ਝੋਨੇ ਦੀ ਲੁਆਈ ਦਾ ਸਮਾਂ 20 ਜੂਨ ਤੋਂ ਘਟਾ ਕੇ 13 ਜੂਨ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਸਰਕਾਰ ਨੇ 2009 ਦੌਰਾਨ 10 ਜੂਨ ਤੋਂ ਪਹਿਲਾਂ ਸੂਬੇ ਵਿਚ ਝੋਨੇ ਦੀ ਲੁਆਈ ਉੱਤੇ ਰੋਕ ਲਗਾਈ ਸੀ ਅਤੇ 2018 ਦੌਰਾਨ ਇਸ ਸਮੇਂ ਨੂੰ 20 ਜੂਨ ਕਰ ਦਿੱਤਾ ਗਿਆ ਅਤੇ ਇਸ ਨੂੰ ਹੋਰ ਅੱਗੇ ਕਰਨ ਦੀ ਗੱਲ ਵੀ ਹੁੰਦੀ ਰਹੀ ਹੈ। ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ ਨੇ ਦਲੀਲ ਦਿੱਤੀ ਕਿ ਪਿਛਲੇ ਸਾਲ 20 ਜੂਨ ਜਾਂ ਉਸ ਤੋਂ ਬਾਅਦ ਲਗਾਏ ਗਏ ਝੋਨੇ ਦੀ ਜਿੱਥੇ ਪ੍ਰਤਿ ਏਕੜ ਉਤਪਾਦਕਤਾ ਘਟੀ, ਉੱਥੇ ਝੋਨੇ ਦੀ ਫ਼ਸਲ ਦੀ ਕਟਾਈ ਵਿਚ ਦੇਰੀ ਹੋਣ ਕਰਕੇ ਝੋਨੇ ਦੀ ਜਿਨਸ ਵਿਚ ਨਮੀ ਵਧਣ ਕਾਰਨ ਕਿਸਾਨਾਂ ਨੂੰ ਇਸ ਦੀ ਵਿਕਰੀ ਵਿਚ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਕੁਝ ਲੋਕਾਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਦੇਸ ਦੀ ਲੋਕ ਸਭਾ ਦੀ ਹੋ ਰਹੀਆਂ ਚੋਣਾਂ ਦੌਰਾਨ ਚੋਣ ਜ਼ਾਬਤਾ ਲੱਗੇ ਹੋਣ ਦੇ ਬਾਵਜੂਦ ਪੰਜਾਬ ਦੇ ਮੁੱਖ ਮੰਤਰੀ ਨੇ ਸੂਬੇ ਵਿਚ ਝੋਨੇ ਦੀ ਲੁਆਈ ਦਾ ਐਲਾਨ ਕਰਕੇ ਕਿਸਾਨਾਂ ਦੀਆਂ ਵੋਟਾਂ ਆਪਣੀ ਪਾਰਟੀ ਦੇ ਹੱਕ ਵਿਚ ਭੁਗਤਾਉਣ ਦਾ ਯਤਨ ਕੀਤਾ ਹੈ ਕਿਉਂਕਿ ਵਰਤਮਾਨ ਸਮੇਂ ਦੌਰਾਨ ਪੰਜਾਬ ਸਰਕਾਰ ਸੂਬੇ ਦੀਆਂ ਕਿਸਾਨ ਜੱਥੇਬੰਦੀਆਂ ਦੀਆਂ ਚਿਤਾਵਨੀਆਂ ਅਤੇ ਵਿਰੋਧ ਦਾ ਸਾਮਹਣਾ ਕਰਨ ਦਾ ਰਾਜਸੀ ਖ਼ਤਰਾ ਮੁੱਲ ਲੈਣ ਦੀ ਸਥਿਤੀ ਵਿਚ ਨਹੀਂ ਹੈ।

ਪੰਜਾਬ ਦੇ ਮੁੱਖ ਮੰਤਰੀ ਦੇ ਸੂਬੇ ਵਿਚ ਝੋਨੇ ਦੀ ਲੁਆਈ ਦੇ ਐਲਾਨ ਨਾਲ ਹੀ ਇੱਥੋਂ ਦੇ ਜ਼ਮੀਨ ਹੇਠਲੇ ਪਾਣੀ ਦੇ ਲਗਾਤਾਰ ਥੱਲੇ ਜਾਣ; ਪਾਣੀ-ਹਵਾ ਦੇ ਪ੍ਰਦੂਸ਼ਣ; ਜ਼ਮੀਨ ਦੀ ਵਿਗੜ ਰਹੀ ਸਿਹਤ ਆਦਿ ਮੁੱਦੇ ਮੁੜ ਚਰਚਾ ਵਿਚ ਆ ਗਏ ਹਨ। ਲੇਖਕ ਅਤੇ ਉਸਦੇ ਸਹਿਯੋਗੀਆਂ ਵਲੋਂ ਕੀਤੇ ਗਏ ਖੋਜ ਅਧਿਐਨ "ਗਰਾਊਂਡ ਵਾਟਰ ਡਿਪਲਪਮੈਂਟ ਇੰਨ ਪੰਜਾਬ" ਤੋਂ ਇਹ ਸਾਹਮਣੇ ਆਇਆ ਹੈ ਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਥੱਲੇ ਨੂੰ ਜਾਣ ਦੇ ਕਈ ਕਾਰਨ ਹਨ। ਇਨ੍ਹਾਂ ਕਾਰਨਾਂ ਵਿਚੋਂ ਸਭ ਤੋਂ ਮਹੱਤਵਪੂਰਨ ਪਾਣੀ ਦੀ ਖੇਤੀਬੜੀ ਲਈ ਸਿੰਚਾਈ ਦੀ ਵਰਤੋਂ ਹੈ। ਧਰਤੀ ਹੇਠਲੇ ਪਾਣੀ ਦੇ ਥੱਲੇ ਵੱਲ ਨੂੰ ਜਾਣ ਵਾਲੇ ਉਹ ਵਿਕਾਸ ਖੰਡ ਹਨ ਜਿਨ੍ਹਾਂ ਵਿਚ ਫ਼ਸਲਾਂ ਪੈਦਾ ਕਰਨ ਲਈ ਸਿੰਚਾਈ ਵਾਲੇ ਪਾਣੀ ਦੀ ਉਸ ਦੀ ਉਪਲਬਧ ਮਾਤਰਾ ਦੇ ਮੁਕਾਬਲੇ ਕਿਤੇ ਵੱਧ ਵਰਤੋਂ ਹੋ ਰਹੀ ਹੈ। ਫ਼ਸਲਾਂ ਦੇ ਜੋੜ ਅਤੇ ਧਰਤੀ ਹੇਠਲੇ ਪਾਣੀ ਦੇ ਸੰਤੁਲਨ ਵਿਚ ਗੂੜ੍ਹਾ ਸਹਿ-ਸੰਬੰਧ ਹੈ। ਉਦਾਹਰਣ ਲਈ, ਪੰਜਾਬ ਸੂਬੇ ਵਿਚ ਧਰਤੀ ਹੇਠਲੇ ਪਾਣੀ ਦੀ ਬਹੁਤ ਹੀ ਕਮੀ ਵਾਲੇ ਵਿਕਾਸ ਖੰਡਾਂ ਵਿਚ ਕਣਕ ਅਤੇ ਝੋਨਾ ਬੀਜਿਆ ਜਾਂਦਾ ਹੈ। ਇਹ ਦੋ ਫ਼ਸਲਾਂ ਕੁੱਲ ਬੀਜੇ ਗਏ ਰਕਬੇ ਦਾ ਤਿੰਨ-ਚੌਥਾਈ ਤੋਂ ਵੀ ਜ਼ਿਆਦਾ ਹਿੱਸਾ ਹਨ।

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਤੇਜ਼ੀ ਨਾਲ ਥੱਲੇ ਵੱਲ ਨੂੰ ਜਾਣ ਦੇ ਸੰਬੰਧ ਵਿਚ ਝੋਨੇ ਦੀ ਬਿਜਾਈ ਹੇਠ ਆਇਆ ਰਕਬਾ ਵਿਸ਼ੇਸ ਮਹੱਤਤਾ ਰੱਖਦਾ ਹੈ। ਝੋਨੇ ਦੀਆਂ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਲਈ ਸਿੰਚਾਈ ਦੀ ਲੋੜ ਕਣਕ, ਨਰਮਾ, ਮੱਕੀ ਅਤੇ ਹੋਰ ਬਹੁਤ ਸਾਰੀਆਂ ਫ਼ਸਲਾਂ ਦੀ ਤੁਲਨਾ ਵਿਚ ਬਹੁਤ ਹੀ ਜ਼ਿਆਦਾ ਹੈ। ਪੰਜਾਬ ਵਿਚ 1973 ਤੋਂ ਪਿੱਛੋਂ ਵਿਸ਼ੇਸ਼ ਕਰਕੇ ਪਰੰਪਰਾਗਤ ਤੌਰ ਉੱਤੇ ਗ਼ੈਰ-ਝੋਨਾ ਖੇਤਰਾਂ ਅਤੇ ਬਹੁਤ ਘੱਟ ਬਾਰਿਸ਼ ਹੋਣ ਵਾਲੇ ਵਿਕਾਸ ਖੰਡਾਂ/ ਇਲਾਕਿਆਂ ਵਿਚ ਝੋਨੇ ਦੀ ਲਵਾਈ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ ਹੈ। ਲਗਭਗ ਉਹ ਸਾਰੇ ਵਿਕਾਸ ਖੰਡKਇਲਾਕੇ ਜਿਨਾਂ ਵਿਚ ਕੁੱਲ ਬੀਜੇ ਜਾਣ ਵਾਲੇ ਰਕਬੇ ਵਿਚੋਂ ਵਧੇਰੇ ਥਾਂ ਝੋਨੇ ਦੀ ਲਵਾਈ ਨੂੰ ਦਿੱਤੀ ਜਾਂਦੀ ਹੈ ਉਹ ਵਿਕਾਸ ਖੰਡ/ ਇਲਾਕੇ ਹਨ, ਜਿਨਾਂ ਵਿਚ ਧਰਤੀ ਹੇਠਲੇ ਪਾਣੀ ਦਾ ਨਕਾਰਆਤਮਿਕ ਸਤੁੰਲਨ ਹੈ। ਕੇਂਦਰ ਸਰਕਾਰ ਦੁਆਰਾ ਪੰਜਾਬ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਦੀ ਕਾਮਯਾਬੀ ਦੇ ਨਤੀਜੇ ਵਜੋਂ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਹੋਏ ਅਥਾਹ ਵਾਧੇ ਨੂੰ ਧਿਆਨ ਵਿਚ ਰੱਖਦੇ ਹੋਏ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਾਉਣੀ ਦੀਆਂ ਹੋਰ ਜਿਨਸਾਂ ਦੇ ਮੁਕਾਬਲੇ ਝੋਨੇ ਦੀ ਮੁਕਾਬਲਤਨ ਜ਼ਿਆਦਾ ਘੱਟੋ-ਘੱਟ ਸਮਰਥਨ ਕੀਮਤ ਮਿਥਣ ਅਤੇ ਉਸ ਕੀਮਤ ਉੱਪਰ ਉਸ ਦੇ ਖਰੀਦਣ ਨੂੰ ਯਕੀਨੀ ਬਣਾ ਕੇ ਝੋਨੇ ਦੀ ਫ਼ਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਉੱਪਰ ਮੜ੍ਹ ਦਿੱਤੀ ਗਈ ਹੈ।

ਪੰਜਾਬ ਸੂਬੇ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਤੇਜ਼ ਨਾਲ ਥੱਲੇ ਵੱਲ ਨੂੰ ਜਾਣ ਤੋਂ ਪੈਦਾ ਹੋਣ ਵਾਲੀਆਂ ਕੁਝ ਅਹਿਮ ਸਮੱਸਿਆਵਾਂ ਨੂੰ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਪੰਜਾਬ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਣਾਉਣ ਤੋਂ ਪਹਿਲਾਂ ਆਮ ਤੌਰ ਉੱਤੇ ਸਿੰਚਾਈ ਖੂਹਾਂ ਅਤੇ ਨਹਿਰਾਂ ਦੁਆਰਾ ਕੀਤੀ ਜਾਂਦੀ ਸੀ। ਇਸ ਜੁਗਤ ਨੂੰ ਅਪਣਾਉਣ ਨਾਲ ਸਿੰਚਾਈ ਦੀਆਂ ਲੋੜਾਂ ਵਧੀਆਂ ਜਿਸ ਦੇ ਨਤੀਜੇ ਵਜੋਂ ਸਿੰਚਾਈ ਦਾ ਮੁੱਖ ਸਾਧਨ ਟਿਊਬਵੈੱਲ ਬਣ ਗਏ। ਪੰਜਾਬ ਵਿਚ 1960-61 ਦੌਰਾਨ ਟਿਊਬਵੈੱਲਾਂ ਦੀ ਗਿਣਤੀ ਸਿਰਫ਼ 7445 ਸੀ ਜੋ ਪੰਜਾਬ ਸਰਕਾਰ ਦੇ ਅੰਕੜਾ-ਸਾਰ ਅਨੁਸਾਰ 2017-18 ਵਿਚ ਵਧ ਕੇ 14.76 ਲੱਖ ਹੋ ਗਈ ਹੈ। ਧਰਤੀ ਹੇਠਲਾ ਪਾਣੀ ਇੰਨੀ ਤੇਜ਼ੀ ਨਾਲ ਹੇਠਾਂ ਨੂੰ ਜਾ ਰਿਹਾ ਹੈ ਕਿ ਮੋਨੋਬਲਾਕ ਮੋਟਰਾਂ ਦੇ ਕੰਮ ਛੱਡਣ ਕਾਰਨ ਸਬਮਰਸੀਬਲ ਮੋਟਰਾਂ ਲਗਾਈਆਂ ਗਈਆਂ ਹਨ ਅਤੇ ਇਨ੍ਹਾਂ ਦੇ ਬੋਰਾਂ ਨੂੰ ਵੀ ਵਾਰ ਵਾਰ ਡੂੰਘਾ ਕਰਨਾ ਪਿਆ ਅਤੇ ਪੈ ਰਿਹਾ ਹੈ। ਸਿੰਚਾਈ ਦਾ ਇਹ ਸਾਧਨ ਬਹੁਤ ਮਹਿੰਗਾ ਹੋਣ ਕਾਰਨ ਸੀਮਾਂਤ ਅਤੇ ਛੋਟੇ ਕਿਸਾਨਾਂ ਦੇ ਵੱਸ ਤੋਂ ਬਾਹਰ ਹੁੰਦਾ ਜਾ ਰਿਹਾ ਹੈ, ਜਿਸ ਲਈ ਉਹ ਜਾਂ ਤਾਂ ਕਰਜ਼ਾ ਲੈਂਦੇ ਹਨ ਅਤੇ ਜਦੋਂ ਕਰਜ਼ਾ ਵੀ ਨਹੀਂ ਮਿਲਦਾ ਤਾਂ ਆਪਣੀ ਪਹਿਲਾਂ ਤੋਂ ਛੋਟੀ ਜੋਤ ਦਾ ਕੁਝ ਹਿੱਸਾ ਵੇਚ ਦਿੰਦੇ ਹਨ। ਹਾਲ ਦੀ ਘੜੀ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਨੀਤੀਆਂ ਕਿਸਾਨ-ਵਿਰੋਧੀ ਬਣਾਏ ਜਾਣ ਕਾਰਨ ਪੰਜਾਬ ਸਰਕਾਰ ਖੇਤੀਬਾੜੀ ਖੇਤਰ ਲਈ ਸਿੰਚਾਈ ਵਾਸਤੇ ਬਿਜਲੀ ਦੀ ਪੂਰਤੀ ਮੁਫ਼ਤ ਕਰ ਰਹੀ ਹੈ। ਇਸ ਦੇ ਸਿੱਟੇ ਵਜੋਂ ਪੰਜਾਬ ਸਰਕਾਰ ਨੂੰ ਲਗਾਤਾਰ ਵਧਦਾ ਹੋਇਆ ਵਿੱਤੀ ਬੋਝ ਸਹਿਣਾ ਪੈ ਰਿਹਾ ਹੈ। ਪੰਜਾਬ ਵਿਚ ਅਕਸਰ ਖੇਤੀਬਾੜੀ ਖੇਤਰ ਲਈ ਸਿੰਚਾਈ ਦੀਆਂ ਲੋੜਾਂ ਨਾਲੋਂ ਬਿਜਲੀ ਦੀ ਪੂਰਤੀ ਦੇ ਘਟ ਹੋਣ ਕਾਰਨ ਕਿਸਾਨਾਂ ਨੂੰ ਸਬਮਰਸੀਬਲ ਮੋਟਰਾਂ ਆਪਣੇ ਜਾਂ ਕਿਰਾਏ ਦੇ ਲਏ ਟਰੈਕਟਰਾਂ ਅਤੇ ਜਨਰੇਟਰਾਂ ਉੱਪਰ ਚਲਾਉਣੀਆਂ ਪੈਂਦੀਆਂ ਹਨ, ਜਿਸ ਉੱਪਰ ਉਨ੍ਹਾਂ ਦਾ ਬਹੁਤ ਖ਼ਰਚ ਹੁੰਦਾ ਹੈ ਜਿਹੜਾ ਉਨ੍ਹਾਂ ਸਿਰ ਕਰਜ਼ੇਦੇ ਵਧਣ ਦਾ ਇਕ ਕਾਰਨ ਬਣਦਾ ਹੈ।

1980 ਦੌਰਾਨ ਪੰਜਾਬ ਦੇ 3712 ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਥੁੜ੍ਹ ਦੀ ਸਮੱਸਿਆ ਸੀ, 2007 ਦੌਰਾਨ ਇਨ੍ਹਾਂ ਪਿੰਡਾਂ ਦੀ ਗਿਣਤੀ 8515 ਹੋ ਗਈ। ਵਰਤਮਾਨ ਸਮੇਂ ਦੌਰਾਨ ਪੀਣ ਵਾਲੇ ਪਾਣੀ ਦੀ ਥੁੜ੍ਹ ਵਾਲੇ ਪਿੰਡਾਂ ਦੀ ਗਿਣਤੀ ਹੋਰ ਜ਼ਿਆਦਾ ਹੋਣ ਦੇ ਨਾਲ ਨਾਲ ਖੇਤੀਬਾੜੀ ਉਤਪਾਦਨ ਲਈ ਵਰਤੀਆਂ ਜਾ ਰਹੀਆਂ ਰਸਾਇਨਿਕ ਖਾਦਾਂ, ਕੀਟਨਾਸ਼ਕ ਅਤੇ ਨਦੀਨਨਾਸ਼ਕ ਅਤੇ ਹੋਰ ਜ਼ਹਿਰਾਂ ਅਤੇ ਉਦਯੋਗਾਂ ਦੁਆਰਾ ਦਰਿਆਵਾਂ, ਨਦੀਆਂ ਅਤੇ ਨਹਿਰਾਂ ਵਿਚ ਉਨ੍ਹਾਂ ਦੀ ਰਹਿੰਦ/ਖੂੰਹਦ ਅਤੇ ਰਸਾਇਣਕ ਪਦਾਰਥ ਪਾਉਣ ਜਾਂ ਸੁੱਟਣ ਨਾਲ ਇਹ ਪਦਾਰਥ ਧਰਤੀ ਹੇਠਲੇ ਪਾਣੀ ਵਿਚ ਘੁਲ ਗਏ ਹਨ, ਜਿਸ ਦੇ ਨਤੀਜੇ ਵਜੋਂ ਪੰਜਾਬ ਦੇ ਬਹੁਤ ਜ਼ਿਆਦਾ ਖੇਤਰਾਂ ਵਿਚ ਧਰਤੀ ਹੇਠਲਾ ਪਾਣੀ ਸਿੱਧੇ ਤੌਰ ਉੱਤੇ ਪੀਣ ਵਾਲਾ ਹੀ ਨਹੀਂ ਰਿਹਾ। ਇਸ ਤੋਂ ਬਿਨਾਂ ਝੋਨੇ ਦੀ ਫ਼ਸਲ ਲਈ ਛੱਪੜ-ਸਿੰਚਾਈ ਦੀ ਲੋੜ ਕਾਰਨ ਪੈਦਾ ਹੋਈ ਮੀਥੇਨ ਗੈਸ ਅਤੇ ਕਿਸਾਨਾਂ ਦੀ ਮਜ਼ਬੂਰੀ ਕਾਰਨ ਝੋਨੇ ਦੀ ਪਰਾਲੀ ਨੂੰ ਲਗਾਈ ਜਾਂਦੀ ਅੱਗ ਕਾਰਨ ਪੈਦਾ ਹੋਈ ਕਾਰਬਨਡਾਇਔਕਸਾਈਡ ਗੈਸ ਅਤੇ ਧੂੰਏਂ ਦੇ ਕਣ ਪੰਜਾਬ ਵਿਚ ਹਵਾ-ਪਾਣੀ ਦਾ ਪ੍ਰਦੂਸ਼ਣ ਵਧਾਉਣ ਦੇ ਨਾਲ-ਨਾਲ ਇਥੋਂ ਦੇ ਲੋਕਾਂ ਅਤੇ ਜਮੀਨ ਦੀ ਸਿਹਤ ਨੂੰ ਵਿਗਾੜ ਰਹੇ ਹਨ। ਪਾਣੀ ਬਿਨਾਂ ਜੀਵਨ ਸੰਭਵ ਨਹੀਂ, ਇਸ ਲਈ ਪਾਣੀ ਜੀਵਨ ਅੰਮ੍ਰਿਤ ਹੈ। ਧਰਤੀ ਹੇਠਲੇ ਪਾਣੀ ਦੇ ਲਗਾਤਾਰ ਤੇਜ਼ੀ ਨਾਲ ਹੇਠਾਂ ਜਾਣ ਕਾਰਨ ਪੰਜਾਬ ਦੇ ਰਹਿਣ ਵਾਲੇ ਅੱਜ ਵੀ ਸੰਤਾਪ ਭੋਗ ਰਹੇ ਹਨ ਅਤੇ ਆਉਣ ਵਾਲੇ ਸਮੇਂ ਦੌਰਾਨ ਧਰਤੀ ਹੇਠਲੇ ਪਾਣੀ ਇਹ ਥੁੜ੍ਹ ਜਿਹੜਾ ਕਹਿਰ ਬਣਕੇ ਪੰਜਾਬ ਦੇ ਲੋਕਾਂ ਨੂੰ ਘੇਰੇਗੀ ਇਸ ਦਾ ਕੋਈ ਅਨੁਮਾਨ ਨਹੀਂ ਲਗਾਇਆ ਜਾ ਸਕਦਾ। ਕੇਂਦਰ ਸਰਕਾਰ ਨੂੰ ਮੁਲਕ ਦੀ ਅਨਾਜ ਸੁਰੱਖਿਆ ਲਈ ਕਣਕ ਅਤੇ ਚਾਵਲ ਚਾਹੀਦੇ ਹਨ, ਉਸਨੂੰ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਕੀਮਤੀ ਸੋਮੇ ਦਾ ਉੱਕਾ ਹੀ ਫਿਕਰ ਨਹੀਂ ਹੈ। ਕੇਂਦਰ ਸਰਕਾਰ ਪੰਜਾਬ ਸਰਕਾਰ ਅਤੇ ਇੱਥੋਂ ਦੇ ਕਿਸਾਨਾਂ ਨੂੰ ਫ਼ਸਲੀ-ਵਿਭਿੰਨਤਾ ਬਾਰੇ ਬਹੁਤ ਸਾਰੀਆਂ ਸਲਾਹਾਂ/ਹਦਾਇਤਾਂ ਦਿੰਦੀ ਰਹਿੰਦੀ ਹੈ, ਪਰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਰਾਹੀਂ ਆਪ ਹੀ ਇਸਦੇ ਉਲਟ ਚੱਲ ਰਹੀ ਹੈ। ਜੇਕਰ ਕੇਂਦਰ ਸਰਕਾਰ ਨੇ ਇਸ ਸੰਬੰਧ ਵਿਚ ਆਪਣੀ ਵਰਤਮਾਨ ਨੀਤੀ ਨੂੰ ਨਾ ਬਦਲਿਆ ਤਾਂ ਆਉਣ ਵਾਲੇ ਸਮੇਂ ਦੌਰਾਨ ਝੋਨੇ ਦੀ ਫ਼ਸਲ ਦੀ ਲਵਾਈ ਦੂਰ ਦੀ ਗੱਲ ਰਹੀ, ਪੰਜਾਬ ਦੇ ਕਿਸਾਨਾਂ ਨੂੰ ਪਾਣੀ ਦੀ ਘੱਟ ਲੋੜ ਵਾਲੀਆਂ ਫ਼ਸਲਾਂ ਲਈ ਪਾਣੀ ਨਹੀਂ ਮਿਲ ਸਕੇਗਾ।

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੀ ਲਗਾਤਾਰ ਹੋਰ ਰਹੀ ਕਮੀ ਇਕ ਅਜਿਹੀ ਢੁਕਵੀਂ ਨੀਤੀ ਦੀ ਮੰਗ ਕਰਦੀ ਹੈ, ਜਿਸ ਨਾਲ ਉਪਯੋਗੀ ਕਦਮ ਚੁੱਕੇ ਜਾਣ। ਉਤਪਾਦਕਤਾ ਦਾ ਵਧੇਰੇ ਹੋਣਾ ਜਾਂ ਖੇਤੀਬਾੜੀ ਜਿਨਸਾਂ ਦੇ ਉਤਪਾਦਨ ਦੇ ਵਧੇਰੇ ਹੋਣ ਲਈ ਢੁਕਵੀਆਂ ਆਦਾਨ ਅਤੇ ਉਤਪਾਦਨ ਕੀਮਤਾਂ ਅਤੇ ਮੰਡੀ ਦੀ ਯਕੀਨੀ ਹੋਣਾ ਹੀ ਕਾਫ਼ੀ ਨਹੀ, ਸਗੋਂ ਖੇਤੀਬਾੜੀ ਦਾ ਸਦਾ ਲਈ ਚੱਲਦੇ ਰਹਿਣਾ ਪੰਜਾਬ ਦੇ ਵਿਕਾਸ ਦਾ ਧੁਰਾ ਹੋਣਾ ਚਾਹੀਦਾ ਹੈ। ਫ਼ਸਲੀ-ਵਿਭਿੰਨਤਾ ਲਿਆਉਣ ਲਈ ਫ਼ਸਲੀ-ਚੱਕਰ ਵਿਚ ਕਣਕ-ਝੋਨੇ ਦੀ ਬਿਜਾਈ-ਲਿਵਾਈ ਦੀ ਬਜਾਏ ਖੇਤੀਬਾੜੀ ਮਾਹਰਾਂ ਦੀ ਰਾਇ ਅਨੁਸਾਰ ਕਣਕ-ਮੱਕੀ, ਕਣਕ-ਨਰਮਾKਕਪਾਹ, ਕਣਕKਬਾਸਮਤੀ ਝੋਨਾ (ਬਾਸਮਤੀ ਝੋਨੇ ਲਈ ਝੋਨੇ ਦੀਆਂ ਪ੍ਰਚਲਤ ਕਿਸਮਾਂ ਨਾਲੋਂ ਸਿੰਚਾਈ ਦੀ ਲੋੜ ਕਿਤੇ ਘੱਟ ਅਤੇ ਪੰਜਾਬ ਖੇਤੀਬਾੜੀ ਜਲਵਾਯੂ ਹਾਲਤਾਂ ਦੇ ਸਦਕਾ ਦੁਨੀਆ ਦਾ ਸਭ ਤੋਂ ਵਧੀਆ ਝੋਨਾ ਪੰਜਾਬ ਵਿਚ ਹੀ ਪੈਦਾ ਹੁੰਦਾ ਹੈ-ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦਾ ਇਕ ਖੋਜ ਅਧਐਨ) ਜਾਂ ਹੋਰ ਫ਼ਸਾਲਾਂ ਅਪਣਾਈਆਂ ਅਤੇ ਬੀਜੀਆਂ-ਲਾਈਆਂ ਜਾਣ। ਅਜਿਹਾ ਕਰਨ ਲਈ ਉਹਨਾਂ ਫ਼ਸਲਾਂ ਦੀਆਂ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਵਾਜਬ ਪੱਧਰ ਉੱਪਰ ਤੈਅ ਕਰਨਾ ਅਤੇ ਉਨ੍ਹਾਂ ਕੀਮਤਾਂ ਉੱਪਰ ਸਰਕਾਰ ਦੁਆਰਾ ਉਨ੍ਹਾਂ ਦੀ ਖ਼ਰੀਦਦਾਰੀ ਯਕੀਨੀ ਬਣਾਉਣੀ ਪਵੇਗੀ।

ਦਰਿਆਈ ਪਾਣੀਆਂ ਦੀ ਵੰਡ ਦਾ ਮੁੱਦਾ ਮੁਲਕ ਦੀ ਸੁਪਰੀਮ ਕੋਰਟ ਵਿਚ ਹੈ। ਸਮਾਂ ਬੀਤਣ ਨਾਲ ਦਰਿਆਵਾਂ ਵਿਚ ਪਾਣੀ ਘਟ ਗਿਆ ਹੈ। ਸੂਬੇ ਵਿਚ ਸਿਰਫ਼ 27 ਫ਼ੀਸਦ ਰਕਬਾ ਹੀ ਨਹਿਰੀ ਪਾਣੀ ਨਾਲ ਸਿੰਜਿਆ ਜਾ ਰਿਹਾ ਹੈ ਅਤੇ ਬਾਕੀ ਦਾ 73 ਫ਼ੀਸਦ ਰਕਬਾ ਟਿਊਬਵੈੱਲਾਂ ਉੱਪਰ ਨਿਰਭਰ ਹੈ। ਦਰਿਆਈ ਪਾਣੀਆਂ ਦੇ ਸੰਬੰਧ ਵਿਚ ਪੰਜਾਬ ਨੂੰ ਇਨਸਾਫ਼ ਦਿੱਤਾ ਜਾਵੇ। ਇਸ ਲਈ ਦਰਿਆਈ ਪਾਣੀਆਂ ਦੀ ਵੰਡ ਸੰਬੰਧੀ ਰਿਪੇਰੀਅਨ ਸਿਧਾਂਤ ਨੂੰ ਆਧਾਰ ਬਣਾਇਆ ਜਾਵੇ। ਸਾਰਾ ਸਾਲ ਚੱਲਣ ਵਾਲੇ ਦਰਿਆਵਾਂ ਅਤੇ ਵਰਖਾ ਦੇ ਮੌਸਮ ਵਿਚ ਚੱਲਣ ਵਾਲੀਆਂ ਨਦੀਆਂ ਉੱਪਰ ਚੈੱਕ-ਡੈਮ ਬਣਾ ਕੇ ਹੜ੍ਹਾਂ ਤੋਂ ਛੁਟਕਾਰਾ ਦਵਾਇਆ ਅਤੇ ਇਸ ਪਾਣੀ ਨੂੰ ਨਹਿਰੀ ਸਿੰਚਾਈ ਲਈ ਵੀ ਵਰਤਿਆ ਜਾ ਸਕਦਾ ਹੈ। ਨਹਿਰੀ ਸਿੰਚਾਈ ਪ੍ਰਬੰਧ ਨੂੰ ਸੁਧਾਰਨ ਲਈ ਸਰਕਾਰ ਨੂੰ ਲੋੜੀਂਦਾ ਨਿਵੇਸ਼ ਕਰਦੇ ਹੋਏ ਨਹਿਰੀ ਸਿੰਚਾਈ ਨੂੰ ਵਰਤਮਾਨ ਪੱਧਰ ਤੋਂ ਕਾਫ਼ੀ ਵਧਾਉਣ ਦੀ ਲੋੜ ਹੈ। ਪੰਜਾਬ ਵਿਚ ਟੋਬਿਆਂKਛੱਪੜਾਂ ਉੱਪਰ ਨਜਾਇਜ਼ ਕਬਜਿਆਂ ਨੂੰ ਹਟਾਇਆ ਜਾਵੇ ਅਤੇ ਉਨ੍ਹਾਂ ਦੀ ਸਲਾਨਾ ਸਫ਼ਾਈ ਯਕੀਨੀ ਬਣਾਈ ਜਾਵੇ ਅਤੇ ਡਰੇਨਾਂ ਦੀ ਸਫ਼ਾਈ ਅਤੇ ਉਨ੍ਹਾਂ ਵਿਚ ਥੋੜ੍ਹੀ ਥੋੜ੍ਹੀ ਦੂਰੀ ਉੱਤੇ ਬੋਰ ਕੀਤੇ ਜਾਣ ਜਿਸ ਨਾਲ ਵਾਧੂ ਪਾਣੀ ਧਰਤੀ ਵਿਚ ਰਿਸ ਸਕੇ। ਇਸ ਤੋਂ ਬਿਨਾਂ ਧਰਤੀ ਹੇਠਲੇ ਪਾਣੀ ਨੂੰ ਵਧਾਉਣ ਲਈ ਰੇਨ-ਹਾਰਵੈਸਟਿੰਗ ਅਤੇ ਪੁਰਾਣੇ ਅਤੇ ਨਵੇਂ ਖੂਹਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਭਾਵੇਂ ਸਰਕਾਰੀ ਅਰਥ ਵਿਗਿਆਨੀ ਅਤੇ ਸਰਮਾਏਦਾਰ/ ਕਾਰਪੋਰੇਟ ਜਗਤ-ਪੱਖੀ ਝਾੜੂਬਰਦਾਰ ਪੰਜਾਬ ਦੇ ਕਿਸਾਨਾਂ ਨੂੰ ਸਿੰਚਾਈ ਲਈ ਦਿੱਤੀ ਗਈ ਸਹੂਲਤ ਉਪਰ ਤੁਰੰਤ ਰੋਕ ਲਗਾਉਣ ਦੀ ਜੋਰਦਾਰ ਵਕਾਲਤ ਕਰਦੇ ਹਨ, ਪਰ ਜਦੋਂ ਤੱਕ ਕੇਂਦਰ ਸਰਕਾਰ ਆਪਣੀਆਂ ਨੀਤੀਆਂ ਰਾਹੀਂ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਨਹੀਂ ਬਣਾਉਂਦੀ ਉਦੋਂ ਤੱਕ ਪੰਜਾਬ ਦੇ ਕਿਸਾਨਾਂ ਨੂੰ ਬਿਜਲੀ/ਪਾਣੀ ਮੁਫ਼ਤ ਦਿੱਤੀ ਜਾਵੇ, ਪਰ ਇਸ ਦੀ ਸੁਚੱਜੀ ਵਰਤੋਂ ਲਈ ਧਰਤੀ ਦੀਆਂ ਵੱਖ-ਵੱਖ ਕਿਸਮਾਂ ਲਈ ਸਿੰਚਾਈ ਦੀਆਂ ਔਸਤਨ ਲੋੜਾਂ ਨੂੰ ਨਿਸਚਿਤ ਕਰਦੇ ਹੋਏ ਮੀਟਰ ਪ੍ਰਣਾਲੀ ਨੂੰ ਅਪਣਾਇਆ ਜਾਵੇ। ਔਸਤਨ ਲੋੜਾਂ ਤੋਂ ਵੱਧ ਵਰਤੋਂ ਕਰਨ ਵਾਲੇ ਕਿਸਾਨਾਂ ਤੋਂ ਬਿਜਲੀKਪਾਣੀ ਦਾ ਬਾਜ਼ਾਰ ਦਾ ਮੁੱਲ ਲਿਆ ਜਾਵੇ। ਸਿੰਚਾਈ ਵਾਲੇ ਪਾਣੀ ਦੀ ਸੁਚੱਜੀ ਵਰਤੋਂ ਦੇ ਸੰਬੰਧ ਵਿਚ ਨਿਮਨ ਕਿਸਾਨੀ ਦੇ ਹੱਕ ਵਿਚ ਕੀਤੇ ਜਾਣ ਵਾਲੇ ਭੂਮੀ ਸੁਧਾਰ ਕਾਫ਼ੀ ਲਾਹੇਵੰਦ ਸਾਬਤ ਹੋ ਸਕਦੇ ਹਨ ਕਿਉਂਕਿ ਨਿਮਨ ਕਿਸਾਨ ਆਪਣੇ ਖੇਤਾਂ ਵਿਚ ਬਹੁਤ ਛੋਟੇ ਕਿਆਰੇ ਬਣਾ ਕੇ ਪਾਣੀ ਦੀ ਸੁਚੱਜੀ ਵਰਤੋਂ ਕਰਦੇ ਹਨ। ਇਸ ਤੋਂ ਬਿਨਾਂ ਸਿੰਚਾਈ ਦੀਆਂ ਨਵੀਆਂ/ ਕਫ਼ਾਇਤੀ ਤਕਨੀਕਾਂ/ ਵਿਧੀਆਂ ਦੇ ਵਿਕਾਸ ਲਈ ਖੋਜ ਉੱਪਰ ਨਿਵੇਸ਼ ਨੂੰ ਵਧਾਇਆ ਜਾਵੇ ਅਤੇ ਇਨ੍ਹਾਂ ਤਕਨੀਕਾਂ-ਵਿਧੀਆਂ ਨੂੰ ਅਪਣਾਉਣ ਲਈ ਨਿਮਨ ਕਿਸਾਨਾਂ ਨੂੰ ਤਰਜੀਹੀ ਸਬਸਿਡੀਆਂ ਦਿੱਤੀਆਂ ਜਾਣੀਆਂ ਯਕੀਨੀ ਬਣਾਈਆ ਜਾਣ।

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਥੱਲੇ ਨੂੰ ਜਾਣ ਤੋਂ ਰੋਕਣ ਲਈ ਉਪਰੋਕਤ ਸੁਝਾਵਾਂ ਬਿਨਾਂ ਉਦਯੋਗਾਂ ਸ਼ਹਿਰਾਂ ਅਤੇ ਪਿੰਡਾਂ ਵਿਚ ਪਾਣੀ ਦੀ ਨਜਾਇਜ਼ ਵਰਤੋਂ ਨੂੰ ਸਖ਼ਤੀ ਨਾਲ ਰੋਕਣ ਦੀ ਲੋੜ ਹੈ। ਇਸ ਸੰਬੰਧ ਵਿਚ ਆਮ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ ਕਿ ਉਹ ਪਾਣੀ ਦੀ ਵਰਤੋਂ ਸੰਬੰਧੀ ਸੰਜਮੀ ਸਭਾਅ ਬਣਾਉਣ ਅਤੇ ਇਸ ਤਰ੍ਹਾਂ ਮਹਿਸੂਸ ਕਰਨ ਲੱਗ ਜਾਣ ਕਿ ਪਾਣੀ ਦਾ ਅਜਾਈਂ ਡੋਲਿਆ ਹੋਇਆ ਇਕ ਤੁਪਕਾ ਵੀ ਸਾਡੀ ਨਾ-ਮੁਆਫ਼ ਕਰਨ ਵਾਲੀ ਗ਼ਲਤੀ ਹੈ ਕਿਉਂਕਿ ਇਹ ਮਸਲਾ ਸਰਕਾਰੀ-ਸਮਾਜਿਕ ਜ਼ਿੰਮੇਵਾਰੀ ਦੇ ਨਾਲ ਨਾਲ ਵਿਅਕਤੀਗਤ ਕਿਰਦਾਰ ਅਤੇ ਇਤਿਹਾਸਕ ਭੂਮਿਕਾ ਦਾ ਵੀ ਹੈ।

ਧਰਤੀ ਹੇਠਲੇ ਪਾਣੀ ਨੂੰ ਪੀਣ ਯੋਗ ਬਣਾਉਣ ਲਈ ਜ਼ਰੂਰੀ ਹੈ ਕਿ ਖੇਤੀਬਾੜੀ ਉਤਪਾਦਨ ਲਈ ਰਸਾਇਣਾਂ/ਜ਼ਹਿਰਾਂ ਦੀ ਵਰਤੋਂ ਨੂੰ ਨਿਯੰਤਰਣ ਕੀਤੇ ਜਾਣ ਅਤੇ ਉਦਯੋਗਾਂ ਦੁਆਰਾ ਦਰਿਆਵਾਂ, ਨਦੀਆਂ ਅਤੇ ਨਹਿਰਾਂ ਵਿਚ ਉਨ੍ਹਾਂ ਦੀ ਰਹਿੰਦ ਖੂਹਦ ਅਤੇ ਰਸਾਇਣਕ ਪਦਾਰਥ ਪਾਉਣ ਜਾਂ ਸੁੱਟਣ ਨੂੰ ਸਖਤੀ ਨਾਲ ਰੋਕਣ ਦੇ ਨਾਲ ਨਾਲ ਕੁਦਰਤੀ ਖੇਤੀਬਾੜੀ ਦੇ ਵਿਕਾਸ ਲਈ ਖੋਜ ਅਤੇ ਵਿਕਾਸ ਕਾਰਜਾਂ ਲਈ ਲੋੜੀਂਦਾ ਵਿੱਤ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ।

# ਬਾਪੂ ਦੀਆਂ ਗੱਲਾਂ



ਬਲਵੀਰ ਮੰਨਣ
91-94173-45485

ਇਸ ਜਾਮੇ ਵਿੱਚ ਆਏ ਮਨੁੱਖ ਨੂੰ ਬਾਪੂ ਦਾ ਮਿਲ ਜਾਣਾ, ਕੀ ਛੋਟੀ ਜਿਹੀ ਦਾਤ ਹੈ? ਉਹ ਬਾਪੂ, ਜਿਹੜਾ ਬੱਚੇ ਦੇ ਸਾਰੇ ਫ਼ਿਕਰ ਆਪਣੇ ਸਿਰ 'ਤੇ ਲੈ ਲੈਂਦਾ ਹੈ। ਉਹ ਬਾਪੂ, ਜਿਹੜਾ ਬੱਚੇ ਦੇ ਦਸੀਂ ਦਿਸ਼ਾਵੀਂ ਨਿਗ੍ਹਾ ਰੱਖਦਾ, ਉਸ ਵੱਲ ਤੱਕਣ ਵਾਲੀ ਮੁਸੀਬਤ ਨੂੰ, ਬੱਚੇ 'ਤੇ ਆਉਣ ਤੋਂ ਪਹਿਲਾਂ ਹੀ ਮੁਕਾ ਛੱਡਦਾ ਹੈ ਜਦਕਿ ਬੱਚੇ ਨੂੰ ਇਸ ਬਾਰੇ ਰਤਾ ਭਰ ਇਲਮ ਵੀ ਨਹੀਂ ਹੁੰਦਾ। ਉਹ ਬਾਪੂ, ਜਿਹੜਾ ਬੱਚਿਆਂ ਦੇ ਸਿਰ 'ਤੇ ਬੋਹੜ ਦੀ ਛਾਂ ਜਿਹਾ ਹੁੰਦਾ ਹੈ। ਉਹ ਬਾਪੂ, ਜਿਸ ਦੇ ਸਿਰ 'ਤੇ ਬੱਚਿਆਂ ਨੂੰ ਰਤਾ ਵੀ ਫ਼ਿਕਰ ਨਹੀਂ ਹੁੰਦਾ। ਉਹ ਬਾਪੂ, ਜਿਸ ਦੇ ਤੁਰ ਜਾਣ 'ਤੇ ਹੀ ਉਸ ਦੀ ਹੋਂਦ ਦੀ ਕੀਮਤ ਨੂੰ ਸਮਝ ਪਾਉਂਦੇ ਹਾਂ।

ਹਾਂ! ਮੇਰਾ ਬਾਪੂ ਵੀ ਇਵੇਂ ਦਾ ਸੀ। ਮੇਰਾ ਬਾਪੂ ਦਰਮਿਆਨੇ ਸਰੀਰ ਤੇ ਦਰਮਿਆਨੇ ਕੱਦ ਵਾਲ਼ਾ! ਕੰਮ 'ਤੇ ਜਾਣ ਤੋਂ ਪਹਿਲਾਂ ਨ੍ਹਾ-ਧੋ ਕੇ ਖੱਬੇ ਪਾਸਿਓਂ ਸੱਜੇ ਨੂੰ ਵਾਲ਼ ਵਾਹ ਕੇ, ਧਰਤੀ 'ਤੇ ਬਹਿ ਕੇ ਰੋਟੀ ਖਾਣ ਵਾਲ਼ਾ! ਦਾਲ਼ ਦੇ ਵਿੱਚ ਦਹੀਂ ਮਿਲ਼ਾ ਕੇ, ਉਸ ਨਾਲ਼ ਰੋਟੀ ਖਾਣੀ ਉਹਨੂੰ ਬੜੀ ਪਸੰਦ ਸੀ। ਇੱਕ ਪਾਸੇ ਪੈਂਤੀ ਕਿਲੋਮੀਟਰ ਸਫ਼ਰ ਸਾਈਕਲ 'ਤੇ ਤੈਅ ਕਰ ਕੇ ਜਾਂਦਾ ਹੁੰਦਾ ਸੀ ਬਾਪੂ ਆਪਣੀ ਡਿਊਟੀ ਉੱਤੇ।

ਤਿੰਨ ਭਰਾ ਸਾਂ ਅਸੀਂ ਤੇ ਮੈਂ ਚਾਰ ਸਾਲ ਦਾ ਸੀ ਓਦੋਂ, ਜਦੋਂ ਮੇਰੀ ਮਾਂ ਮਰ ਗਈ ਸੀ। ਵੱਡਾ ਭਾਈ ਸੱਤਾਂ ਦਾ ਤੇ ਛੋਟਾ ਦੋ ਸਾਲ ਦਾ। ਬਾਪੂ ਦੀ ਉਮਰ ਉਦੋਂ ਬਹੁਤੀ ਨਹੀਂ ਸੀ, ਜੁਆਨ ਸੀ ਓਦੋਂ। ਲੋਕਾਂ ਨੇ ਬਥੇਰਾ ਕਿਹਾ ਕਿ ਵਿਆਹ ਕਰਵਾ ਲੈ, ਨੌਕਰੀ ਕਰਦਾ ਹੈਂ ਪਰ ਨਹੀਂ ਕਰਵਾਇਆ। ਮਨ ਅੰਦਰ ਤੌਖ਼ਲਾ ਸੀ, ਉਕਿਤੇ ਮਤਰੇਈ ਦੇ ਆਇਆਂ ਮੇਰੇ ਬੱਚੇ ਰੁਲ਼ ਨਾ ਜਾਣ"। ਕੀ ਜਤੀ-ਸਤੀ ਏਦਾਂ ਦੇ ਮਨੁੱਖਾਂ ਤੋਂ ਇਲਾਵਾ ਕੋਈ ਹੋਰ ਹੁੰਦੇ ਨੇ? ਸਾਨੂੰ ਤਿਆਰ ਕਰਨਾ। ਚੁੱਲ੍ਹੇ 'ਤੇ ਰੋਟੀ ਪਕ-ਾਉਣੀ। ਸਾਡੇ ਸਿਰ ਨੂੰ ਤੇਲ ਲਾ ਕੇ ਵਾਲ਼ਾ ਵਿੱਚੋਂ ਖੱਬੇ ਪਾਸਿਓਂ ਚੀਰ ਕੱਢਣਾ (ਬੋਦਾ ਵਾਹੁਣਾ ਆਖਦਾ ਸੀ ਬਾਪੂ ਇਹਨੂੰ)। ਸਕੂਲ ਭੇਜਣਾ। ਪਿੱਛੇ ਨਿਗ੍ਹਾ ਰੱਖਣੀ ਕਿ ਸਕੂਲ ਜਾਂਦੇ ਵੀ ਆ। ਜੇ ਅਸੀਂ ਅਵੇਸਲ਼ੇ ਹੋ ਜਾਣਾ ਤਾਂ ਜੁੱਤੀ ਫੇਰਨੀ। ਅੱਜ ਇਹ ਅੱਖਰ ਲਿਖਦਿਆਂ ਬਾਪੂ ਦੀ ਘਾਲਣਾ ਇਨ੍ਹਾਂ ਅੱਖਰਾਂ ਦੀ ਬਣ ਰਹੀ ਬਣਤਰ ਮਗਰ ਉੱਘੜਵੀਂ ਦਿਖਾਈ ਦੇ ਰਹੀ ਹੈ। ਬਾਪੂ ਤੋਂ ਬਿਨਾ ਬੰਦਾ ਕਾਸ ਜੋਗਾ ਹੈ? ਕਦੇ-ਕਦੇ ਸਾਨੂੰ ਆਪਣੇ ਨਾਲ ਕੰਮ 'ਤੇ ਲੈ ਜਾਣਾ, ਵਾਰੀ-ਵਾਰੀ। ਬਾਪੂ ਦੇ ਸਾਈਕਲ ਦੇ ਮੂਹਰਲੇ ਡੰਡੇ 'ਤੇ ਬੈਠਿਆਂ ਜੋ ਨਜ਼ਾਰਾ ਆਉਂਦਾ ਸੀ, ਉਹ ਹੁਣ ਗੱਡੀਆਂ ਵਿੱਚ ਫਿਰਦਿਆਂ ਵੀ ਨਹੀਂ ਆਉਂਦਾ। ਦੇਰ ਤੱਕ ਸਾਈਕਲ ਦੇ ਡੰਡੇ 'ਤੇ ਬੈਠਿਆਂ ਥੱਕ ਵੀ ਜਾਣਾ। ਫਿਰ ਬਾਪੂ ਨੇ ਕੁਝ ਦੇਰ ਰੁਕ ਜਾਣਾ। ਰਾਹ ਵਿੱਚੋਂ ਕੁਝ ਖਵਾਉਣਾ। ਬਾਪੂ ਦੀ ਹੋਂਦ ਦਾ, ਉਸ ਦੇ ਨੇੜੇ ਹੋਣ ਦਾ ਅਹਿਸਾਸ ਵੱਖਰਾ ਹੀ ਸੀ।

ਸਾਨੂੰ ਤਿੰਨਾਂ ਭਰਾਵਾਂ ਨੂੰ ਨਵੇਂ ਕੱਪੜੇ ਲੈ ਕੇ ਦੇਣੇ। ਸਾਡਾ ਮੇਚਾ (ਨਾਪ) ਲੈਣ ਦਾ ਬਾਪੂ ਦਾ ਢੰਗ ਅਲਹਿਦਾ ਹੀ ਸੀ। ਲੱਕ ਤੋਂ ਲੈ ਕੇ ਗਿੱਟੇ ਤੱਕ ਸੇਬੇ (ਪਟਸਨ ਦੀ ਪਤਲੀ ਰੱਸੀ) ਨਾਲ ਮੇਚਾ ਲੈਣਾ ਤੇ ਉਸ ਸੇਬੇ ਨੂੰ ਕੱਟ ਲੈਣਾ। ਇਸੇ ਤਰ੍ਹਾਂ ਝੱਗੇ (ਕਮੀਜ਼) ਦਾ ਮਾਪ ਲੈਣ ਲਈ ਮੋਢਿਆਂ ਦੇ ਵਿਚਕਾਰੋਂ ਲੈ ਕੇ ਲੰਬਾਈ ਅਨੁਸਾਰ ਸੇਬਾ ਕੱਟ ਲੈਣਾ। ਤਿੰਨਾਂ ਭਰਾਵਾਂ ਦਾ ਇਸੇ ਤਰ੍ਹਾਂ ਨਾਪ ਲੈ ਕੇ ਸੇਬੇ ਅਲੱਗ-ਅਲੱਗ ਸਾਂਭ ਲੈਣੇ ਤੇ ਤ੍ਰਿਕਾਲ਼ਾਂ ਨੂੰ ਪੂਰੇ ਮੇਚੇ ਦੇ ਨਵੇਂ ਕੱਪੜੇ ਆ ਜਾਣੇ। ਅਸਾਂ ਪਾ-ਪਾ ਬੜੇ ਖ਼ੁਸ਼ ਹੋਣਾ। ਦੂਜੇ ਦਿਨ ਸਕੂਲ ਵਿੱਚ ਦੱਸਦੇ ਫਿਰਨਾ, ਉਇਹ ਕੱਪੜੇ ਕੱਲ੍ਹ ਮੇਰੇ ਡੈਡੀ ਨੇ ਨਵੇਂ ਲਿਆ ਕੇ ਦਿੱਤੇ ਆ।"

ਸ਼ਰਾਬ ਵੀ ਪੀਂਦਾ ਸੀ ਬਾਪੂ। ਪਰ ਫਿਰ ਵੀ ਸਾਡਾ ਬਾਪੂ ਸਾਨੂੰ ਬੜਾ ਚੰਗਾ ਲਗਦਾ ਸੀ। ਤੁਸੀਂ ਹੀ ਦੱਸੋ, ਆਪਣੇ ਬਾਪੂ ਤੋਂ ਬਿਨਾ ਕੋਈ ਹੋਰ ਬਾਪੂ ਬਣ ਸਕਦਾ? ਉਹਦੇ ਜਿਹਾ ਕੋਈ ਹੋਰ ਨਹੀਂ ਹੁੰਦਾ, ਉਹ ਜਿਹੋ ਜਿਹਾ ਮਰਜ਼ੀ ਹੋਵੇ। ਕੋਈ ਹੋਰ ਉਹਦੀ ਮਾਣ-ਮੱਤੀ ਥਾਂ ਨਹੀਂ ਲੈ ਸਕਦਾ।

ਬੜੀ ਘਾਲਣਾ ਘਾਲ਼ੀ ਬਾਪੂ ਨੇ ਸਾਡੇ ਲਈ। ਸਾਰੀ ਉਮਰ ਕਠਿਨ ਕਮਾਈ ਕਰਦਿਆਂ ਹੁਣ ਉਸ ਨੇ ਸੁੱਖ ਦਾ ਸਾਹ ਲੈਣਾ ਸੀ। ਹੁਣ ਅਸੀਂ ਜਵਾਨ ਹੋ ਗਏ ਸੀ, ਵਿਆਹੇ ਗਏ ਸੀ, ਕੰਮਾਂ-ਕਾਰਾਂ 'ਤੇ ਲੱਗ ਗਏ ਸੀ। ਬਾਪੂ ਪੋਤਿਆਂ-ਪੋਤੀਆਂ ਵਾਲ਼ਾ ਹੋ ਗਿਆ ਸੀ ਪਰ ਹੋਣੀ ਨੂੰ ਕੁਛ ਹੋਰ ਹੀ ਮਨਜ਼ੂਰ ਸੀ। ਅੱਜ ਘਰੋਂ ਚਲੇ ਗਏ ਨੂੰ ਤੇਰਾਂ ਸਾਲ ਹੋ ਗਏ ਆ। ਮੁੜ ਕੋਈ ਹਾਲ ਨਹੀਂ ਦੱਸਿਆ ਆਪਣਾ।

ਛੋਟੇ ਭਰਾ ਨੂੰ ਇੱਕ ਝੂਠੇ ਕੇਸ ਵਿੱਚ ਸਜ਼ਾ ਹੋ ਗਈ ਸੀ ਛੇ ਸਾਲ ਦੀ। ਬਾਪੂ ਕਿੰਝ ਝੱਲ ਸਕਦਾ ਸੀ ਆਪਣੇ ਪੁੱਤ ਦਾ ਵਿਛੋੜਾ। ਛੇ ਸਾਲ ਦਾ ਲੰਮਾ ਅਰਸਾ, ਜੇਲ੍ਹ ਦਾ। ਕਿਵੇਂ ਜਰ ਸਕਦਾ ਸੀ ਬਾਪੂ, ਜਿਹਨੇ ਆਪਣੇ ਛੋਟੇ ਪੁੱਤ ਨੂੰ, ਜਿਹੜਾ ਮਾਂ ਮਰੀ ਵੇਲ਼ੇ ਦੋ ਸਾਲ ਦਾ ਸੀ, ਜਿਹਨੂੰ ਬਾਪੂ ਨੇ ਢਿੱਡ 'ਤੇ ਪਾ-ਪਾ ਕੇ ਸੁਲ਼ਾਇਆ ਸੀ ਤੇ ਜਿਹਦਾ ਟੱਟੀ-ਪਿਸ਼ਾਬ ਆਪਣੇ ਸੋਨੇ ਜਿਹੇ ਤਨ 'ਤੇ ਝੱਲਿਆ ਸੀ। ਬਾਪੂ ਤੋਂ ਇਹ ਸਦਮਾ ਸਹਿਆ ਨਹੀਂ ਗਿਆ। ਉਹ ਘਰੋਂ ਚਲਾ ਗਿਆ ਤੇ ਮੁੜ ਕਦੇ ਨਹੀਂ ਪਰਤਿਆ। ਕੀ ਰੱਬ ਏਨੇ ਦੁੱਖ ਵੀ ਲਿਖ ਦੇਂਦੈਂ ਕਿਸੇ ਦੀ ਜ਼ਿੰਦਗੀ ਵਿੱਚ? ਆਪ ਦੁੱਖ ਝੱਲਦਾ ਤੇ ਸਾਨੂੰ ਸੁੱਖ ਦੇਂਦਾ ਬਾਪੂ ਬਿਨਾ ਕੋਈ ਮੁੱਲ ਲਿਆਂ ਸਾਡੇ ਕੋਲ਼ੋਂ ਪਰ੍ਹਾਂ ਹੋ ਗਿਆ। ਲੱਭਦੇ ਰਹੇ ਆਂ, ਹੁਣ ਵੀ ਲੱਭਦੇ ਆਂ ਪਰ ਕਦੇ ਕੋਈ ਸੁਘ ਨਹੀਂ ਲੱਗੀ।

ਜਿਊਣ ਜੋਗਿਓ! ਸਾਂਭ ਲਓ ਆਪਣੇ ਬਾਪੂ ਨੂੰ! ਇਹ ਜਦੋਂ ਤੁਰ ਗਿਆ ਤਾਂ ਮੁੜ ਪਰਤ ਕੇ ਨਹੀਂ ਆਉਣਾ ਇਸ ਨੇ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com,
www.ambedkartimes.com

# ਆਮ ਲੋਕਾਂ ਅਤੇ ਸਿਆਸੀ ਨੇਤਾਵਾਂ 'ਚ ਵੱਧ ਰਹੀ ਹੈ ਦੂਰੀ

**ਕੱਚ ਦੇ ਘਰਾਂ ਵਿੱਚ ਰਹਿਣ ਵਾਲੇ ਨੇਤਾ, ਇੱਕ ਦੂਜੇ ਉਤੇ ਨਿੱਜੀ ਚਿੱਕੜ ਸੁੱਟਣ ਤੋਂ ਗੁਰੇਜ ਨਹੀਂ ਕਰ ਰਹੇ। ਕੋਈ ਕਿਸੇ ਦੀ ਮਾਂ, ਕੋਈ ਕਿਸੇ ਦੀ ਪਤਨੀ ਅਤੇ ਕੋਈ ਕਿਸੇ ਦੇ ਪਿਉ ਦੀਆਂ ਕੀਤੀਆਂ ਉਸਦੇ ਸਾਹਮਣੇ ਲਿਆ ਰਿਹਾ ਹੈ। ਕੋਈ ਲਲਕਾਰੇ ਮਾਰ ਰਿਹਾ ਹੈ ਕਿ ਲਉ ਮੈਂ ਸ੍ਰੀ ਰਾਮ ਕਹਿ ਦਿੱਤਾ ਹੈ, ਜੋ ਮੇਰਾ ਕਰਨਾ ਹੈ ਕਰ ਲਉ। ਕੋਈ ਕਿਸੇ ਨੂੰ ਦੁਰਯੋਧਨ ਕਹਿ ਰਿਹਾ ਹੈ ਅਤੇ ਕੋਈ ਸਰਹੱਦੋਂ ਪਾਰ ਜਾ ਕੇ ਰਹਿਣ ਦੀਆਂ ਸਲਾਹਾਂ ਦੇ ਰਿਹਾ ਹੈ। ਅਲੀ ਅਤੇ ਬਲੀ ਦਾ ਨਾਹਰਾ ਚੋਣਾਂ 'ਚ ਬੁਲੰਦ ਹੈ। ਇਹ ਕਿਹੋ ਜਿਹਾ ਚੋਣ ਪ੍ਰਚਾਰ ਹੈ?**



ਗੁਰਮੀਤ ਪਲਾਹੀ
91-98158-02070

ਕਿਧਰੇ ਨਾ ਕਿਧਰੇ ਸਾਰੇ ਸਿਆਸੀ ਦਲ, ਜ਼ਮੀਨੀ ਮੁੱਦਿਆਂ ਤੋਂ ਕੰਨੀ ਵੱਟ ਰਹੇ ਹਨ ਅਤੇ ਸ਼ਬਦਾਂ ਦੀ ਲੜਾਈ ਵਿੱਚ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਦੇਸ਼ ਦੇ ਵੱਖ-ਵੱਖ ਕੋਨਿਆਂ 'ਚ ਮੁੱਦੇ ਇਕੋ ਜਿਹੇ ਹਨ। ਰਹਿਣ ਲਈ ਸਿਰ 'ਤੇ ਛੱਤ ਨਹੀਂ ਹੈ। ਇਹ ਇੱਕ ਅਹਿਮ ਮੁੱਦਾ ਹੈ। ਜ਼ਿਆਦਾਤਰ ਲੋਕਾਂ ਲਈ ਵੱਡਾ ਮੁੱਦਾ ਗਰੀਬੀ ਹੈ। ਮਹਿੰਗਾਈ ਇੱਕ ਵੱਡਾ ਮੁੱਦਾ ਹੈ, ਪਰ ਇਸ ਉਤੇ ਕੋਈ ਚਰਚਾ ਹੀ ਨਹੀਂ ਕਰਦਾ, ਜਦ ਕਿ ਰੁਜ਼ਗਾਰ ਦੇ ਮੁੱਦੇ ਉਤੇ ਤਾਂ ਨਿਰਾਸ਼ਾ ਹੀ ਛਾਈ ਹੋਈ ਹੈ। ਜਾਤੀਕਰਨ ਜਿਹੇ ਮੁੱਦਿਆਂ ਨੂੰ ਉਭਾਰਨ ਦਾ ਯਤਨ ਹੋ ਰਿਹਾ ਹੈ, ਪਰ ਨਿਰਾਸ਼ਾ ਦਾ ਕਾਰਨ ਤਾਂ ਇਹ ਹੈ ਕਿ ਲੋਕਹਿੱਤ ਲਈ ਕੀਤੇ ਗਏ ਅਨੇਕਾਂ ਵਾਇਦੇ ਪੂਰੇ ਨਹੀਂ ਹੋ ਪਾਏ। ਵਰਤਮਾਨ ਸਥਿਤੀ ਵਿੱਚ ਲੋਕਾਂ ਵਲੋਂ ਝੱਲੀਆਂ ਜਾ ਰਹੀਆਂ ਔਖਿਆਈ ਨੂੰ ਦੂਰ ਕਰਨ ਲਈ ਜੋ ਕਲਿਆਣਕਾਰੀ ਯੋਜਨਾਵਾਂ ਉਲੀਕੀਆਂ ਗਈਆਂ ਹਨ, ਉਹ ਕਿਧਰੇ ਦਿਖਾਈ ਹੀ ਨਹੀਂ ਦਿੰਦੀਆਂ।

ਲੋਕਾਂ ਨੂੰ ਉਜਵਲਾ ਯੋਜਨਾ, ਜੋ ਦੇਸ਼ ਵਿੱਚ ਸਭ ਤੋਂ ਵੱਧ ਚਰਚਿਤ ਯੋਜਨਾ ਹੈ, ਅਧੀਨ ਸਿਲੰਡਰ ਤਾਂ ਮਿਲੇ ਹਨ, ਲੇਕਿਨ ਹੁਣ ਉਹਨਾ ਨੂੰ ਦੁਬਾਰਾ ਭਰਵਾਇਆ ਨਹੀਂ ਜਾ ਰਿਹਾ, ਕਿਉਂਕਿ ਲੋਕਾਂ ਦੀ ਜੇਬ ਖਾਲੀ  ਹੈ। ਕਿਸਾਨਾਂ ਨੂੰ ਦੋ ਹਜ਼ਾਰ ਰੁਪਏ ਤਾਂ ਮਿਲੇ ਹਨ ਪਰੰਤੂ ਕਿਸਾਨੀ ਠੱਪ ਹੋ ਜਾਣ ਨਾਲ ਘਾਟੇ ਦੀ ਪੂਰਤੀ ਇਸ ਨਾਲ ਨਹੀਂ ਹੋ ਸਕਦੀ। ਦੂਜੇ ਪਾਸੇ 72000 ਰੁਪਏ ਦੀ ਸਲਾਨਾ ਆਮਦ ਦਾ ਵਾਇਦਾ ਆਮ ਲੋਕਾਂ ਨੂੰ ਇੱਕ ਅਚੰਭੇ ਵਾਂਗਰ ਲੱਗ ਰਿਹਾ ਹੈ।

ਕੱਚ ਦੇ ਘਰਾਂ ਵਿੱਚ ਰਹਿਣ ਵਾਲੇ ਨੇਤਾ, ਇੱਕ ਦੂਜੇ ਉਤੇ ਨਿੱਜੀ ਚਿੱਕੜ ਸੁੱਟਣ ਤੋਂ ਗੁਰੇਜ ਨਹੀਂ ਕਰ ਰਹੇ। ਕੋਈ ਕਿਸੇ ਦੀ ਮਾਂ, ਕੋਈ ਕਿਸੇ ਦੀ ਪਤਨੀ ਅਤੇ ਕੋਈ ਕਿਸੇ ਦੇ ਪਿਉ ਦੀਆਂ ਕੀਤੀਆਂ ਉਸਦੇ ਸਾਹਮਣੇ ਲਿਆ ਰਿਹਾ ਹੈ। ਕੋਈ ਲਲਕਾਰੇ ਮਾਰ ਰਿਹਾ ਹੈ ਕਿ ਲਉ ਮੈਂ ਸ੍ਰੀ ਰਾਮ ਕਹਿ ਦਿੱਤਾ ਹੈ, ਜੋ ਮੇਰਾ ਕਰਨਾ ਹੈ ਕਰ ਲਉ। ਕੋਈ ਕਿਸੇ ਨੂੰ ਦੁਰਯੋਧਨ ਕਹਿ ਰਿਹਾ ਹੈ ਅਤੇ ਕੋਈ ਸਰਹੱਦੋਂ ਪਾਰ ਜਾਕੇ ਰਹਿਣ ਦੀਆਂ ਸਲਾਹਾਂ ਦੇ ਰਿਹਾ ਹੈ। ਅਲੀ ਅਤੇ ਬਲੀ ਦਾ ਨਾਹਰਾ ਚੋਣਾਂ 'ਚ ਬੁਲੰਦ ਹੈ। ਇਹ ਕਿਹੋ ਜਿਹਾ ਚੋਣ ਪ੍ਰਚਾਰ ਹੈ?

ਭਾਜਪਾ ਨੇ ਆਪਣਾ ਚੋਣ ਮਨੋਰਥ ਪੱਤਰ ਜਾਰੀ ਕੀਤਾ ਹੈ। ਵੋਟਰਾਂ ਨੂੰ ਭਰਮਾਉਣ ਲਈ ਭਾਜਪਾ ਨੇ ਕੋਈ ਕਸਰ ਨਹੀਂ ਛੱਡੀ। ਭਾਜਪਾ ਦੇ ਮਨੋਰਥ ਪੱਤਰ ਵਿੱਚ ਰਾਸ਼ਟਰਵਾਦ, ਨਾਗਰਿਕ ਸੋਧ ਬਿੱਲ, ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨਾ, ਅਮਰੀਕਾ ਦੇ ਰਾਸ਼ਟਰਪਤੀ ਦੀ ਤਰਜ਼ ਤੇ "ਅਮਰੀਕਾ ਪਹਿਲਾਂ" ਵਾਂਗਰ "ਭਾਰਤ ਪਹਿਲਾਂ", ਜੰਮੂ ਕਸ਼ਮੀਰ 'ਚ ਧਾਰਾ 370 ਅਤੇ 35-ਏ ਦਾ ਖਾਤਮਾ, ਅਤਿਵਾਦ ਚੁਣ-ਚੁਣ ਕੇ ਖਤਮ ਕਰਨਾ, ਰਾਮ ਮੰਦਿਰ ਦੀ ਉਸਾਰੀ, ਕਿਸਾਨਾਂ ਅਤੇ ਛੋਟੇ ਦੁਕਾਨਦਾਰਾਂ ਨੂੰ ਪੈਨਸ਼ਨ, 2022 ਤੱਕ ਹਰ ਇੱਕ ਨੂੰ ਪੱਕਾ ਮਕਾਨ, ਗੰਗਾ ਸਾਫ਼ ਕਰਨਾ, 75 ਨਵੇਂ ਕਾਲਜ ਅਤੇ ਯੂਨੀਵਰਸਿਟੀਆਂ ਖੋਲ੍ਹਣਾ, ਸਭ ਨੂੰ ਬਿਜਲੀ ਸਪਲਾਈ ਦੇਣਾ, ਦੇਸ਼ ਨੂੰ ਸਭ ਤੋਂ ਵਧੀਆ, ਪਾਰਦਰਸ਼ੀ, ਭ੍ਰਿਸ਼ਟਾਚਾਰ ਰਹਿਤ ਬਨਾਉਣ ਦਾ ਸੰਕਲਪ ਲਿਆ ਗਿਆ ਹੈ। ਭਾਜਪਾ ਮਨੋਰਥ ਪੱਤਰ ਦੀ  ਖ਼ੂਬੀ ਇਹ ਹੈ ਕਿ ਇਸ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਜ਼ਿਕਰ 32 ਵੇਰ ਹੈ ਜਦ ਕਿ ਭਾਜਪਾ ਦਾ ਨਾਮ ਸਿਰਫ 20 ਵਾਰ ਹੈ। ਭਾਜਪਾ ਦਾ ਮਨੋਰਥ ਦੇਸ਼ ਵਿੱਚ ਇੱਕ ਬਾਰ ਫਿਰ ਮੋਦੀ ਸਰਕਾਰ ਸਥਾਪਤ ਕਰਨ ਦਾ ਹੈ।

ਕਾਂਗਰਸ ਵੀ ਕਿਸੇ ਗੱਲੋਂ ਘੱਟ ਨਹੀਂ ਹੈ। ਉਸ ਵਲੋਂ ਆਪਣੇ ਮਨੋਰਥ ਪੱਤਰ ਵਿੱਚ ਲਗਭਗ 500 ਵਾਅਦੇ ਕੀਤੇ ਗਏ ਹਨ। ਉਹਨਾ ਦਾ ਮਨੋਰਥ ਪੱਤਰ 52 ਸਫ਼ਿਆਂ ਦਾ ਹੈ। 5 ਕਰੋੜ ਗਰੀਬ ਭਾਰਤੀ ਲੋਕਾਂ  ਦੇ ਖਾਤੇ ਵਿੱਚ ਸਿੱਧੇ 72000 ਰੁਪਏ ਸਲਾਨਾ ਪਾਉਣਾ, ਉਸਦਾ ਵੱਡਾ ਵਾਇਦਾ ਹੈ। ਬੇਰੁਜ਼ਗਾਰੀ ਖ਼ਤਮ ਕਰਨ ਦੀ ਗੱਲ ਛੋਹਦਿਆਂ ਮਾਰਚ 2020 ਤੱਕ 4 ਲੱਖ ਖਾਲੀ ਥਾਵਾਂ ਭਰਨ ਦੀ ਗੱਲ ਅਹਿਮ ਹੈ।

ਕਿਸਾਨਾਂ ਲਈ ਵੱਖਰਾ ਬਜ਼ਟ, ਮਨਰੇਗਾ 'ਚ 100 ਦਿਨਾਂ ਦੀ ਥਾਂ 150 ਦਿਨ ਦਾ ਰੁਜ਼ਗਾਰ, 12 ਵੀਂ ਤੱਕ ਮੁਫ਼ਤ ਸਿੱਖਿਆ, ਦੇਸ਼ ਧ੍ਰੋਹ ਵਾਲੀ ਧਾਰਾ124(ਏ)  ਖ਼ਤਮ ਕਰਨਾ, ਜੀ.ਐਸ.ਟੀ. ਨੂੰ ਇਕੋ ਦਰ ਤੇ ਲਿਆਉਣਾ ਜੰਮੂ ਕਸ਼ਮੀਰ 'ਚ ਅਫ਼ਸਪਾ ਖ਼ਤਮ ਕਰਨਾ ਆਦਿ ਸ਼ਾਮਲ ਹਨ।

ਪਿਛਲੀ ਵੇਰ ਭਾਜਪਾ ਨੇ 100 ਸਮਾਰਟ ਸਿਟੀ ਬਨਾਉਣ ਦੀ ਗੱਲ ਕੀਤੀ, 15-15 ਲੱਖ ਕਾਲਾ ਧੰਨ ਹਰ ਭਾਰਤੀ ਦੇ ਖਾਤੇ 'ਚ  ਪਾਉਣ ਦਾ ਵਾਇਦਾ ਕੀਤਾ।  ਭਾਜਪਾ ਵਲੋਂ ਪਿਛਲੇ 2014 ਦੇ ਚੋਣ ਮਨੋਰਥ ਪੱਤਰ ਵਿੱਚੋਂ ਬਹੁਤਾ ਕੁਝ ਪੂਰਾ ਕੀਤਾ ਨਹੀ ਜਾ ਸਕਿਆ। ਨਾ ਤਾਂ ਭਾਜਪਾ ਵੰਨ ਪੈਨਸ਼ਨ ਈਮਾਨਦਾਰੀ ਨਾਲ ਲਾਗੂ ਕਰ ਸਕੀ, ਨਾ ਨੌਜਵਾਨਾਂ ਲਈ ਦੋ ਕਰੋੜ ਪ੍ਰਤੀ ਸਾਲ ਨੌਕਰੀਆਂ ਸਿਰਜ ਸਕੀ। ਹਾਂ, ਨਰੇਂਦਰ ਮੋਦੀ ਨੇ ਵਿਦੇਸ਼ਾਂ ਦੀਆਂ ਉਡਾਰੀਆਂ ਲਾਕੇ ਖਜ਼ਾਨੇ ਨੂੰ ਵੱਡਾ ਚੂਨਾ ਲਾਇਆ। ਦੁਬਾਰਾ ਕੁਰਸੀ ਦੀ ਪ੍ਰਾਪਤੀ ਲਈ ਰਾਸ਼ਟਰਵਾਦ ਅਤੇ ਅਤਿਵਾਦ ਦਾ ਨਾਹਰਾ ਸਿਰਜ ਲਿਆ, ਲੋਕਾਂ ਨੂੰ ਜਜ਼ਬਾਤੀ ਬਨਾਉਣ ਦਾ ਕੰਮ ਵਿੱਢ ਲਿਆ। ਵਿਰੋਧੀਆਂ ਨੂੰ ਨੱਥ ਪਾਉਣ ਲਈ ਸੀ.ਬੀ.ਆਈ. ਆਈ.ਡੀ. ਦੀ ਖ਼ੂਬ ਵਰਤੋਂ ਕੀਤੀ। ਚੋਣ ਕਮਿਸ਼ਨ ਨੂੰ ਪ੍ਰਭਾਵਤ ਕਰਕੇ ਚੋਣ ਜਾਬਤੇ ਦੀ ਭਰਪੂਰ ਉਲੰਘਣਾ ਦੀਆਂ ਖ਼ਬਰਾਂ ਸ਼ਰੇਆਮ ਮਿਲ ਰਹੀਆਂ ਹਨ। ਸੁਪਰੀਮ ਕੋਰਟ ਵਲੋਂ ਵੀ ਚੋਣਾਂ 'ਚ ਵੱਧ ਰਹੀਆਂ ਬੇ-ਨਿਯਮੀਆਂ ਨੂੰ ਰੋਕਣ ਲਈ ਚੋਣ ਕਮਿਸ਼ਨ ਨੂੰ ਕਿਹਾ ਜਾ ਰਿਹਾ ਹੈ, ਪਰ ਚੋਣ ਕਮਿਸ਼ਨ ਬੇਬਸ ਹੈ ਅਤੇ ਨੇਤਾ ਲੋਕ ਆਪ ਹੁਦਰੀਆਂ ਕਰ ਰਹੇ ਹਨ।

ਦੇਸ਼ ਦੇ ਕਿਸੇ ਵੀ ਵੱਡੇ ਨੇਤਾ ਚਾਹੇ ਉਹ ਭਜਾਪਾ ਦਾ ਹੈ, ਕਾਂਗਰਸ ਦਾ ਹੈ, ਸਪਾ, ਬਸਪਾ ਦਾ ਹੈ, ਦੇ ਮੂੰਹੋ ਆਮ ਲੋਕਾਂ ਦੀ ਦਾਸਤਾਨ ਨਹੀਂ ਸੁਣਾਈ ਜਾ ਰਹੀ। ਗਰੀਬੀ, ਭੁੱਖਮਰੀ, ਮਹਿੰਗੀ, ਬੇਰੁਜ਼ਗਾਰੀ ਤੋਂ ਪੀੜਤ ਲੋਕਾਂ ਦੀ ਗੱਲ ਨਹੀਂ ਕੀਤੀ ਜਾ ਰਹੀ। ਨੇਤਾ ਲੋਕ ਲੋਕਾਂ ਦੀਆਂ ਵੱਡੀਆਂ  ਭੀੜਾਂ ਇੱਕਠੀਆਂ ਕਰ ਰਹੇ ਹਨ। ਨੇਤਾ ਲੋਕ ਸਾਮ, ਦਾਮ, ਦੰਡ ਦੀ ਵਰਤੋਂ ਲੋਕਾਂ ਦੀਆਂ ਵੋਟਾਂ ਵਟੋਰਨ ਲਈ ਕਰ ਰਹੇ ਹਨ ਪਰ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦੀ ਗੱਲ ਨਹੀਂ ਕਰ ਰਹੇ। ਕੁਝ ਮਸਖਰੇ ਕਿਸਮ ਦੇ ਨੇਤਾ, ਦੂਜੇ ਨੇਤਾਵਾਂ ਦੀਆਂ ਨਕਲਾਂ ਲਗਾਉਂਦੇ ਹਨ, ਉਹ ਵੱਡੇ- ਵੱਡੇ ਭਾਸ਼ਨ ਦਿੰਦੇ ਹਨ, ਲੋਕਾਂ ਨੂੰ ਭੁੱਖੇ ਢਿੱਡ ਹਸਾਉਂਦੇ ਹਨ। ਪਰ ਲੋਕਾਂ ਦੇ ਪੱਲੇ ਸਿਰਫ਼ ਨਿਰਾਸ਼ਾ ਪਾਉਂਦੇ ਹਨ।

ਲਗਭਗ ਸਾਰੀਆਂ ਸਿਆਸੀ ਪਾਰਟੀਆਂ ਵਲੋਂ ਆਪਣਾ ਚੋਣ ਪ੍ਰਚਾਰ ਟੀ.ਵੀ. ਚੈਨਲਾਂ, ਫੇਸ ਬੁੱਕ, ਟਵਿੱਟਰ ਤੇ ਕੀਤਾ ਜਾ ਰਿਹਾ ਹੈ ਜਾਂ ਨੇਤਾਵਾਂ ਦੀਆਂ ਵੱਡੀਆਂ ਰੈਲੀਆਂ ਚੋਣ ਪ੍ਰਚਾਰ ਦਾ ਅਹਿਮ ਹਿੱਸਾ ਬਣ ਗਈਆਂ ਹਨ। ਇਸ ਚੋਣ ਪ੍ਰਚਾਰ ਵਿੱਚ ਦੂਸ਼ਨਬਾਜੀ ਵੱਧ ਹੋ ਰਹੀ ਹੈ, ਲੋਕ ਸਰੋਕਾਰਾਂ ਦੀ ਗੱਲ ਘੱਟ ਹੋ ਰਹੀ ਹੈ।  ਚਾਹੀਦਾ ਤਾਂ ਇਹ ਸੀ ਕਿ ਭਾਰਤੀ ਲੋਕਤੰਤਰ ਦੇ ਇਸ ਮਹਾਂਉਤਸਵ ਵਿੱਚ ਸਮਾਜ ਦਾ ਹਰ ਵਰਗ ਹਿੱਸਾ ਲੈਂਦਾ ਜਿਵੇਂ ਕਿ ਪਹਿਲਾ ਲਿਆ ਕਰਦਾ ਸੀ, ਪਰ ਇਹ ਚੋਣਾਂ ਸਮਾਜ ਦੇ  ਸ਼ਹਿਰੀ, ਪੇਂਡੂ ਮੱਧ ਵਰਗ, ਪੜ੍ਹਿਆ ਲਿਖਿਆਂ ਅਤੇ ਸਮਾਜ ਦੇ ਉਸ ਤਬਕੇ ਤੱਕ ਸੀਮਤ ਹੋਕੇ ਰਹਿ ਗਈਆਂ ਹਨ, ਜਿਹਨਾ ਕੋਲ ਸਮਾਰਟ ਫੋਨ ਹਨ, ਜਿਹਨਾ ਕੋਲ ਟੈਲੀਵੀਜਨ ਹਨ। ਸਿਆਸੀ ਪਾਰਟੀਆਂ ਨੇ ਵੀ ਆਪਣੀ ਪੂਰੀ ਵਾਹ ਇਹਨਾ ਲੋਕਾਂ ਤੱਕ ਪਹੁੰਚਣ ਤੇ ਲਾ ਦਿੱਤੀ ਹੈ, ਬਾਕੀ ਲੋਕ ਚੋਣ ਚਰਚਾ ਦੇ ਇਸ ਘੇਰੇ ਤੋਂ ਬਾਹਰ ਬੈਠੇ ਹਨ ਤਾਂ ਹੀ ਚੋਣਾਂ ਵਿੱਚ ਜਿਆਦਾਤਰ ਥਾਵਾਂ ਉਤੇ ਪੱਛਮੀ ਬੰਗਾਲ ਅਤੇ ਕੁਝ ਹੋਰ ਸੂਬਿਆਂ ਨੂੰ ਛੱਡ ਕੇ ਵੋਟ ਫੀਸਦੀ 60 ਫੀਸਦੀ ਹੈ, ਲਗਭਗ 35 ਤੋਂ 40 ਫੀਸਦੀ ਲੋਕ ਵੋਟਾਂ ਪਾਉਣ ਲਈ ਬੂਥ ਤੱਕ ਪੁੱਜ ਹੀ ਨਹੀਂ ਰਹੇ। ਜੰਮੂ ਕਸ਼ਮੀਰ ਅਤੇ ਇੱਕ ਦੋ  ਹੋਰ ਛੋਟੇ ਰਾਜਾਂ ਵਿੱਚ ਵੋਟ ਪ੍ਰਤੀਸ਼ਤ 10 ਤੋਂ 20 ਫੀਸਦੀ ਤੱਕ ਹੀ ਹੈ। ਅਸਲ ਵਿੱਚ ਸਮਾਜ ਦਾ ਲਿਤਾੜਿਆ ਹੋਇਆ ਵਰਗ ਇਹਨਾ ਚੋਣਾਂ ਪ੍ਰਤੀ ਚੁੱਪੀ  ਸਾਧ ਕੇ ਬੈਠਾ ਹੈ। ਜਿਆਦਾਤਰ ਲੋਕ ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਤੋਂ ਅਣਜਾਣ ਹਨ।

ਮੌਜੂਦਾ ਚੋਣ 'ਚ ਜਾਤੀ, ਧਰਮ ਅਤੇ ਨਿੱਜੀ ਹਿੱਤਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਗੈਰ-ਜਮਹੂਰੀ ਕਦਰਾਂ ਕੀਮਤਾਂ ਚੋਰ-ਦਰਵਾਜੇ ਤੋਂ ਇਹਨਾ ਚੋਣਾਂ 'ਚ  ਦਾਖਲ ਹੋ ਚੁੱਕੀਆਂ ਹਨ। ਸਿਆਸੀ ਪਾਰਟੀਆਂ ਵਲੋਂ ਲੋਕਤੰਤਰ ਵਿੱਚ ਆਮ ਲੋਕਾਂ ਦੇ ਦਰਵਾਜੇ ਬੰਦ ਕਰਨ ਦੀ ਚਾਲ ਚੱਲੀ ਜਾ ਰਹੀ ਹੈ, ਉਹਨਾ ਨੂੰ ਮਹਿਜ਼ "ਇੱਕ ਵੋਟ"  ਬਣਾਕੇ ਉਹਨਾ ਦਾ ਘੇਰਾ ਸੀਮਤ ਕੀਤਾ ਜਾ ਰਿਹਾ ਹੈ। ਹੈਰਾਨੀ ਵਾਲੀ ਗੱਲ ਹੈ ਕਿ ਇਹਨਾ ਲੋਕ ਸਭਾ ਚੋਣਾਂ ਵਿੱਚ ਵੱਡੇ ਧਨਾਡ ਉਮੀਦਵਾਰ ਅਤੇ ਵੱਡੀ ਗਿਣਤੀ ਉਹ ਉਮੀਦਵਾਰ ਵੀ ਹਿੱਸਾ ਲੈ ਰਹੇ ਹਨ, ਜਿਹਨਾ ਵਿਰੁਧ ਅਪਰਾਧਿਕ, ਫੌਜਦਾਰੀ ਕੇਸ ਤੱਕ ਦਰਜ਼ ਹਨ। ਕੀ ਇਹ ਭਾਰਤੀ ਲੋਕਤੰਤਰ ਦੀਆਂ ਜੜ੍ਹਾਂ ਖੋਖਲੀਆਂ ਕਰਨ ਦਾ ਕਾਰਜ ਨਹੀਂ ਹੈ? ਜੇਕਰ ਕਾਨੂੰਨ ਘੜਨੀਆਂ ਸਭਾਵਾਂ 'ਚ ਧਨਾਡ ਲੋਕ ਅਤੇ ਅਪਰਾਧਿਕ ਵਿਰਤੀ ਵਾਲੇ ਲੋਕ ਹੋਣਗੇ ਤਾਂ ਫਿਰ ਆਮ ਲੋਕਾਂ ਦੀ ਗੱਲ ਕੌਣ ਕਰੇਗਾ?

ਇਵੇਂ ਜਾਪ ਰਿਹਾ ਹੈ ਸਰਕਾਰ ਅਤੇ ਜਨਤਾ ਦੇ ਵਿਚਕਾਰ ਪਾੜਾ ਡੂੰਘਾ ਹੋ ਰਿਹਾ ਹੈ, ਜੋ ਦੇਸ਼ ਦੇ ਲੋਕਤੰਤਰ ਉਤੇ ਵੱਡੀ ਸੱਟ ਹੈ। ਲੋੜ ਤਾਂ ਇਸ ਗੱਲ ਦੀ ਹੈ ਕਿ ਸਿਆਸੀ ਪਾਰਟੀਆਂ ਅਤੇ ਨੇਤਾ ਲੋਕਾਂ ਦੀਆਂ ਤਕਲੀਫਾਂ ਸਮਝਣ, ਉਹਨਾ ਨੂੰ ਹੱਲ ਕਰਨ ਦਾ ਯਤਨ ਕਰਨ, ਨਾ ਕਿ ਉਹਨਾ ਤੋਂ ਦੂਰੀ ਬਣਾਕੇ ਉਹਨਾ ਨੂੰ ਇੱਕ ਵਰਤਣ ਵਾਲੀ ਚੀਜ਼ ਸਮਝਕੇ ਕੂੜੇਦਾਨ ਵਿੱਚ ਸੁੱਟ ਦੇਣ।

# ਦੁਨੀਆ  ਦੇ ਸਭ ਤੋਂ ਭਿਆਨਕ ਉਦਯੋਗਿਕ ਹਾਦਸਿਆਂ ਵਿਚ ਸ਼ਾਮਲ ਭੂਪਾਲ ਗੈਸ ਹਾਦਸਾ

15 ਅਪ੍ਰੈਲ, 2019 ਨੂੰ ਸੰਯੁਕਤ ਰਾਸ਼ਟਰ ਦੀ ਆਈ.ਐਲ.ਓ. ਸੰਸਥਾ ਨੇ, "ਦੇ ਸੇਫ਼ਟੀ ਐਂਡ ਹੈਲਥ ਐਟ ਦਿ ਹਾਰਟ ਆਫ਼ ਦਿ ਫ਼ਿਉਚਰ ਆਫ਼ ਵਰਕ: ਬਿਲਡਿੰਗ ਔਨ 100 ਈਅਰਜ਼ ਆਫ਼ ਐਕਸਪੀਰੀਐਂਸ" ਸਿਰਲੇਖ ਨਾਂ ਦੀ ਇਕ ਰਿਪੋਰਟ ਰੀਲੀਜ਼ ਕੀਤੀ ਹੈ। ਇਸ ਰਿਪੋਰਟ ਵਿਚ ਸੰਸਥਾ ਨੇ 1919 ਤੋਂ ਲੈ ਕੇ 2019 ਤੱਕ ਦੇ 100 ਸਾਲਾਂ ਵਿਚ ਦੁਨੀਆ ਭਰ ਵਿਚ ਵਾਪਰੇ ਭਿਆਨਕ ਉਦਯੋਗ ਹਾਦਸਿਆਂ ਦਾ ਖ਼ੁਲਾਸਾ ਕਰਦਿਆਂ ਸਾਡੇ ਦੇਸ ਦੇ ਮੱਧ ਪ੍ਰਦੇਸ਼ ਰਾਜ ਦੀ ਰਾਜਧਾਨੀ ਭੂਪਾਲ ਵਿਚ 1984 ਵਿਚ ਵਾਪਰੇ ਗੈਸ ਹਾਦਸੇ ਨੂੰ ਵੀ ਸ਼ਾਮਲ ਕੀਤਾ ਹੈ। ਇਸ ਰਿਪੋਰਟ ਅਨੁਸਾਰ ਦੁਨੀਆ ਵਿਚ ਹਰ ਸਾਲ ਲਗਭਗ 27.8 ਲੱਖ ਕਿਰਤੀ ਉਦਯੋਗਿਕ ਹਾਦਸਿਆਂ ਅਤੇ ਕੰਮ ਨਾਲ ਸੰਬੰਧਿਤ ਬਿਮਾਰੀਆਂ ਨਾਲ ਮਰ ਜਾਂਦੇ ਹਨ ਅਤੇ ਹਰ ਰੋਜ਼ 7500 ਕਿਰਤੀ ਅਸੁਰੱਖਿਅਤ ਅਤੇ ਗ਼ੈਰ-ਸਿਹਤਮੰਦ ਥਾਵਾਂ ਉੱਤੇ ਕੰਮ ਕਰਨ ਕਾਰਨ ਮਰਦੇ ਹਨ ਜਿਨ੍ਹਾਂ ਵਿਚੋਂ ਰੋਜ਼ਾਨਾ 1000 ਕਿਰਤੀ ਉਦਯੋਗਿਕ ਹਾਦਸਿਆਂ ਨਾਲ ਅਤੇ ਬਾਕੀ ਦੇ 6500 ਕਿਰਤੀ ਗੈਰ-ਸਿਹਤਮੰਦ ਥਾਵਾਂ ਉੱਤੇ ਕੰਮ ਕਰਦੇ ਹੋਏ ਤਰ੍ਹਾਂ ਤਰ੍ਹਾਂ ਦੇ ਰਸਾਇਣਾਂ ਅਤੇ ਹੋਰ ਪ੍ਰਦੂਸ਼ਣਾਂ ਦੀ ਮਾਰ ਝੱਲਦੇ ਹੋਏ ਘਾਤਕ ਬਿਮਾਰੀਆਂ ਦੀ ਲਪੇਟ ਆ ਕੇ ਆਪਣੀ ਜਾਨ ਤੋਂ ਹੱਥ ਧੋ ਬੈਠਦੇ ਹਨ। ਇਨ੍ਹਾਂ ਘਾਤਕ ਬਿਮਾਰੀਆਂ ਵਿਚ 31 ਫ਼ੀਸਦ ਸਰੀਰ ਦੇ ਅੰਗਾਂ ਨੂੰ ਪ੍ਰਭਾਵਿਤ ਕਰਨ, 20 ਫ਼ੀਸਦ ਕੈਂਸਰ ਅਤੇ 17 ਫ਼ੀਸਦ ਸਾਹ ਨਾਲੀ ਨਾਲ ਸੰਬੰਧਿਤ ਹੁੰਦੀਆਂ ਹਨ।

ਇਸ ਰਿਪੋਰਟ ਅਨੁਸਾਰ ਸਦੀ ਦੇ ਪ੍ਰਮੁੱਖ ਉਦਯੋਗਿਕ ਹਾਦਸੇ ਬਾਰੇ ਸੰਖੇਪ ਜਿਹੀ ਜਾਣਕਾਰੀ ਇਹ ਹੈ ਕਿ 1974 ਵਿਚ ਯੂਨਾਈਟਡ ਕਿੰਗਡਮ ਹਾਦਸਾ ਹੈ ਜਿਸ ਵਿਚ ਰਸਾਇਣਕ ਵਿਸਫੋਟ ਹੋ ਜਾਣ ਕਾਰਨ 28 ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ 36 ਵਿਅਕਤੀ ਜਖ਼ਮੀ ਹੋਏ ਸਨ। ਸੀਵੀਸੋ ਉਦਯੋਗਿਕ ਹਾਦਸਾ ਸਾਲ 1976 ਵਿਚ ਇਟਲੀ ਵਿਚ ਵਾਪਰਿਆ ਸੀ ਜਿਸ ਨਾਲ ਆਲੇ ਦੁਆਲੇ ਦੇ ਵਾਤਾਵਰਨ ਵਿਚ ਫੈਲੇ ਰਸਾਇਣਾਂ ਦੇ ਪ੍ਰਭਾਵ 15 ਬੱਚਿਆਂ ਅਤੇ 447 ਵੱਡੀ ਉਮਰ ਦੇ ਵਿਅਕਤੀਆਂ ਨੂੰ ਚਮੜੀ ਦੇ ਰੋਗ ਹੋ ਗਏ ਸਨ। ਇਸ ਤੋਂ ਇਲਾਵਾ ਲਗਭਗ 26 ਗਰਭਵਤੀ ਔਰਤਾਂ ਦਾ ਗਰਭਪਾਤ ਹੋ ਗਿਆ ਸੀ। ਇਸ ਉਦਯੋਗਿਕ ਹਾਦਸੇ ਦੇ ਮਾੜੇ ਪ੍ਰਭਾਵਾਂ ਦੀ ਇੰਨੀ ਸੂਖ਼ਮਤਾ ਨਾਲ ਜਾਂਚ ਕੀਤੀ ਗਈ ਸੀ ਕਿ ਜਾਂਚ ਕਰਤਾਵਾਂ ਨੇ ਆਪਣੀ ਰਿਪੋਰਟ ਵਿਚ 3300 ਜਾਨਵਰਾਂ ਦੀ ਮੌਤ ਦਰਜ ਕਰਦਿਆਂ ਦੱਸਿਆ ਕਿ ਮਰਨ ਵਾਲੇ ਜਾਨਵਰ ਜ਼ਿਆਦਾਤਰ ਮੁਰਗੇ, ਮੁਰਗੀਆਂ ਅਤੇ ਖ਼ਰਗੋਸ਼ ਸਨ। ਯੂ.ਐਸ.ਏ. ਦੇ ਟੈਕਸਾਸ ਰਾਜ ਦੇ ਹਿਊਸਟਨ ਸ਼ਹਿਰ ਵਿਚ ਸਾਲ 1985 ਵਿਚ ਫਿਲਿਪਸ ਕੰਪਨੀ ਵਿਚ ਰਸਾਇਣਕ ਵਿਸਫ਼ੋਟ ਨਾਲ ਹੋਏ ਉਦਯੋਗਿਕ ਹਾਦਸੇ ਨੂੰ ਲਿਆ ਗਿਆ ਹੈ ਜਿਸ ਵਿਚ 23 ਵਿਅਕਤੀ ਮਾਰੇ ਗਏ ਸਨ ਅਤੇ 314 ਜਖ਼ਮੀ ਹੋ ਗਏ ਸਨ।

ਦੋ ਪਰਮਾਣੂ ਹਾਦਸੇ ਚਰਨੋਬਲ ਅਤੇ ਫੂਕੂਸ਼ੀਆ ਜਿਹੜੇ ਕਰਮਵਾਰ 1986 ਅਤੇ 2011 ਵਿਚ ਯੂਕਰੇਨ ਅਤੇ ਜਾਪਾਨ ਵਿਚ ਵਾਪਰੇ ਸਨ ਨੂੰ ਵੀ ਰਿਪੋਰਟ ਵਿਚ ਦਰਜ ਕੀਤਾ ਗਿਆ ਹੈ। ਇਹ ਦੋਵੇਂ ਪਰਮਾਣੂ ਹਾਦਸੇ ਸਦੀ ਦੇ ਬਹੁਤ ਹੀ ਭਿਆਨਕ ਹਾਦਸੇ ਸਨ। ਚਰਨੋਬਲ ਪਰਮਾਣੂ ਹਾਦਸੇ ਵਿਚ 43 ਵਿਅਕਤੀ ਮੌਤ ਦੇ ਮੂੰਹ ਵਿਚ ਚਲੇ ਗਏ ਸਨ। ਇਸ ਹਾਦਸੇ ਨਾਲ ਵਾਤਾਵਰਨ ਇੰਨਾ ਖ਼ਰਾਬ ਹੋ ਗਿਆ ਸੀ ਕਿ ਉੱਥੋਂ ਦੀ ਧਰਤੀ ਉੱਤੇ ਤਿੰਨ ਦਹਾਕਿਆਂ ਤੱਕ ਬਨਸਪਤੀ ਦਾ ਨਾਮੋ ਨਿਸ਼ਾਨ ਨਹੀਂ ਸੀ। ਜਾਪਾਨ ਵਿਚ 2011 ਵਿਚ 9.1 ਦੀ ਤੀਬਰਤਾ ਦਾ ਭੂਚਾਲ ਆਉਣ ਤੋਂ ਬਾਅਦ ਆਈ ਸੁਨਾਮੀ ਨਾਲ ਫੂਕੂਸ਼ੀਆ ਪਰਮਾਣੂ ਹਾਦਸਾ ਵਾਪਰਿਆ ਸੀ। ਪਰਮਾਣੂ ਹਾਦਸੇ ਨਾਲ 16 ਵਿਅਕਤੀ ਜਖ਼ਮੀ ਹੋਏ, 2 ਵਿਅਕਤੀ ਰੇਡੀਸ਼ਨ ਨਾਲ ਬੁਰੀ ਤਰ੍ਹਾਂ ਝੁਲਸ ਗਏ ਸਨ ਅਤੇ 1 ਵਿਅਕਤੀ ਦੀ ਤਾਂ ਕੈਂਸਰ ਨਾਲ ਮੌਤ ਹੀ ਹੋ ਗਈ ਸੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਜਾਪਾਨ ਵਿਚ ਪਰਮਾਣੂ ਹਾਦਸੇ ਨਾਲ ਇੰਨੇ ਕੁ ਲੋਕਾਂ ਨੂੰ ਹੀ ਨੁਕਸਾਨ ਪਹੁੰਚਿਆ ਸੀ ਜਦਕਿ ਸੁਨਾਮੀ ਅਤੇ ਭੂਚਾਲ ਨਾਲ ਹੋਈਆਂ ਮੌਤਾਂ ਨੂੰ ਇਸ ਵਿਚ ਗਿਣਿਆ ਨਹੀਂ ਗਿਆ ਕਿਉਂਕਿ ਉਹ ਕੁਦਰਤੀ ਆਫ਼ਤਾਂ ਸਨ।




ਬੰਗਲਾਦੇਸ ਵਿਚ 2013 ਵਿਚ ਢਾਕਾ ਸ਼ਹਿਰ ਦੀ ਰਾਣਾ ਪਲਾਜ਼ਾ ਇਮਾਰਤ ਦੇ ਢਹਿਣ ਨਾਲ ਵੀ ਇਕ ਵੱਡਾ ਉਦਯੋਗਿਕ ਹਾਦਸਾ ਵਾਪਰਿਆ ਸੀ। ਉਸ ਇਮਾਰਤ ਵਿਚ ਕੱਪੜੇ ਦੇ ਪੰਜ ਕਾਰਖਾਨੇ ਚਲ ਰਹੇ ਸਨ ਅਤੇ ਇਸ ਇਮਾਰਤ ਦੇ ਢਹਿਣ ਨਾਲ 1132 ਵਿਅਕਤੀ ਮਾਰੇ ਗਏ ਸਨ। ਇਸ ਤੋਂ ਇਲਾਵਾ, ਬਰਾਜ਼ੀਲ ਵਿਚ ਸਾਲ 2016 ਅਤੇ 2019 ਡੈਮ ਟੁੱਟਣ ਦੀਆਂ ਦੋਵੇਂ ਘਟਨਾਵਾਂ, ਜਿਨ੍ਹਾਂ ਵਿਚ ਵੀ ਕਰਮਵਾਰ 19 ਅਤੇ 300 ਵਿਅਕਤੀ ਮਾਰੇ ਗਏ, ਇਸ ਨੂੰ ਵੀ ਰਿਪੋਰਟ ਵਿਚ ਦਰਜ ਕੀਤਾ ਗਿਆ ਹੈ।

ਇਸ ਰਿਪੋਰਟ ਵਿਚ ਦਰਜ ਇਨ੍ਹਾਂ ਸਾਰੇ ਉਦਯੋਗਿਕ ਹਾਦਸਿਆਂ ਵਿਚ ਭਾਵੇਂ ਵੱਖ ਵੱਖ ਦੇਸਾਂ ਅਤੇ ਉਥੋਂ ਦੇ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਅਤੇ ਜਿਸ ਨੂੰ ਸਹਿਣਾ ਮੁਸ਼ਕਿਲ ਸੀ, ਪਰ ਇਨ੍ਹਾਂ ਹਾਦਸਿਆਂ ਵਿਚ ਸਭ ਤੋਂ ਜ਼ਿਆਦਾ ਨੁਕਸਾਨ ਸਾਡੇ ਦੇਸ ਵਿਚ ਵਾਪਰੇ ਭੂਪਾਲ ਗੈਸ ਹਾਦਸੇ ਵਿਚ ਹੋਇਆ ਹੈ ਜਿਸ ਵਿਚ ਗ਼ਰੀਬ ਕਿਰਤੀ-ਕਾਮੇ ਸਿਰਫ਼ ਆਪਣੀ ਦੋ ਡੰਗ ਦੀ ਰੋਟੀ ਲਈ ਅਜ ਤੱਕ ਉਸ ਦਾ ਸੰਤਾਪ ਝੱਲਦੇ ਹੋਏ ਅੱਡੀਆਂ ਰਗੜਦੇ ਹੋਏ ਪਲ ਪਲ ਮਰ ਰਹੇ ਹਨ।

ਭੂਪਾਲ ਗੈਸ ਹਾਦਸਾ ਭਾਰਤ ਦੇ ਮੱਧ-ਪ੍ਰਦੇਸ਼ ਰਾਜ ਵਿਚ ਸਾਲ 1984 ਵਿਚ ਵਾਪਰਿਆ ਸੀ ਜਿਸ ਵਿਚ ਯੂਨੀਅਨ ਕਾਰਬਾਈਡ ਦੇ ਕੀਟਨਾਸ਼ਕ ਪਲਾਂਟ ਵਿਚ ਘੱਟੋ-ਘੱਟ 30 ਟਨ ਮਿਥਾਈਲ ਆਈਸੋ ਸਾਈਨੇਟ ਗੈਸ ਦਾ ਰਿਸਾਅ ਹੋਇਆ ਸੀ। ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਅਨੁਸਾਰ ਇਸ ਹਾਦਸੇ ਦੇ ਵਾਪਰਨ ਤੋਂ ਬਾਅਦ ਪਹਿਲੇ ਤਿੰਨ ਦਿਨਾਂ ਵਿਚ ਹੀ 8000 ਤੋਂ 10000 ਵਿਅਕਤੀ ਮੌਤ ਦੇ ਮੂੰਹ ਵਿਚ ਚਲੇ ਗਏ ਸਨ ਅਤੇ ਹੁਣ ਤੱਕ ਇਸ ਹਾਦਸੇ ਤੋਂ ਪ੍ਰਭਾਵਿਤ ਮੌਤਾਂ ਦੀ ਗਿਣਤੀ 40000 ਤੋਂ ਟੱਪ ਚੁੱਕੀ ਹੈ। ਉਸ ਸਮੇਂ ਹਜ਼ਾਰਾਂ ਔਰਤਾਂ ਦੇ ਗਰਭ ਗਿਰ ਗਏ ਅਤੇ ਜਿਹੜੇ ਬੱਚੇ ਪੈਦਾ ਹੋਏ ਉਹ ਵੀ ਅਪੰਗਤਾ ਦਾ ਸ਼ਿਕਾਰ ਹੋ ਗਏ ਸਨ। ਇੱਥੇ ਹੀ ਬੱਸ ਨਹੀਂ, ਜਿਹੜੇ ਲੋਕ ਉਸ ਸਮੇਂ ਗੈਸ ਨਾਲ ਪ੍ਰਭਾਵਿਤ ਹੋਏ ਸਨ ਉਨ੍ਹਾਂ ਦੇ ਪਰਿਵਾਰਾਂ ਵਿਚ ਹਾਲੇ ਵੀ ਪੀੜ੍ਹੀ ਦਰ ਪੀੜ੍ਹੀ ਪੈਦਾ ਹੋ ਰਹੇ ਬੱਚੇ ਕਿਸੇ ਨਾ ਕਿਸੇ ਅਪੰਗਤਾ ਨਾਲ ਜੂਝ ਰਹੇ ਹਨ। ਇਸ ਹਾਦਸੇ ਤੋਂ ਲਗਭਗ 6 ਲੱਖ ਲੋਕ ਪ੍ਰਭਾਵਿਤ ਹੋਏ ਸਨ ਜਿਨ੍ਹਾਂ ਵਿਚੋਂ 1 ਲੱਖ ਤੋਂ ਵੱਧ ਲੋਕ ਘਾਤਕ ਬਿਮਾਰੀਆਂ ਨਾਲ ਪੀੜਿਤ ਹੋ ਕੇ ਮੌਤ ਤੋਂ ਬਦਤਰ ਜ਼ਿੰਦਗੀ ਜੀ ਕੇ ਜਾਂ ਮਰ ਗਏ ਜਾਂ ਹਾਲੇ ਵੀ ਮੌਤ ਦੀਆਂ ਘੜੀਆਂ ਗਿਣ ਰਹੇ ਹਨ।

ਭੂਪਾਲ ਭਿਆਨਕ ਗੈਸ ਹਾਦਸੇ ਦੀ ਸ਼ੁਰੂਆਤ ਤਾਂ ਯੂਨੀਅਨ ਕਾਰਬਾਈਡ ਦੇ ਕੀਟਨਾਸ਼ਕ ਦਵਾਈਆਂ ਬਣਾਉਣ ਵਾਲੇ ਕਾਰਖਾਨੇ ਦੀ 1969 ਵਿਚ ਹੋਈ ਸਥਾਪਨਾ ਦੇ ਨਾਲ ਹੀ ਸ਼ੁਰੂ ਹੋ ਗਈ ਸੀ ਕਿਉਂਕਿ ਇਸ ਕਾਰਖਾਨੇ ਵਿਚ ਵਰਤੀ ਗਈ ਸਾਰੀ ਮਸ਼ੀਨਰੀ ਪੁਰਾਣੀ ਸੀ ਜਿਹੜੀ ਅਮਰੀਕਾ ਵਿਚ ਲਗੇ ਪਲਾਂਟ ਨੂੰ ਪੁੱਟ ਕੇ ਭੂਪਾਲ ਵਿਚ ਲਗਾਈ ਸੀ। ਮਸ਼ੀਨਰੀ ਪੁਰਾਣੀ ਹੋਣ ਕਰਕੇ ਕਾਰਖਾਨੇ ਵਿਚ 1976, 1981, 1982 ਅਤੇ 1984 ਦੇ ਅਪ੍ਰੈਲ ਮਹੀਨੇ ਵਿਚ ਵੀ ਜ਼ਹਿਰੀਲੀ ਗੈਸ ਦੇ ਰਿਸਾਅ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਸਨ ਜਿਨ੍ਹਾਂ ਨਾਲ ਕਈ ਕਾਮੇ ਬਿਮਾਰ ਅਤੇ ਜਖ਼ਮੀ ਵੀ ਹੋਏ ਸਨ, ਪਰ ਇਸ ਬਹੁਕੌਮੀ ਕੰਪਨੀ ਨੇ ਸੰਜਦਗੀ ਨਾਲ ਨਾ ਲੈਂਦੇ ਹੋਏ ਉਲਟਾ ਦੋਸ਼ ਕਾਮਿਆ ਸਿਰ  ਮੜ੍ਹ ਦਿਤਾ ਕਿ ਕਾਮੇ ਅਨਪੜ੍ਹ ਅਤੇ ਅਣਸਿਖਿਅਤ ਅਤੇ ਉਨ੍ਹਾਂ ਨੂੰ ਅਤਸੰਵੇਦੀਨ ਆਧੁਨਿਕ ਮਸ਼ੀਨਰੀ ਦੀ ਵਰਤੋਂ ਕਰਨੀ ਹੀ ਨਹੀਂ ਆਉਂਦੀ ਜਿਸ ਕਰਕੇ ਲਗਾਤਾਰ ਗੈਸ ਰਿਸਾਅ ਦੀਆਂ ਘਟਨਾਵਾਂ ਵਾਪਰ ਰਹੀਆਂ ਸਨ। ਅਸਲ ਵਿਚ ਹਾਦਸੇ ਤਾਂ ਪੁਰਾਣੀ ਮਸ਼ੀਨਰੀ ਅਤੇ ਭੈੜੇ ਰੱਖ-ਰਖਾਅ ਕਾਰਨ ਹੋ ਰਹੇ ਸਨ।



ਡਾ. ਗੁਰਿੰਦਰ ਕੌਰ
91-99156-82196

ਕਾਰਖਾਨੇ ਦੇ ਕਾਮਿਆਂ ਨੇ ਕਈ ਵਾਰੀ ਸੁਰੱਖਿਆ ਪ੍ਰਬੰਧਾਂ ਦੀ ਮੰਗ ਕੀਤੀ ਅਤੇ ਉਨ੍ਹਾਂ ਨੂੰ ਲਾਗੂ ਕਰਵਾਉਣ ਲਈ ਇਕ ਵਾਰ ਤਾਂ ਉਨ੍ਹਾਂ ਨੇ ਹੜਤਾਲ ਵੀ ਕੀਤੀ ਸੀ, ਪਰ ਅਧਿਕਾਰੀਆਂ ਨੇ ਸੁਰੱਖਿਆ ਪ੍ਰਬੰਧਾਂ ਵਿਚ ਸੁਧਾਰ ਕਰਨ ਦੀ ਥਾਂ ਉੱਤੇ 70 ਫ਼ੀਸਦ ਕਰਮਚਾਰੀਆਂ ਨੂੰ ਜੁਰਮਾਨਾ ਕਰ ਦਿੱਤਾ ਸੀ ਅਤੇ ਕੁਝ ਕੁ ਨੂੰ ਤਾਂ ਆਪਣੀ ਨੌਕਰੀ ਤੋਂ ਹੱਥ ਹੀ ਧੋਣੇ ਪੈ ਗਏ ਸਨ। ਇਸ ਤੋਂ ਇਲਾਵਾ ਇਸ ਕਾਰਖਾਨੇ ਵਿਚ ਵਰਤੇ ਜਾਣ ਵਾਲੇ ਰਸਾਇਣਾਂ ਅਤੇ ਉਨ੍ਹਾਂ ਦੀ ਵਰਤੋਂ ਨਾਲ ਪੈਦਾ ਹੋਣ ਵਾਲੀਆਂ ਮਾਰੂ ਜ਼ਹਿਰੀਲੀਆਂ ਗੈਸਾਂ ਦੀ ਵਿਗਿਆਨਕ ਰਚਨਾ ਦੀ ਜਾਣਕਾਰੀ ਕਿਸੇ ਵੀ ਭਾਰਤੀ ਅਧਿਕਾਰੀ ਕੋਲ ਨਹੀਂ ਸੀ। ਇਸੇ ਕਰਕੇ ਹਾਦਸੇ ਤੋਂ ਬਾਅਦ ਗੈਸਾਂ ਦੇ ਪ੍ਰਭਾਵ ਦੀ ਮਾਰ ਥੱਲੇ

**(ਬਾਕੀ ਸਫਾ 22 'ਤੇ)**

# ਵੋਟਰ ਜਾਗਰੂਕ ਹੋਣ ਲੱਗ ਪਿਆ



ਜਸਪਾਲ ਸਿੰਘ ਨਾਗਰਾ
001-360-448-1989

ਵੋਟਾਂ ਮੰਗਣ ਲਈ ਨੇਤਾ ਜੀ ਦਿਨ-ਰਾਤ ਇੱਕ ਕਰ ਰਹੇ ਹਨ।ਉਹਨਾਂ ਦੀ ਨੀਂਦ ਕਿਤੇ ਖੰਭ ਲਾ ਕੇ ਉਡ ਗਈ ਹੈ।ਵੋਟਰਾਂ ਤੱਕ ਪਹੁੰਚ ਕਰਨ ਲਈ ਪਿੰਡ-ਪਿੰਡ ਜਾ ਰਹੇ ਹਨ।ਕਈ ਪਿੰਡਾਂ ਦੇ ਪੜ੍ਹੇ-ਲਿਖੇ ਮੁੰਡੇ-ਕੁੜੀਆਂ ਦੀ ਜ਼ਮੀਰ ਜਾਗ ਪਈ ਹੈ। ਉਹ ਨੇਤਾਵਾਂ ਦੇ ਪਿੰਡ ਪਹੁੰਚਣ ਤੇ ਉਹਨਾਂ ਦੇ ਗਲਾਂ ਵਿੱਚ ਹਾਰ ਪਾ ਕੇ ਸਵਾਗਤ ਨਹੀਂ ਕਰ ਰਹੇ,ਸਗੋਂ ਉਲਟਾ ਸਵਾਲਾਂ ਦੀ ਝੜੀ ਲਾਉਣ ਲੱਗ ਪਏ ਹਨ।

ਨੌਜਵਾਨਾਂ ਵਲੋਂ ਪੁੱਛੇ ਜਾ ਰਹੇ ਸਵਾਲਾਂ ਦਾ ਜਵਾਬ ਕਿਸੇ ਵੀ ਪਾਰਟੀ ਦੇ ਨੇਤਾ ਕੋਲ ਨਹੀਂ ਹੁੰਦਾ।ਘਿਰੇ ਹੋਏ ਨੇਤਾ ਜੀ ਭਿੱਜੀ ਬਿੱਲੀ ਬਣੇ ਬਿਟਰ-ਬਿਟਰ ਐਧਰ-ਓਧਰ ਝਾਕਣ ਲੱਗਦੇ ਹਨ।ਕਈਆਂ ਦੀ ਹਾਲਤ ਵਾੜ ਵਿੱਚ ਫਸੇ ਬਾਘੜ ਬਿੱਲੇ ਵਰਗੀ ਬਣੀ ਹੁੰਦੀ ਹੈ।

ਨੇਤਾਵਾਂ ਨੇ ਇਹ ਤਾਂ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਲੋਕ ਸਾਡੇ ਕੋਲੋਂ ਕੀਤੇ ਕੰਮਾਂ ਦਾ ਹਿਸਾਬ ਮੰਗਣ ਲੱਗ ਪੈਣਗੇ। ਜਿਹੜੇ ਨੇਤਾ ਜੀ ਟਿਕਟ ਲੈਣ ਲਈ ਤਰਲੋ ਮੱਛੀ ਹੋ ਰਹੇ ਸਨ,ਹੁਣ ਉਹਨਾਂ ਚੋਂ ਕਈ ਟਿਕਟ ਲੈ ਕੇ ਪਛਤਾ ਰਹੇ ਹਨ। ਨੇਤਾ ਜੀ ਲੋਕਾਂ ਨਾਲ ਕੁੱਤੇਖਾਣੀ ਕਰਨੀ ਹੀ ਜਾਣਦੇ ਹਨ, ਆਹ ਤਾਂ ਪਹਿਲੀ ਵਾਰੀ ਲੋਕਾਂ ਨੇ ਨਿਧੜਕ ਹੋ ਕੇ ਇਹਨਾਂ ਨਾਲ ਕੁੱਤੇਖਾਣੀ ਕਰਕੇ ਨਵੀਂ ਪਿਰਤ ਪਾਈ ਹੈ।ਜਿਹੜੇ ਨੇਤਾ ਜੀ ਧੌਣ ਉੱਚੀ ਕਰਕੇ ਆਪਣੇ ਚੇਲੇ ਚਪਟਿਆਂ'ਚ ਘਿਰੇ ਵੋਟਾਂ ਮੰਗਣ ਲਈ ਪਿੰਡਾਂ ਵਿੱਚ ਜਾਂਦੇ ਸੀ, ਹੁਣ ਉਹੀ ਨੇਤਾ ਪਹਿਲਾਂ ਪਿੰਡਾਂ ਵਿੱਚ ਆਪਣੇ ਜਸੂਸ ਭੇਜਕੇ ਜਾਣਕਾਰੀ ਲੈਣ ਲੱਗ ਪਏ ਹਨ ਕਿ ਉਥੇ ਸਾਡਾ ਘਿਰਾਓ ਤਾਂ ਨ੍ਹੀਂ ਹੋ ਜਾਵੇਗਾ। ਕਈ ਨੇਤਾਵਾਂ ਨੂੰ ਸਕੂਲ ਸਮੇਂ ਯਾਦ ਕੀਤੇ ਮੁਹਾਵਰੇ ,'ਅੱਡੀਆਂ ਨੂੰ ਥੁੱਕ ਲਾ ਕੇ ਭੱਜਣਾ, ਨੌਂ ਦੋ ਗਿਆਰਾਂ ਹੋਣਾ ਆਦਿ ਦੇ ਅਰਥ ਮੁੜ ਯਾਦ ਆਉਣ ਲੱਗ ਪਏ ਹਨ'।

ਨੇਤਾ ਜੀ ਹੁਣ ਦਗੜ-ਦਗੜ ਕਰਦੇ ਪਿੰਡਾਂ ਵਿੱਚ ਨਹੀਂ ਜਾਂਦੇ ਸਗੋਂ ਚੋਰਾਂ ਵਾਂਗ ਚੁੱਪ-ਚਪੀਤੇ ਦੱਬਵੇਂ ਪੈਰੀਂ ਆਪਣੇ ਚਹੇਤਿਆਂ ਦੇ ਘਰੀਂ ਜਾਣ ਨੂੰ ਹੀ ਤਰਜੀਹ ਦੇਣ ਲੱਗ ਪਏ ਹਨ। ਪੁਲੀਸ ਕਰਮਚਾਰੀਆਂ ਨੂੰ ਸਵੇਰੇ ਹੀ ਹਦਾਇਤ ਕਰ ਦਿੰਦੇ ਹਨ ਕਿ ਜਦੋਂ ਲੋਕੀਂ ਗਲ਼ ਪੈਣਗੇ ਉਦੋਂ ਤੁਸੀਂ ਬਾਜ ਵਾਲੀ ਫੁਰਤੀ ਵਰਤਕੇ ਮੈਨੂੰ ਉਥੋਂ ਭਜਾ ਲੈਣਾ ਹੈ।ਜੇ ਲੋਕ ਇੰਝ ਹੀ ਕਰਦੇ ਰਹੇ ਤਾਂ ਨੇਤਾ ਜੀ ਆਉਣ ਵਾਲੇ ਸਮੇਂ ਵਿੱਚ, ਜੇ ਹੋਰ ਕੁੱਝ ਨਹੀਂ ਤਾਂ ਘੱਟੋ-ਘੱਟੋ ਚੰਗੇ ਦੌੜਾਕ ਜਰੂਰ ਬਣ ਜਾਣਗੇ।ਨੇਤਾ ਜੀ ਲੋਕਾਂ ਦੇ ਪੈਸੇ ਤੇ ਮੌਜਾਂ ਲੁੱਟਣ ਹੀ ਗਿੱਝੇ ਹੋਏ ਹਨ, ਉਹਨਾਂ ਨੂੰ ਲੋਕਾਂ ਲਈ ਕੀਤੇ ਜਾਣ ਵਾਲੇ ਕੰਮਾਂ ਦੀ ਕੋਈ ਪ੍ਰਵਾਹ ਨਹੀਂ ਹੈ। ਨੇਤਾਵਾਂ ਲਈ ਹੁਣ ਜਾਗਣ ਦਾਂ ਵਕਤ ਆ ਗਿਆ ਹੈ। ਹੁਣ ਉਹ ਲੋਕਾਂ ਨੂੰ ਹੋਰ ਬੁੱਧੂ ਨਹੀਂ ਬਣਾ ਸਕਣਗੇ। ਅੱਗੇ ਤੋਂ ਜਦੋਂ ਵੋਟਾਂ ਮੰਗਣ ਜਾਇਆ ਕਰਨਗੇ ਤਾਂ ਜਰੂਰ ਹੀ ਕੁੱਝ ਸੋਚ ਸਮਝਕੇ ਜਾਇਆ ਕਰਨਗੇ। ਪਹਿਲਾਂ ਕੀਤੇ ਵਾਅਦਿਆਂ ਚੋਂ ਪੂਰੇ ਕੀਤੇ ਵਾਅਦਿਆਂ ਦਾ ਲੇਖਾ-ਜੋਖਾ ਜਰੂਰ ਨਾਲ ਲੈ ਕੇ ਜਾਣ ਲੱਗ ਪੈਣਗੇ। ਨੇਤਾਵਾਂ ਲਈ ਹੁਣ ਨੇਤਾਗਿਰੀ ਕਰਨਾ ਖਾਲਾ ਜੀ ਦਾ ਵਾੜਾ ਨਹੀਂ ਰਹਿ ਜਾਵੇਗਾ ,ਸਗੋਂ ਜਿੰਮੇਂਵਾਰੀਆਂ ਦੀ ਪੰਡ ਹੋਵੇਗਾ। ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਵੋਟ ਦੀ ਕੀਮਤ ਪਛਾਨਣ ਐਵੇਂ ਨਾ ਸ਼ਰਾਬ ਦੀ ਬੋਤਲ ਜਾਂ ਚੰਦ ਸਿੱਕਿਆਂ ਪਿੱਛੇ ਵੇਚ ਦੇਣ। ਜਦੋਂ ਜਨਤਾ ਆਪਣੇ ਹੱਕ ਮੰਗਣ ਲੱਗ ਪਈ ਤਾਂ ਨੇਤਾ ਜੀ ਵੀ ਕੰਨ ਵਿੱਚ ਉਂਗਲ ਦੇ ਕੇ ਨਹੀਂ ਸੌਂਇਆ ਕਰਨਗੇ। ਲੋਕਾਂ ਵਿੱਚ ਜਾਣ ਤੋਂ ਪਹਿਲਾਂ ਸੌ ਵਾਰੀ ਸੋਚਿਆ ਕਰਨਗੇ ਕਿ ਉਹਨਾਂ ਨੇ ਲੋਕਾਂ ਲਈ ਕੀ ਕੀਤਾ ਹੈ।

ਲੋਕਾਂ ਦਾ ਗੱਲਾਂ ਨਾਲ ਢਿੱਡ ਨਹੀਂ ਭਰਿਆ ਜਾਣਾ, ਉਹਨਾਂ ਨੂੰ ਉਹਨਾਂ ਦੀ ਯੋਗਤਾ ਮੁਤਾਬਕ ਰੁਜ਼ਗਾਰ ਦੇਣਾ ਸਰਕਾਰਾਂ ਦਾ ਕੰਮ ਹੈ। ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਵੀ ਐਵੇਂ ਨਾ ਨੇਤਾਵਾਂ ਦੀਆਂ ਗੱਲਾਂ ਵਿੱਚ ਆ ਕੇ ਚਾਂਭਲੇ ਫਿਰਨ।ਆਪਣੇ ਹੱਕ ਮੰਗਣ ਦੀ ਜਾਚ ਆਉਣਾ ਵੀ ਜਰੂਰੀ ਹੈ।

ਦੇਸ਼ ਦਾ ਭਵਿੱਖ ਅਖਵਾਉਣ ਵਾਲੀ ਪੜ੍ਹੀ-ਲਿਖੀ ਪੀੜ੍ਹੀ ਮੁਫਤ ਮਿਲਣ ਵਾਲੀਆਂ ਸਹੂਲਤਾਂ ਨਾਲ ਸੰਤੁਸ਼ਟ ਨਹੀਂ ਕੀਤੀ ਜਾ ਸਕਦੀ।ਇਨ੍ਹਾਂ ਨੂੰ ਰੁਜ਼ਗਾਰ ਦੀ ਲੋੜ ਹੈ।ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ।ਨੌਜੁਆਨਾਂ ਅੰਦਰ ਅਥਾਹ ਊਰਜਾ ਹੁੰਦੀ ਹੈ। ਉਨ੍ਹਾਂ ਦੀ ਇਸ ਉਰਜਾ ਨੂੰ ਸਹੀ ਦਿਸ਼ਾ ਪ੍ਰਦਾਨ ਕਰਨਾ ਸਰਕਾਰਾਂ ਦਾ ਕੰਮ ਹੁੰਦਾ ਹੈ, ਜੋ ਕਿ ਨਹੀਂ ਕਰ ਰਹੀਆਂ। ਮੇਰੇ ਮਨ ਨੂੰ ਬੜਾ ਸਕੂਨ ਮਿਲ ਰਿਹਾ ਹੈ ਕਿ ਪੜ੍ਹੇ-ਲਿਖੇ ਮੁੰਡੇ-ਕੁੜੀਆਂ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਰਹੇ ਹਨ।ਕਈ ਪਿੰਡਾਂ ਵਿੱਚ ਔਰਤਾਂ ਅਤੇ ਕਿਸਾਨਾਂ ਵਲੋਂ ਵੀ ਨੇਤਾਵਾਂ ਨੂੰ ਸਵਾਲ ਪੁੱਛਣ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ,ਜੋ ਕਿ ਇੱਕ ਬਦਲਾਅ ਦੀ ਨਿਸ਼ਾਨੀ ਹੈ।

ਜਿਹੜੇ ਨੇਤਾ ਵੋਟਰਾਂ ਨੂੰ ਭੇਡਾਂ-ਬੱਕਰੀਆਂ ਸਮਝਕੇ ਜਿੱਧਰ ਵੇਖਿਆ ਤੋਰ ਲੈਂਦੇ ਸਨ, ਹੁਣ ਉਹੀ ਨੇਤਾ ਆਪਣੇ ਘਿਰਾਓ ਹੁੰਦੇ ਵੇਖਕੇ ਘਬਰਾਹਟ ਵਿੱਚ ਆ ਰਹੇ ਹਨ। ਮੈਨੂੰ ਲਗਦਾ ਹੈ ਕਿ ਹੁਣ ਨੇਤਾ ਲੋਕ ਵੀ ਇਨ੍ਹਾਂ ਚੋਣਾਂ ਤੋਂ ਕੋਈ ਨਾ ਕੋਈ ਸਬਕ ਜਰੂਰ ਸਿੱਖ ਲੈਣਗੇ। ਅਗਲੀਆਂ ਚੋਣਾਂ ਵੇਲੇ ਲੋਕਾਂ ਵਿੱਚ ਸੋਚ ਸਮਝਕੇ ਜਾਣਾ ਸਿੱਖ ਲੈਣਗੇ।

# ਚੋਣ ਘੋਸ਼ਣਾ/ਮਨੋਰਥ ਪੱਤਰ



ਮੁਹੰਮਦ ਬਸ਼ੀਰ
91-94171-58300

17ਵੀਂ ਲੋਕ ਸਭਾ ਦੀਆਂ ਚੋਣਾਂ 11 ਅਪ੍ਰੈਲ ਤੋਂ ਸ਼ੁਰੂ ਹੋ ਕੇ 19 ਮਈ 2019 ਤੱਕ ਪੂਰੀਆਂ ਹੋ ਜਾਣਗੀਆਂ ਇਨ੍ਹਾਂ ਚੋਣਾਂ ਦਾ ਨਤੀਜਾ 23 ਮਈ ਨੂੰ ਐਲਾਨਿਆ ਜਾਣਾ ਹੈ। ਇਸ ਕਾਰਨ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਚੋਣ ਦੰਗਲ ਪੂਰੀ ਤਰ੍ਹਾ ਭਖ ਚੁੱਕਾ ਹੈ।ਜਿਨ੍ਹਾ ਨੂੰ ਲੈ ਕੇ ਮੁੱਖ ਰਾਜਸੀ ਪਾਰਟੀਆਂ ਵੱਲੋਂ ਵੋਟਰਾਂ ਨੂੰ ਭਰਮਾਉਣ ਲਈ ਤਰ੍ਹਾਂ-ਤਰ੍ਹਾਂ ਦੇ ਵਾਅਦੇ ਕੀਤੇ ਜਾ ਰਹੇ ਹਨ। ਰਾਜ ਅਤੇ ਰਾਸ਼ਟਰੀ ਰਾਜਨੀਤਿਕ ਦਲਾਂ ਦੁਆਰਾ ਆਪਣੇ-ਆਪਣੇ ਚੋਣ ਘੋਸ਼ਣਾ/ਮਨੋਰਥ ਪੱਤਰ ਜਾਰੀ ਕੀਤੇ ਜਾ ਰਹੇ ਹਨ। ਚੋਣ ਘੋਸ਼ਣਾ ਪੱਤਰ ਅਜਿਹਾ ਦਸਤਾਵੇਜ਼ ਹੁੰਦਾ ਹੈ ਜਿਸ ਵਿੱਚ ਰਾਜਨੀਤਿਕ ਦਲ ਦੀਆਂ ਪ੍ਰਾਪਤੀਆਂ ਅਤੇ ਚੋਣਾਂ ਜਿੱਤਣ ਤੋਂ ਬਾਅਦ ਅਪਣਾਈਆਂ ਜਾਣ ਵਾਲੀਆਂ ਨੀਤੀਆਂ ਦਾ ਵਰਨਣ ਹੁੰਦਾ ਹੈ। ਪਹਿਲਾਂ ਹੋ ਚੁੱਕੀਆਂ ਲੋਕ ਸਭਾਵਾਂ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਨਾਲੋਂ ਇਸ ਵਾਰ ਲੋਕ ਮੱਤ ਨੂੰ ਆਪਣੇ ਪੱਖ ਵਿੱਚ ਕਰਨ ਲਈ ਰਾਜਸੀ ਦਲਾਂ ਦੁਆਰਾ ਕੁੱਝ ਵਧੇਰੇ ਲੰਮੇ-ਚੌੜੇ ਵਾਅਦੇ ਕੀਤੇ ਜਾ ਰਹੇ ਹਨ। ਇਸਦਾ ਮੁੱਖ ਕਾਰਨ ਮੌਜੂਦਾ ਰਾਜਨੀਤਿਕ ਦ੍ਰਿਸ਼ ਵਿੱਚ ਨਤੀਜੇ ਦੀ ਅਸਪਸ਼ਟਤਾ ਹੈ। ਜਿਸਦੇ ਕਾਰਨ ਇਸ ਵਾਰ 17ਵੀਂ ਲੋਕ ਸਭਾ ਦੀਆਂ ਚੋਣਾਂ ਦਾ ਮੁਕਾਬਲਾ ਬਹੁਤ ਹੀ ਦਿਲਚਸਪ ਹੁੰਦਾਂ ਜਾ ਰਿਹਾ ਹੈ।

ਵਿਕਸਤ ਰਾਸ਼ਟਰਾਂ ਵਿੱਚ ਚੋਣ ਘੋਸ਼ਣਾ ਪੱਤਰ ਨੂੰ ਇੱਕ ਅਹਿਮ ਦਸਤਾਵੇਜ਼ ਮੰਨਿਆ ਜਾਂਦਾ ਹੈ।ਜਿਸ ਦੇ ਆਧਾਰ ਤੇ ਉੱਥੇ ਦੇ ਲੋਕ ਕਿਸੇ ਰਾਜਸੀ ਦਲ ਦੀਆਂ ਨੀਤੀਆਂ ਦਾ ਮੁਲਾਂਕਣ ਕਰਕੇ ਕਿਸੇ ਦਲ ਦੇ ਵਿਰੁੱਧ ਜਾਂ ਪੱਖ ਵਿੱਚ ਫੈਸਲਾ ਕਰਦੇ ਹਨ। ਉਹਨਾਂ ਰਾਸ਼ਟਰਾਂ ਵਿੱਚ ਚੋਣ ਘੋਸ਼ਣਾ ਪੱਤਰ ਕੇਵਲ ਫੋਕੇ ਵਾਅਦਿਆਂ ਰੂਪੀ ਝੂਠ ਦਾ ਪੁਲੰਦਾਂ ਨਹੀਂ ਹੁੰਦਾਂ ਸਗੋਂ ਸੱਤਾ ਵਿੱਚ ਆਉਣ ਤੋਂ ਬਾਅਦ ਰਾਜਸੀ ਦਲਾਂ ਨੂੰ ਚੋਣ ਘੋਸ਼ਣਾ ਪੱਤਰ ਰਾਹੀਂ ਜਨਤਾ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨਾ ਪੈਂਦਾ ਹੈ ਪਰ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਭਾਵ ਮੇਰੇ ਭਾਰਤ ਮਹਾਨ ਦੀਆਂ ਰਾਜਨੀਤਿਕ ਪਾਰਟੀਆਂ ਅਤੇ ਨੇਤਾਵਾਂ ਦੀ ਚੋਣ ਘੋਸ਼ਣਾ ਪੱਤਰ ਦੇ ਮਾਮਲੇ 'ਚ ਸਥਿਤੀ ਕੁਝ ਵੱਖਰੀ ਹੈ। ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਅੱਜ ਤੱਕ ਦੇ ਭਾਰਤੀ ਇਤਿਹਾਸ ਵਿੱਚ ਕੋਈ ਵੀ ਅਜਿਹੀ ਰਾਜਨੀਤਿਕ ਪਾਰਟੀ ਨਹੀਂ ਹੋਈ ਜਿਸ ਨੇ ਚੋਣਾਂ ਦੌਰਾਨ ਵੋਟਰਾਂ ਨਾਲ ਕੀਤੇ ਸਾਰੇ ਵਾਅਦਿਆਂ ਨੂੰ ਪੂਰਾ ਕੀਤਾ ਹੋਵੇ। ਜੇ ਧਿਆਨ ਨਾਲ ਵਰਤਮਾਨ ਹਾਲਾਤ ਨੂੰ ਮੁੱਖ ਰੱਖ ਕੇ ਦੇਖਿਆ ਜਾਵੇ ਤਾਂ ਪਤਾ ਚੱਲਦਾ ਹੈ ਕਿ ਸਾਡੇ ਦੇਸ਼ ਦੇ ਰਾਜਸੀ ਦਲਾਂ ਦੁਆਰਾ ਚੋਣ ਘੋਸ਼ਣਾ ਪੱਤਰਾਂ ਵਿੱਚ ਕੀਤੇ ਵਾਅਦਿਆਂ ਨੂੰ ਪੂਰਾ ਕਰਨਾ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਜਾਪਦਾ ਹੈ। ਇਹ ਗੱਲ ਬਹੁਤ ਹੀ ਹਾਸੋਹੀਣੀ ਜਾਪਦੀ ਹੈ ਕਿ ਵੱਖ-ਵੱਖ ਰਾਜਸੀ ਪਾਰਟੀਆਂ ਵੱਲੋਂ ਵੋਟਰਾਂ ਨੂੰ ਸਬਜ਼ਬਾਗ ਦਿਖਾਉਣ ਲਈ ਸ਼ੇਖ ਚਿੱਲੀ ਵਾਲੇ ਬਹੁਤ ਵੱਡੇ ਵੱਡੇ ਵਾਅਦੇ ਤਾਂ ਕਰ ਲਏ ਜਾਂਦੇ ਹਨ ਪਰ ਕਿਸੇ ਵੀ ਛੋਟੇ ਵੱਡੇ ਰਾਜਨੀਤਿਕ ਦਲ ਦੁਆਰਾ ਇਹ ਦੱਸਣ ਦੀ ਖੇਚਲ ਕਦੇ ਨਹੀਂ ਕੀਤੀ ਜਾਂਦੀ ਕਿ ਇਨ੍ਹਾਂ ਵਾਅਦਿਆਂ ਨੂੰ ਪੂਰਾ ਕਿਵੇਂ ਕੀਤਾ ਜਾਵੇਗਾ ਭਾਵ ਉਹ ਕਿਹੜੀ ਜਾਦੂ ਦੀ ਛੜੀ ਘੁਮਾਉਣਗੇ ਜਿਸ ਨਾਲ ਭਾਰਤ ਦੀ ਗਰੀਬ, ਅਨਪੜ੍ਹ, ਇੱਕ ਤਿਹਾਈ ਭੁੱਖ ਮਰੀ ਦਾ ਸ਼ਿਕਾਰ, ਭੋਲੀ-ਭਾਲੀ, ਜਨਤਾ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਿਵੇਂ ਕੀਤਾ ਜਾਵੇਗਾ।

ਜੇ ਵਿਕਸਤ ਪੱਛਮੀ ਦੇਸ਼ਾਂ ਦੀ ਰੀਸ ਕਰ ਰਹੇ ਭਾਰਤ ਦੀ ਅੱਜ ਦੀ ਸਥਿਤੀ ਦੇਖਦੇ ਹਾਂ ਤਾਂ ਮੱਧ ਵਰਗ ਤਾਂ ਪਹਿਲਾਂ ਹੀ ਵਾਧੂ ਕਰਾਂ ਅਤੇ ਤੇਲ ਆਦਿ ਪਦਾਰਥਾਂ ਦੀਆਂ ਵੱਧ ਕੀਮਤਾਂ ਦੇ ਹੇਠ ਦੱਬਿਆ ਹੋਇਆ ਹੈ। ਇਸ ਦੇ ਇਵਜ਼ 'ਚ ਮੱਧ ਵਰਗ ਨੂੰ ਦਿੱਤਾ ਕੁਝ ਵੀ ਨਹੀਂ ਜਾ ਰਿਹਾ ਸਗੋਂ ਸਹੂਲਤਾਂ ਅਤੇ ਰਿਆਇਤਾਂ ਦੀ ਭਰਮਾਰ ਵੱਖ-ਵੱਖ ਰਾਜਨੀਤਿਕ ਪਾਰਟੀ ਨੂੰ ਚੰਦੇ ਦੇ ਰੂਪ 'ਚ ਕਾਲਾ ਧਨ ਦੇਣ ਵਾਲੇ ਕਾਰਪੋਰੇਟ ਘਰਾਣਿਆਂ ਨੂੰ ਹੈ। ਹੁਣ ਇਹ ਸਵਾਲ ਆਪਣੇ ਆਪ ਹੀ ਪੈਦਾ ਹੋ ਜਾਂਦਾ ਹੈ ਕਿ ਤੱਤਕਾਲੀ ਹੋ ਰਹੀਆਂ ਚੋਣਾਂ ਦੌਰਾਨ ਨਾਗਰਿਕਾਂ ਨਾਲ ਕੀਤੇ ਵਾਅਦੇ ਕਿਵੇਂ ਪੂਰੇ ਕੀਤੇ ਜਾਣਗੇ?

ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਲਈ ਪੈਸਾ ਕਿੱਥੋਂ ਆਵੇਗਾ? ਇਸਦਾ ਸਪਸ਼ਟ ਭਾਵ ਇਹ ਹੈ ਕਿ ਰਾਜਨੀਤਿਕ ਪਾਰਟੀਆਂ ਚੋਣ ਘੋਸ਼ਣਾ ਪੱਤਰ ਨੂੰ ਕੇਵਲ ਝੂਠੇ ਵਾਅਦੇ ਕਰਕੇ ਵੋਟਰਾਂ ਨੂੰ ਭਰਮਾਉਣ ਦਾ ਸਾਧਨ ਮਾਤਰ ਹੀ ਮੰਨਦੀਆਂ ਹਨ ਤੇ ਇਸਦੇ ਨਾਲ ਹੀ ਚੋਣਾਂ ਜਿੱਤਣ ਤੋਂ ਬਾਅਦ ਜਦੋਂ ਕਿਸੇ ਰਾਜਸੀ ਦਲ ਦੁਆਰਾ ਜਨਤਾ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ ਜਾਂਦਾ ਤਾਂ ਜਨਤਾ ਕੋਲ ਸਵਿਟਜ਼ਰਲੈਂਡ ਦੀ ਤਰ੍ਹਾਂ ਚੁਣੇ ਪ੍ਰਤੀਨਿਧੀਆਂ ਨੂੰ ਵਾਪਸ ਬੁਲਾਉਣ ਦਾ ਅਧਿਕਾਰ ਨਾ ਹੋਣ ਕਾਰਨ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰਦੇ ਹਨ।ਜਿਸ ਕਾਰਨ ਦੇਸ਼ ਦੇ ਸਧਾਰਨ ਵੋਟਰਾਂ ਦਾ ਦੇਸ਼ ਦੀ ਰਾਜਨੀਤਿਕ ਪ੍ਰਣਾਲੀ, ਰਾਜਸੀ ਨੇਤਾਵਾਂ, ਜਨਤਕ ਪ੍ਰਤੀਨਿਧੀਆਂ ਤੋਂ ਦਿਨ ਬ ਦਿਨ ਵਿਸ਼ਵਾਸ ਉੱਠਦਾ ਜਾ ਰਿਹਾ ਹੈ। ਇਸੀ ਕਾਰਨ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਪ੍ਰਤੀਸ਼ਤਤਾ ਵਿੱਚ ਦਿਨ-ਬ-ਦਿਨ ਕਮੀ ਆ ਰਹੀ ਹੈ। ਜਿਸ ਨੂੰ ਕਿ ਭਾਰਤੀ ਲੋਕਤੰਤਰ ਲਈ ਖਤਰਾ ਮੰਨਿਆ ਜਾ ਸਕਦਾ ਹੈ।

ਲੋਕਾਂ ਦਾ ਭਾਰਤੀ ਲੋਕਤੰਤਰ ਅਤੇ ਰਾਜਨੀਤਿਕ ਪ੍ਰਣਾਲੀ ਵਿੱਚ ਵਿਸ਼ਵਾਸ ਬਣਾ ਕੇ ਰੱਖਣ ਲਈ ਜਰੂਰੀ ਹੈ ਕਿ ਚੋਣ ਘੋਸ਼ਣਾ ਪੱਤਰਾਂ ਨੂੰ ਕਾਨੂੰਨੀ ਰੂਪ ਦਿੱਤਾ ਜਾਵੇ ਭਾਵ ਜੇਕਰ ਕੋਈ ਰਾਜਨੀਤਿਕ ਦਲ ਆਪਣੇ ਚੋਣ ਘੋਸ਼ਣਾ ਪੱਤਰ ਵਿੱਚ ਕੀਤੇ ਵਾਅਦਿਆਂ ਨੂੰ ਪੂਰਾ ਨਹੀਂ ਕਰਦਾ ਤਾਂ ਉਸ ਰਾਜਸੀ ਦਲ ਦੇ ਵਿਰੁੱਧ ਜਨਤਾ ਨੂੰ ਅਦਾਲਤ ਦੀ ਸ਼ਰਨ ਲੈਣ ਦਾ ਅਧਿਕਾਰ ਪ੍ਰਾਪਤ ਹੋਣਾ ਚਾਹੀਦਾ ਹੈ ਜਾਂ ਫਿਰ ਅਜਿਹੇ ਰਾਜਨੀਤਿਕ ਦਲ ਦੀ ਮਾਨਤਾ ਰੱਦ ਕਰਨ ਦਾ ਅਧਿਕਾਰ ਚੋਣ ਕਮੀਸ਼ਨ ਨੂੰ ਦਿੱਤਾ ਜਾ ਸਕਦਾ ਹੈ ਤਾਂ ਕਿ ਆਉਣ ਵਾਲੀਆਂ ਚੋਣਾਂ ਵਿੱਚ ਉਹ ਰਾਜਸੀ ਪਾਰਟੀ ਚੋਣ ਨਾ ਲੜ ਸਕੇ।

ਇਸ ਤਰ੍ਹਾਂ ਦੇ ਕੁਝ ਉਪਾਅ ਹੀ ਰਾਜਨੀਤਿਕ ਦਲਾਂ ਦੀਆਂ ਮਨਮਾਨੀਆਂ, ਸ਼ੋਸ਼ਣ ਅਤੇ ਰਾਜਨੀਤਿਕ ਨੇਤਾਵਾਂ ਦੇ ਚੋਣ ਜ਼ੁਮਲਿਆਂ ਤੋਂ ਜਨਤਾ ਨੂੰ ਬਚਾ ਸਕਦੇ ਹਨ ਅਤੇ ਵੋਟਰਾਂ ਦਾ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਵਿਸ਼ਵਾਸ ਪੱਕਾ ਕਰਕੇ ਭਾਰਤੀ ਲੋਕਤੰਤਰ ਨੂੰ ਮਜ਼ਬੂਤੀ ਪ੍ਰਧਾਨ ਕਰ ਸਕਦੇ ਹਨ ਤੇ ਭਾਰਤ ਵਿਕਸਤ ਰਾਸ਼ਟਰ ਬਣਨ ਵੱਲ ਅੱਗੇ ਵਧ ਸਕਦਾ ਹੈ।

------

## 'ਸਮਰਪਣ ਦਿਵਸ' ਮੌਕੇ ਜੈਤੋ ਦੇ ਨਿਰੰਕਾਰੀ ਸੇਵਾਦਾਰਾਂ ਨੇ ਨਹਿਰੂ ਪਾਰਕ ਦੀ ਸਫ਼ਾਈ ਕੀਤੀ 'ਤੇ ਪੌਦੇ ਲਗਾਏ

**ਜੈਤੋ-** 'ਸਮਰਪਣ ਦਿਵਸ' ਮੌਕੇ ਸੰਤ ਨਿਰੰਕਾਰੀ ਸੇਵਾਦਲ ਜੈਤੋ ਮੰਡੀ ਯੂਨਿਟ 108,ਖੇਤਰ ਫਰੀਦਕੋਟ ਦੇ ਨਿਰੰਕਾਰੀ ਸੇਵਾਦਾਰਾਂ ਨੇ ਮੁਖੀ ਅਸ਼ੋਕ ਧੀਰ, ਸੰਚਾਲਕ ਬਲਵਿੰਦਰ ਸਿੰਘ 'ਤੇ ਸਿਖਸ਼ਕ ਲਖਵੀਰ ਭੱਟੀ ਦੀ ਅਗਵਾਈ ਹੇਠ ਨਹਿਰੂ ਪਾਰਕ ਜੈਤੋ ਵਿਖੇ ਅੰਦਰਲੇ ਪ੍ਰਦੂਸ਼ਨ ਨੂੰ ਦੂਰ ਕਰਨ ਦਾ ਸੰਦੇਸ਼ ਦੇ ਰਹੇ ਹਨ ਭਾਵ ਦਿਲਾਂ ਵਿਚੋਂ ਨਫ਼ਰਤ, ਵੈਰ, ਈਰਖਾ, ਲੜਾਈ, ਝਗੜਾ, ਜੰਗਾਂ, ਬਦਲੇ ਦੀ ਭਾਵਨਾ, ਕਲੇਸ਼ ਆਦਿ ਨੂੰ ਜੜੋਂ ਖਤਮ ਕਰਨ 'ਤੇ ਆਪਸ ਵਿੱਚ ਪਿਆਰ, ਭਾਈਚਾਰਾ, ਸਹਿਣਸ਼ੀਲਤਾ, ਮਿੱਠੀ



ਸਫ਼ਾਈ ਮੁਹਿੰਮ ਚਲਾਈ। ਇਸ ਸਫਾਈ ਦੌਰਾਨ ਜੈਤੋ ਦੇ 150 ਤੋਂ ਉੱਪਰ ਸੇਵਾਦਾਰਾਂ ਭੈਣਾਂ ਅਤੇ ਮਹਾਂਪੁਰਸ਼ਾਂ ਨੇ ਨਹਿਰੂ ਪਾਰਕ ਦੇ ਸਾਰੇ ਗਰਾਉਂਡਾਂ ਦੀ ਸਾਫ ਸਫਾਈ ਕਰਦੇ ਹੋਏ ਫਾਲਤੂ ਘਾਹ ਫੂਸ ਦੀ ਕਟਿੰਗ ਕੀਤੀ ਅਤੇ ਗੰਦਗੀ ਨੂੰ ਚੁੱਕ ਕੇ ਟਰਾਲੀਆਂ ਵਿੱਚ ਲੱਦ ਕੇ ਬਾਹਰ ਕੂੜੇ ਸਥਾਨ ਤੇ ਸੁਟਿੱਆ। ਇਸ ਮੌਕੇ ਨਿਰੰਕਾਰੀ ਸੇਵਾਦਾਰਾਂ ਨੇ ਪਾਰਕ ਵਿੱਚ ਕੁਝ ਛਾਂਦਾਰ ਪੌਦੇ ਵੀ ਲਗਾਏ। ਪ੍ਰਮੋਦ ਧੀਰ ਮੀਡੀਆ ਸਹਾਇਕ ਨੇ ਦੱਸਿਆ ਕਿ ਇਹ ਸਫਾਈ ਮੁਹਿੰਮ ਬਾਬਾ ਹਰਦੇਵ ਸਿੰਘ ਜੀ ਦੀ ਯਾਦ ਵਿੱਚ ਚਲਾਈ ਗਈ, ਬਾਬਾ ਜੀ ਦਾ ਸੰਦੇਸ਼ ਸੀ ਕਿ "ਪ੍ਰਦੂਸ਼ਨ ਅੰਦਰ ਹੋਵੇ ਜਾਂ ਬਾਹਰ ਦੋਨੋਂ ਹੀ ਖਤਰਨਾਕ ਹਨ" ਇਸ ਲਈ ਬਾਹਰ ਦੇ ਪ੍ਰਦੂਸ਼ਨ ਨੂੰ ਦੂਰ ਕਰਨ ਲਈ ਅੱਜ ਸਥਾਨਕ ਸੇਵਾਦਾਰਾਂ ਨੇ ਨਹਿਰੂ ਪਾਰਕ ਵਿਖੇ ਸਫਾਈ ਕੀਤੀ।

ਅੱਜ ਨਿਰੰਕਾਰੀ ਮਿਸ਼ਨ ਦੇ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਵੀ ਪੂਰੇ ਵਿਸ਼ਵ ਨੂੰ ਬਾਹਰ ਦੇ ਨਾਲ-ਨਾਲ ਬੋਲੀ, ਪ੍ਰਭੂ ਪ੍ਰਮਾਤਮਾ ਦੀ ਜਾਣਕਾਰੀ, ਸੇਵਾ, ਸਿਮਰਨ ਸਤਿਸੰਗ ਕਰਨ ਆਦਿ ਦਾ ਆਦੇਸ਼ ਦਿੰਦੇ ਹਨ। ਬਾਬਾ ਹਰਦੇਵ ਸਿੰਘ ਜੀ 13 ਮਈ 2016 ਨੂੰ ਬ੍ਰਹਮਲੀਨ ਹੋ ਗਏ ਸਨ, ਉਨ੍ਹਾਂ ਦੀ ਯਾਦ ਵਿੱਚ ਵਿਸ਼ਵ ਭਰ ਵਿੱਚ ਇਸ ਦਿਨ "ਸਮਰਪਣ ਦਿਵਸ" ਮਨਇਆ ਜਾ ਰਿਹਾ ਹੈ 'ਤੇ ਭਾਰਤ ਦੇ ਸਾਰੇ ਸਤਿਸੰਗ ਭਵਨਾਂ ਵਿੱਚ ਵਿਸ਼ਾਲ ਸਤਿਸੰਗ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਫਾਈ ਮੁਹਿੰਮ ਵਿੱਚ ਮਹਿਮਾਨ ਦੇ ਤੌਰ ਤੇ ਪਹੁੰਚੇ ਪਵਨ ਗੋਇਲ, ਹੇਮ ਰਾਜ ਗੋਇਲ, ਮਨੋਜ ਗੋਇਲ, ਸਤੀਸ਼ ਕੁਮਾਰ ਭੀਰੀ, ਜਨਕ ਲਹਿਰੀ, ਸ਼ਕਤੀ ਰਾਮ, ਰਾਮ ਰਾਜ ਕਟਾਰੀਆ ਨੇ ਇਸ ਕਾਰਜ ਦੀ ਖੂਬ ਪ੍ਰਸੰਸਾ ਕੀਤੀ। ਇਸ ਮੌਕੇ ਜੈਤੋ ਸ਼ਹਿਰ ਤੋਂ ਇਲਾਵਾ ਨਾਲ ਲਗਦੇ ਪਿੰਡਾਂ ਮੱਤਾ, ਰੋੜੀਕਪੂਰਾ, ਦਬੜੀਖਾਨਾ, ਚੰਦਭਾਨ, ਢੈਪਈ,ਸੇਵੇਵਾਲਾ, ਬਰਕੰਦੀ ਆਦਿ ਪਿੰਡਾਂ ਦੇ ਨਿਰੰਕਾਰੀ ਸੇਵਾਦਾਰਾਂ ਨੇ ਵੀ ਸਫਾਈ ਅਭਿਆਨ ਵਿੱਚ ਯੋਗਦਾਨ ਪਾਇਆ।




Shangara Ram
Realtor CalBRE# 01969522

BERKSHIRE HATHAWAY
Home Services
ELITE REAL ESTATE

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

# ਦੇਸ਼ ਦੇ ਉਤਲੇ ਝੂਠ ਦੇ ਪੁਤਲੇ

ਇਹ ਗੱਲ ਕਹਿਣੀ ਚੰਗੀ ਤਾਂ ਨਹੀਂ ਲੱਗਦੀ, ਪਰ ਅਸਲੀਅਤ ਅਤੇ ਸੱਚ ਤੋਂ ਮੂੰਹ ਵੀ ਨਹੀਂ ਮੋੜਿਆ ਜਾ ਸਕਦਾ ਕਿ ਦੇਸ਼ ਦੇ ਉੱਚ ਅਹੁਦਿਆਂ 'ਤੇ ਪਹੁੰਚ ਕੇ ਨੇਤਾ-ਲੋਕ ਝੂਠ ਦੇ ਪੁਤਲੇ ਬਣ ਜਾਂਦੇ ਹਨ, ਸੱਚੇ-ਸੁੱਚੇ ਨਹੀਂ ਰਹਿੰਦੇ। ਇਸੇ ਕਰਕੇ ਸਹਿਜੇ ਹੀ ਕਹਿਣਾ ਪੈ ਜਾਂਦਾ ਹੈ ਕਿ –

ਸ਼ਾਇਦ ਏਦਾਂ ਕਹਿਣਾ ਤਾਂ ਫਬਦਾ ਨਹੀਂ
ਪਰ ਆਦਮੀ 'ਚੋਂ ਆਦਮੀ ਲੱਭਦਾ ਨਹੀਂ।

ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਆਦਮੀ ਵਿੱਚ ਆਦਮਤਾ ਹੀ ਨਾ ਰਹੇ। ਉਹ ਉੱਚ ਪਾਏ ਦੇ ਗੁਣ ਹੀ ਨਾ ਰਹਿਣ, ਜਿਨ੍ਹਾਂ ਬਿਨਾਂ ਆਦਮੀ ਦੀ ਉੱਤਮਤਾ ਕਾਇਮ ਨਹੀਂ ਰਹਿੰਦੀ। ਜਨਤਾ ਨੇਤਾਵਾਂ ਦੇ ਗੁਣਾਂ 'ਤੇ ਭਰੋਸਾ ਕਰਕੇ ਹੀ ਉਨ੍ਹਾਂ ਨੂੰ ਵੋਟਾਂ ਪਾ ਕੇ ਚੁਣਦੀ ਹੈ ਤਾਂ ਕਿ ਉਨ੍ਹਾਂ ਦੀ ਢੁਕਵੀਂ ਪ੍ਰਤੀਨਿਧਤਾ ਹੋ ਸਕੇ। ਇਹ ਵੀ ਕਿ ਉਹ ਲੋਕਾਂ ਦੀ ਪਹੁੰਚ ਵਿੱਚ ਰਹਿਣ ਅਤੇ ਹਰ ਦੁੱਖ-ਸੁੱਖ ਵਿੱਚ ਉਨ੍ਹਾਂ ਦੇ ਨਾਲ ਖੜ੍ਹਨ। ਪਹਿਲੀ ਕਤਾਰ ਦੇ ਉਤਲੇ ਲੋਕ ਅਜਿਹਾ ਭਰੋਸਾ ਦੁਆਉਂਦੇ ਵੀ ਹਨ ਤਾਂ ਕਿ ਨੇਤਾਗਿਰੀ ਚਲਾਈ ਜਾ ਸਕੇ।

ਜਨਤਾ ਦੀ ਸੇਵਾ ਕਰਨ ਦੇ ਮਨੋਰਥ ਨਾਲ ਸਿਆਸਤ ਦੇ ਮੈਦਾਨ ਵਿੱਚ ਉਤਰਨ ਵਾਲੇ ਨੇਤਾ ਆਪਣੇ ਵਚਨਾਂ 'ਤੇ ਪਹਿਰਾ ਦਿੰਦੇ ਰਹਿਣ ਤਾਂ ਕਦੇ ਮਾਰ ਨਹੀਂ ਖਾਂਦੇ, ਪਰ ਜਦੋਂ ਉਹ ਸੇਵਾ ਕਰਨ ਦੀ ਥਾਂ ਸੇਵਾ ਕਰਵਾਉਣ ਲੱਗ ਪੈਣ ਤਾਂ ਜਨਤਾ ਦਾ ਵਿਸ਼ਵਾਸ ਤਿੜਕਦਾ ਹੀ ਨਹੀਂ, ਸਗੋਂ ਕਾਇਮ ਹੀ ਨਹੀਂ ਰਹਿੰਦਾ। ਇਹ ਅੱਜ ਦੇ ਨੇਤਾਵਾਂ ਦੀ ਤ੍ਰਾਸਦੀ ਹੈ ਕਿ ਉਹ ਵਾਅਦੇ ਕਰਦੇ ਹਨ, ਲਾਰੇ ਲਾਉਂਦੇ ਹਨ, ਪਰ ਉਨ੍ਹਾਂ 'ਤੇ ਪੂਰੇ ਨਹੀਂ ਉੱਤਰਦੇ, ਜਿਸ ਕਾਰਨ ਉਨ੍ਹਾਂ 'ਤੇ ਭਰੋਸਾ ਕਰਨ ਵਾਲੇ ਹੀ ਇਹ ਕਹਿਣ ਲਈ ਮਜਬੂਰ ਹੋ ਜਾਂਦੇ ਹਨ ਕਿ 'ਦੇਸ਼ ਦੇ ਉਤਲੇ-ਝੂਠ ਦੇ ਪੁਤਲੇ'।

ਨੇਤਾ-ਲੋਕ ਉਹ ਭੱਦਰ-ਪੁਰਸ਼ ਹੁੰਦੇ ਹਨ, ਜੋ ਦੇਸ਼ ਦੇ ਉਤਲੇ (ਉੱਪਰਲੇ) ਭਾਗ ਵਿੱਚ ਅੱਵਲ ਗਿਣੇ ਜਾਂਦੇ ਹਨ, ਜਿਨ੍ਹਾਂ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਲੋਕਾਂ ਦੇ ਭਲੇ ਲਈ ਕੰਮ ਕਰਵਾ ਕੇ ਲੋਕ ਦਿਲਾਂ ਵਿੱਚ ਉੱਤਮ ਥਾਂ ਵੀ ਬਣਾ ਲੈਣ ਅਤੇ ਵਿਸ਼ਵਾਸ ਵੀ। ਅਜਿਹੇ ਨੇਤਾਜਨਾਂ ਤੋਂ ਆਸ ਰੱਖੀ ਜਾਂਦੀ ਹੈ ਕਿ ਉਹ ਆਪਣੇ ਹਲਕੇ, ਰਾਜ ਅਤੇ ਦੇਸ਼ ਦੇ ਸਭ ਲੋਕਾਂ ਨੂੰ ਆਪਣੇ ਪਰਵਾਰ ਦੇ ਮੈਂਬਰ ਹੀ ਮੰਨਦਿਆਂ ਸਭ ਦੀ ਖੁਸ਼ੀ ਲਈ ਕੰਮ ਕਰਨਗੇ ਅਤੇ ਖੁਸ਼ਹਾਲੀ ਲਈ ਵੀ।

ਜਿਹੜੇ ਨੇਤਾ ਕੁਰਸੀ ਜਾਂ ਅਹੁਦਾ ਮਿਲਣ 'ਤੇ ਲੋਕਾਂ ਦੇ ਨਹੀਂ ਰਹਿੰਦੇ, ਕੀਤੇ ਵਾਅਦੇ ਪੂਰੇ ਨਹੀਂ ਕਰਦੇ, ਉਹ ਉਤਲੇ ਥਾਵਾਂ 'ਤੇ ਰਹਿੰਦਿਆਂ ਵੀ ਝੂਠ ਦੇ ਪੁਲੰਦੇ ਹੋ ਕੇ ਰਹਿ ਜਾਂਦੇ ਹਨ, ਜਿਨ੍ਹਾਂ ਦੀ ਹੈਸੀਅਤ ਝੂਠ ਦੇ ਪੁਤਲਿਆਂ ਤੋਂ ਜ਼ਰਾ ਵੀ ਵੱਧ ਨਹੀਂ ਹੁੰਦੀ। ਆਪਣੇ ਹੀ ਲੋਕਾਂ ਦੀ ਵੋਟ ਹਥਿਆਉਣ ਲਈ ਝੂਠ ਬੋਲ ਕੇ ਵਾਅਦੇ ਕਰਦੇ ਹਨ ਅਤੇ ਇੱਕ ਵੀ ਪੂਰਾ ਨਹੀਂ ਕਰਦੇ। ਫੇਰ ਉਹ ਇੱਕ ਵਾਰ ਹੀ ਆਉਂਦੇ ਹਨ, ਮੁੜ ਕਿਤੇ ਨਹੀਂ ਲੱਭਦੇ। ਲੋਕ ਜੇ ਉੱਪਰ ਚੜ੍ਹਾਉਣਾ ਜਾਣਦੇ ਹਨ ਤਾਂ ਹੇਠਾਂ ਸੁੱਟਦਿਆਂ ਵੀ ਦੇਰ ਨਹੀਂ ਲਾਉਂਦੇ।

ਕਰਜ਼ੇ ਮਾਫ਼ ਕਰਨ ਦਾ ਵਾਅਦਾ, ਐਲਾਨ ਕਰਕੇ ਮਾਫ਼ ਨਾ ਕਰਨਾ ਲੋਕਾਂ ਨਾਲ ਧੋਖੇਬਾਜ਼ੀ ਹੈ, ਜਿਸ ਨੂੰ ਮਾਫ਼ ਨਹੀਂ ਕੀਤਾ ਜਾ ਸਕਦਾ। ਤਰ੍ਹਾਂ-ਤਰ੍ਹਾਂ ਦੇ ਲਾਲਚ ਦੇ ਕੇ ਵੋਟਾਂ ਮੰਗਣੀਆਂ ਵੀ ਠੀਕ ਨਹੀਂ, ਕਿਉਂਕਿ ਲੋਕਤੰਤਰ ਨਾਲ ਅਜਿਹਾ ਮਜ਼ਾਕ ਕਰਨ ਦੀ ਖੁੱਲ੍ਹ ਨਹੀਂ। ਲੋਕ ਅਜੇ ਤੱਕ ਆਪਣੇ ਖਾਤਿਆਂ 'ਚ 15 ਲੱਖ ਦੀ ਉਮੀਦ ਲਾਈ ਬੈਠੇ ਹਨ, ਜੋ ਹੁਣ ਕਦੇ ਨਹੀਂ ਆਉਣੇ, ਨਾ ਹੀ ਦੋ ਕਰੋੜ ਨੌਕਰੀਆਂ ਆਉਣੀਆਂ ਹਨ ਅਤੇ ਨਾ ਹੀ ਘਰ-ਘਰ ਨੌਕਰੀਆਂ/ਕਾਲਾ ਧਨ ਵੀ ਵਿਦੇਸ਼ ਤੋਂ ਨਹੀਂ ਆ ਸਕਿਆ। ਸਮਾਰਟ ਫੋਨ ਵੀ ਮਿਲਣੇ ਕਿ ਨਹੀਂ ਮਿਲਣੇ।

ਉਂਜ ਇਹੋ ਜਿਹੇ ਵਾਅਦੇ ਅਤੇ ਲਾਰੇ ਲੋਕਤੰਤਰ ਦੀ ਮੂਲ ਅਤੇ ਜ਼ਰੂਰੀ ਭਾਵਨਾ ਦੇ ਉਲਟ ਹਨ, ਕਿਉਂਕਿ ਇਹ ਨਾਗਰਿਕਾਂ ਦੀ ਵੋਟ ਦੇਣ ਦੀ ਸੁਤੰਤਰਤਾ 'ਤੇ ਗਲਤ ਪ੍ਰਭਾਵ ਪਾਉਂਦੇ ਹਨ, ਜਿਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਦੇਸ਼ ਦੇ ਨਾਗਰਿਕਾਂ ਨੂੰ ਧੋਖੇ ਵਿੱਚ ਰੱਖਣਾ ਅਤੇ ਬਾਅਦ ਵਿੱਚ ਵਾਅਦਿਆਂ ਨੂੰ ਜੁਮਲੇ ਕਹਿ ਕੇ ਲੋਕਾਂ ਨਾਲ ਕੋਝਾ ਮਜ਼ਾਕ ਕਰਨਾ ਮੁਆਫ਼ੀਯੋਗ ਨਹੀਂ। ਅਜਿਹੇ ਵਾਅਦੇ ਪੂਰੇ ਨਾ ਕਰਨ ਵਾਲਿਆਂ ਵਿਰੁੱਧ ਧੋਖੇਬਾਜ਼ੀ ਦੇ ਮੁਕੱਦਮੇ ਦਰਜ ਹੋਣੇ ਚਾਹੀਦੇ ਹਨ ਤਾਂ ਕਿ ਉਨ੍ਹਾਂ ਨੂੰ ਯੋਗ ਸਜ਼ਾ ਮਿਲੇ ਅਤੇ ਸਿਆਸਤ ਦੇ ਖੇਤਰ ਵਿੱਚ ਕੰਮ ਕਰਨ ਵਾਲਿਆਂ ਨੂੰ ਕੰਨ ਹੋ ਸਕਣ। ਉਹ ਅਜਿਹੀ ਧੋਖੇਬਾਜ਼ੀ ਕਰਨ ਤੋਂ ਬਾਜ਼ ਆਉਣ ਤਾਂ ਜੋ ਲੋਕ ਠਗ ਹੋਣ ਤੋਂ ਬਚੇ ਰਹਿਣ। ਨਾਲ ਹੀ ਨਾਲ ਦੇਸ਼ ਦੇ ਨੇਤਾ ਵੀ 'ਦੇਸ਼ ਦੇ ਉਤਲੇ ਝੂਠ ਦੇ ਪੁਤਲੇ' ਬਣਨ ਤੋਂ ਵੀ ਬਚੇ ਰਹਿਣ ਤਾਂ ਕਿ ਉਨ੍ਹਾਂ ਦਾ ਸੱਚਾ-ਸੁੱਚਾ ਰੁਤਬਾ ਵੀ ਕਾਇਮ ਰਹੇ। ਇਕ ਨੇਤਾ ਵੀ ਝੂਠ ਦੇ ਰਸਤੇ ਉੱਤੇ ਚੱਲੇ ਤਾਂ ਸਭ ਬਦਨਾਮ ਹੋ ਕੇ ਰਹਿ ਜਾਣਗੇ। ਉਤਲੇ (ਲੋਕੋ) ਨੇਤਾਜਨੋ ਜਾਗੋ ਅਤੇ ਵਾਅਦੇ ਪੂਰੇ ਕਰੋ।

ਚੰਗਾ ਹੋਵੇ ਜੇ ਦੇਸ਼ ਦੇ ਉਤਲੇ ਆਪਣੇ-ਆਪ ਨੂੰ ਸੰਭਾਲ ਕੇ ਆਪਣੇ ਵਿਹਾਰ ਅਤੇ ਬੋਲ-ਚਾਲ ਦੇ ਮਿਆਰ ਕਾਇਮ ਰੱਖਣ ਅਤੇ ਸੱਚ ਦੇ ਰਾਹ 'ਤੇ ਤੁਰਨ ਦਾ ਯਤਨ ਕਰਨ ਤਾਂ ਜਨਤਾ ਦਾ ਟੁੱਟਿਆ ਵਿਸ਼ਵਾਸ ਮੁੜ ਜੁੜ ਸਕਦਾ ਹੈ, ਜਿਹੜਾ ਹੋਰ ਕਿਸੇ ਤਰ੍ਹਾਂ ਨਹੀਂ ਜੁੜ ਸਕਦਾ। ਉਤਲਿਆਂ ਦਾ ਝੂਠ ਦੇ ਪੁਤਲੇ ਬਣਨ ਨਾਲ ਉਨ੍ਹਾਂ ਦੀ ਹੈਸੀਅਤ ਵੀ ਭੁਰਦੀ ਅਤੇ ਖੁਰਦੀ ਹੈ, ਜੋ ਫੇਰ ਨਿਆਣਿਆਂ ਸਿਆਣਿਆਂ ਦੇ ਮਜ਼ਾਕ ਦਾ ਪਾਤਰ ਬਣਨ ਤੋਂ ਨਹੀਂ ਬਚਦੇ। ਜ਼ਰੂਰੀ ਹੈ ਕਿ ਉਤਲੇ ਵਰਤਮਾਨ ਨੂੰ ਬਚਾਉਣ ਅਤੇ ਭਵਿੱਖ ਨੂੰ ਵੀ ਦਾਅ 'ਤੇ ਨਾ ਲਾਉਣ। ਝੂਠ ਦੇ ਪੁਤਲੇ ਦੇਸ ਦਾ ਵੀ ਕੁਝ ਨਹੀਂ ਸੰਵਾਰ ਸਕਦੇ। ਇਹ ਤਾਂ ਹੈ ਕਿ ਉਹ ਝੂਠ ਬੋਲ ਕੇ, ਝੂਠੇ ਵਾਅਦੇ ਕਰਕੇ ਕੁਝ ਦੇਰ ਲਈ ਆਪਣਾ ਉੱਲੂ ਤਾਂ ਸਿੱਧਾ ਕਰ ਲੈਣ, ਪਰ ਉਨ੍ਹਾਂ ਵੱਲੋਂ ਬੀਜੇ ਧੋਖੇਬਾਜ਼ੀ ਦੇ ਬੀਜ ਮੁੜ-ਮੁੜ ਉੱਗਦੇ ਰਹਿਣਗੇ, ਜਿਨ੍ਹਾਂ ਨੇ ਦੇਸ਼ ਦੇ ਲੋਕਾਂ ਦਾ ਕੁਝ ਵੀ ਨਹੀਂ ਸੰਵਾਰਨਾ। ਸਬਕ ਏਹੀ ਕਿ 'ਦੇਸ਼ ਦੇ ਉਤਲੇ ਝੂਠ ਦੇ ਪੁਤਲੇ' ਨਾ ਬਣਨ।

### ਪੰਜਾਬ ਦਾ ਸਿਆਸੀ ਦ੍ਰਿਸ਼

ਪੰਜਾਬ ਵਿੱਚ 19 ਮਈ ਨੂੰ ਵੋਟਾਂ ਪੈਣੀਆਂ ਹਨ, ਜਿਸ ਕਾਰਨ 17 ਮਈ ਤੱਕ ਦੰਗਲ ਮਚਿਆ ਰਹੇਗਾ। ਅਕਾਲੀ ਦਲ ਨੇ 13 ਸੀਟਾਂ 'ਤੇ ਹੀ ਜਿੱਤ ਦਾ ਦਾਅਵਾ ਕਰ ਦਿੱਤਾ, ਜਦਕਿ ਪਹਿਲਾਂ ਕੇਵਲ ਕਾਂਗਰਸ ਹੀ 13 ਸੀਟਾਂ ਜਿੱਤਣ ਦਾ ਦਾਅਵਾ ਕਰ ਰਹੀ ਸੀ, ਪਰ ਪੰਜਾਬ 'ਚ 26 ਤਾਂ ਹਲਕੇ ਹੀ ਨਹੀਂ। ਅਕਾਲੀ ਦਲ ਨੂੰ 2 ਸੀਟਾਂ ਮਿਲ ਜਾਣ ਤਾਂ ਗਨੀਮਤ ਸਮਝਿਆ ਜਾਵੇ। ਆਮ ਆਦਮੀ ਪਾਰਟੀ ਜਨਤਾ ਦੇ ਮਨਾਂ ਵਿੱਚੋਂ ਹੀ ਆਊਟ ਹੈ ਫੇਰ ਜਿੱਤ ਕਿੱਥੋਂ। ਪਾਰਟੀ ਕਿਰਦੀ-ਕਿਰਦੀ ਕਿਰ ਗਈ। ਜਿੱਥੇ ਨਹੀਂ ਕਿਰੀ, ਉਥੇ ਆਪਸ ਵਿੱਚ ਭਿੜ-ਭਿੜ ਕੇ ਖੁਰ ਅਤੇ ਭੁਰ ਜਾਵੇਗੀ। ਪੰਜਾਬ ਏਕਤਾ ਪਾਰਟੀ ਨੂੰ ਪੰਜਾਬੀ ਮਨਾਂ ਵਿੱਚ ਥਾਂ ਬਣਾਉਣ ਲਈ ਸਮਾਂ ਹੀ ਨਹੀਂ ਮਿਲ ਸਕਿਆ। ਦੋ ਹਲਕਿਆਂ 'ਚ ਪੈਰਾਸ਼ੂਟ ਰਾਹੀਂ ਆਏ ਉਮੀਦਵਾਰਾਂ ਨੂੰ ਹਲਕੇ ਦੇ ਲੋਕ ਜਾਣਦੇ ਹੀ ਨਹੀਂ। ਉਹ ਜਿੰਨੀਆਂ ਕੁ ਵੋਟਾਂ ਮਿਲੀਆਂ, ਲੈ ਕੇ ਦੌੜ ਜਾਣਗੇ ਅਤੇ ਮੁੜ ਲੋਕ ਦੇਖਦੇ ਹੀ ਰਹਿ ਜਾਣਗੇ। ਟੁੱਟ-ਭੱਜ ਏਨੀ ਜ਼ੋਰਾਂ 'ਤੇ ਹੈ ਕਿ ਅਕਾਲੀ ਵੀ ਖੱਟ ਰਹੇ ਹਨ ਅਤੇ ਕਾਂਗਰਸੀ ਵੀ। ਉਂਜ ਸਾਰੀਆਂ ਪਾਰਟੀਆਂ ਹੀ ਉਨ੍ਹਾਂ ਲੋਕਾਂ ਦਾ ਸ਼ਿਕਾਰ ਹੋ ਰਹੀਆਂ ਹਨ, ਜੋ ਚੋਣਾਂ ਦੇ ਮੌਕੇ ਖੁਦਗਰਜ਼ ਵੀ ਹਨ ਅਤੇ ਜਗ੍ਹਾ ਦੇ ਭੁੱਖੇ ਵੀ। ਕਈ ਇੱਕ ਤਾਂ ਸੋਚਾਂ ਵਿੱਚ ਹੀ ਘਿਰੇ ਹੋਏ ਹਨ, ਜਿਨ੍ਹਾਂ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਹ ਕਿੱਧਰ ਜਾਣ। ਆਪ ਦੇ ਦੋ ਪਾਰਲੀਮੈਂਟ ਮੈਂਬਰ ਤਾਂ ਪਹਿਲਾਂ ਤੋਂ ਹੀ ਆਪ ਤੋਂ ਵੱਖ ਹਨ ਅਤੇ ਉਨ੍ਹਾਂ ਬਾਰੇ ਅੱਜ ਤੱਕ ਕੋਈ ਫ਼ੈਸਲਾ ਨਹੀਂ ਹੋਇਆ। ਵਿਧਾਇਕ ਵੀ 7 ਪਾਰਟੀ ਤੋਂ ਬਾਗੀ ਹੋ ਗਏ ਸਨ, ਜਿਨ੍ਹਾਂ 'ਚੋਂ ਦੋ ਤਾਂ ਸਿੱਧੇ ਤੌਰ 'ਤੇ ਕਾਂਗਰਸ ਵਿੱਚ ਸ਼ਾਮਲ ਹੋ ਗਏ। ਕੰਵਰ ਸੰਧੂ ਸਣੇ ਚਾਰ ਵਿਧਾਇਕ ਚੁੱਪ ਦੀ ਗੁਫ਼ਾ ਵਿੱਚ ਤਪੱਸਿਆ ਕਰ ਰਹੇ ਹਨ, ਜਿਹੜੇ ਕੋਈ ਵੀ ਪ੍ਰਤੀਕਰਮ ਨਹੀਂ ਦੇ ਰਹੇ। ਲੱਗਦਾ ਇਹੀ ਹੈ ਕਿ ਪੰਜਾਬ ਵਿੱਚ ਕਾਂਗਰਸ ਹੀ ਸਭ ਤੋਂ ਅੱਗੇ ਰਹੇਗੀ। ਇਕੱਲੀ-ਇਕੱਲੀ ਸੀਟ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਏਹੀ ਜਾਪੇਗਾ ਕਿ ਇੱਕ-ਅੱਧੀ ਸੀਟ ਛੱਡ ਕੇ ਬਾਕੀਆਂ 'ਚ ਵਿਰੋਧੀ ਧਿਰ ਦੀਆਂ ਵੋਟਾਂ ਵੰਡੀਆਂ ਜਾਣਗੀਆਂ ਅਤੇ ਕਾਂਗਰਸ ਫਾਇਦੇ ਵਿੱਚ ਰਹੇਗੀ। ਉਂਜ ਇਹ ਅਨੁਮਾਨ ਹੀ ਹਨ, ਪਰ ਅੱਧਾ ਪਤਾ 19 ਨੂੰ ਲੱਗੇਗਾ ਅਤੇ ਪੂਰਾ ਪਤਾ 23 ਮਈ ਨੂੰ ਨਤੀਜਾ ਆਉਣ ਵਾਲੇ ਦਿਨ।

### ਲਤੀਫ਼ੇ ਦਾ ਚਿਹਰਾ ਮੋਹਰਾ

ਹੈਲੋ! ਸ਼ਰਮਾ ਜੀ ਕੀ ਹਾਲ ਹੈ ?
"ਮੈਂ ਉਨ੍ਹਾਂ ਦਾ ਪੁੱਤਰ ਬੋਲ ਰਿਹਾਂ"
ਬਈ ਮੈਂ ਤਾਂ ਉਨ੍ਹਾਂ ਨੂੰ ਵੋਟਾਂ ਲਈ ਕਹਿਣਾ ਸੀ
"ਅੰਕਲ ਜੀ ਉਹ ਤਾਂ ਚਾਰ ਸਾਲ ਪਹਿਲਾਂ ਪੂਰੇ ਹੋ ਗਏ ਸਨ"
"ਓ ਹੋ ਬੜਾ ਮਾੜਾ ਹੋਇਆ, ਪਰ ਵੋਟ ਦਾ ਖ਼ਿਆਲ ਕਰਿਓ!"
... ਤੇ ਫ਼ੋਨ ਕੱਟਿਆ ਗਿਆ।

******

ਸਾਡੇ ਘਰ ਬਹੁਤ ਮਹਿਮਾਨ ਆਉਂਦੇ ਸਨ ਅਤੇ ਪਤਨੀ ਦੁਖੀ ਹੋ ਗਈ। ਪਤੀ ਨੇ ਆਪਣੇ ਮਿੱਤਰ ਨੂੰ ਇਹ ਦੁੱਖ ਦੱਸਿਆ। ਉਸ ਨੇ ਕਿਹਾ ਐਮ ਬੇ ਦਾ ਕਾਰੋਬਾਰ ਸ਼ੁਰੂ ਕਰ ਲਓ। ਪਤੀ ਨੇ ਮਿੱਤਰ ਦੀ ਸਲਾਹ 'ਤੇ ਅਜਿਹਾ ਹੀ ਕਰ ਲਿਆ ਅਤੇ ਹੁਣ ਸੱਦਿਆਂ ਵੀ ਕੋਈ ਨਹੀਂ ਆਉਂਦਾ।

******

### ਅੰਗ-ਸੰਗ



ਸ਼ਾਮ ਸਿੰਘ
98141-13338

# ਮਾਤਾ ਜੀ ਦੀ ਅੰਤਮ ਅਰਦਾਸ

ਮੇਰੇ ਸਤਿਕਾਰ ਯੋਗ ਮਾਤਾ ਜੀ ਮਾਤਾ ਪ੍ਰਕਾਸ਼ ਕੌਰ ਰਾਏ, 2 ਮਈ 2019 ਦਿਨ ਵੀਰਵਾਰ ਰਾਤੇ ਦੇ 9 ਵਜੇ ਵਿਛੋੜਾ ਦੇ ਗਏ ਸਨ। ਜਿਹਨਾਂ ਦਾ ਸੰਸਕਾਰ ਅੰਤਮ ਅਰਦਾਸ 11 ਮਈ ਦਿਨ ਸਨਿਚਰਵਾਰ 6100 ਸਟਾਕਟਿਨ ਬੁਲੇਬਰਡ ਅਤੇ ਪਾਠ ਦਾ ਭੋਗ ਗੁਰੂ ਘਰ ਇਲਸੀ ਵਿਖੇ ਹੋਇਆ।

ਮਾਤਾ ਜੀ ਦੇ ਅੰਤਮ ਅਰਦਾਸ ਵੇਲੇ ਗਿਆਨੀ ਜੀ ਗਿਆਨੀ ਬਲਵੀਰ ਸਿੰਘ ਜੀ ਅਤੇ ਸਕੱਤਰ ਸੇਵਾ ਸ ਤਾਰਾ ਸਿੰਘ ਜੀ ਰਟੇਂਡਾ ਜੀ, ਬੁਲਾਰੇ ਬੇਟਾ ਸਿਮਰਨ ਦੀਪ ਸਿੰਘ ਰਾਏ, ਬੇਟੀ ਸ਼ਰਨਦੀਪ ਕੌਰ ਰਾਏ, ਸਾਡੇ ਨਾਨਾ ਜੀ ਸ ਸੋਹਣ ਸਿੰਘ ਜੀ ਹੇਅਰ ਪੱਦੀ, ਸ ਫਰਜੀਤ ਸਿੰਘ ਜੀ ਨਾਗਰਾ, ਸ ਗੁਰਜਤਿੰਦਰ ਸਿੰਘ ਜੀ ਰੰਧਾਵਾ ਪੰਜਾਬ ਮੇਲ, ਅਤੇ ਪੰਜਾਬੀ ਸਹਿਤ ਸਭ੍ਹਾ ਦੇ ਵਿਦਵਾਨ- ਦਿੱਲ ਦਿਲਵੀਰ ਸਿੰਘ ਜੀ ਨਿੱਝਰ, ਵੀਰ ਇੰਦਰ ਜੀਤ ਸਿੰਘ ਜੀ ਗਰੇਵਾਲ ਥਰੀਕੇ, ਜਸਵੰਤ



ਜੱਸੀ ਜੀ ਸ਼ੀਮਾਰ, ਸਤਿਕਾਰ ਯੋਗ ਭੈਣ ਜੀ ਮਨਜੀਤ ਕੌਰ ਸ਼ੇਖੋਂ ਅਤੇ ਹੋਰ ਵੀ ਕਈ ਬੁਲਾਰੇ ਸ ਹਰਬੰਸ ਸਿੰਘ ਜੀ ਜਗਿਆਸੂ, ਸ ਮਹਿੰਦਰ ਸਿੰਘ ਜੀ ਘੱਗ, ਡ: ਪਰਗਟ ਸਿੰਘ ਜੀ, ਕਮਲ ਬੰਗਾ ਜੀ, ਸ ਪ੍ਰੇਮ ਕੁਮਾਰ ਜੀ ਚੁੰਬਰ ਅਤੇ ਗੁਰੂ ਘਰ ਦੇ ਸੇਵਾਦਾਰ ਗਿਆਨੀ ਭਗਤ ਸਿੰਘ ਜੀ, ਬਿਮਲ ਸਿੰਘ ਜੀ ਸਮਰਾੜੀ, ਵੀਰ ਸ਼ਮਿੰਦਰ ਸਿੰਘ ਜੀ ਬਾਗੜੀ ਜਿਹਨਾਂ ਨੂੰ ਸਮ੍ਹਾਂ ਨਹੀਂ ਮਿਲ ਸਕਿਆ, ਖਿਮ੍ਹਾਂ ਕਰਨਾਂ ਜੀ।

ਸਭ ਨੇ ਮਾਂ ਬਾਰੇ ਵਿਚਾਰ ਸੁਣਾਏ, ਮਾਤਾ ਜੀ ਦੇ ਜਾਣ ਮਗਰੋਂ ਸੁਣ ਕੇ ਪਤਾ ਲੱਗਾ ਕਿ ਮਾਂ ਕਿਸ ਨੂੰ ਕਹਿੰਦੇ, ਮਾਂ ਕਿਹੜਾ ਨੂਰ, ਕੀ ਦਰਜਾ ਹੁੰਦਾ ਅੰਦਰ ਜੋਤ ਸਰੂਪ ਜੋਤੀ ਕਿਹੜੀ ਕੰਮ ਕਰਦੀ ਹੈ।

ਮੈ ਤਾਂ ਮਾਂ ਨੂੰ ਸਧਾਰਨ ਘਰ ਦੇ ਮੈਂਬਰਾਂ ਵਾਂਗੂ ਸਮਝ ਕੇ ਚਾਹ ਪਾਣੀ ਪੁੱਛ ਛੱਡਦਾ ਸੀ, ਅਸਲ ਸੇਵਾ ਤਾਂ ਗਈ ਤੋਂ ਬਾਅਦ ਬੁਲਾਰਿਆਂ ਨੂੰ ਸੁਣ ਕੇ ਹੀ ਪਤਾ ਲੱਗਾ, ਕਿ ਰੱਬ ਹੀ ਮਾਂ ਦੇ ਰੂਪ ਵਿੱਚ ਜਨਮ ਦਾਤਾ ਬੱਚਿਆ ਦੀ ਸੇਵਾ ਸੰਭਾਲ ਕਰਦਾ ਦਰਸ਼ਨ ਦੇਣ ਆਇਆ ਹੋਇਆ ਖੁੱਦ ਆਪ ਪ੍ਰਮਾਤਮਾਂ ਹੁੰਦਾ ਹੈ।

ਸੁਣ ਕੇ ਪਛੋਤਵਾ ਹੋਇਆ ਕਿ ਮੈਂ ਜਿਊਦੀ ਮਾਂ ਦੀ ਪੂਰਨ ਸੇਵਾ ਅਤੇ ਪੂਜਾ ਕਿਉਂ ਨਹੀਂ ਕਰ ਸਕਿਆ!

ਖੈਰ ਮੈਂ ਜਿਊਂਦੀ ਮਾਂ ਦੇ ਕੰਨਾਂ ਵਿੱਚ ਕਿਹਾ ਕਰਦਾ ਸੀ ਮਾਤਾ ਜੀ ਮੇਰੇ ਸੁਪਨੇ ਵਿੱਚ ਅਤੇ ਦਿਨੇ ਵੀ ਹੂਬਹੂ ਦਰਸ਼ਨ ਦਿਆ ਕਰਿਓ ਜੀ। ਹਫਤਾ ਹੋ ਗਿਆ ਆਸਾਂ ਅਧੂਰੀਆਂ ਸੁਪਨੇ ਵਿੱਚ ਦਰਸ਼ਨ ਹੋਏਹੀ ਨਹੀਂ। ਲੱਗਦਾ ਸੇਵਾ ਤੋਂ ਕੱਚਾ ਕਰਕੇ ਮੇਰੇ ਨਾਲ ਉਹ ਜੋਤ ਨਿਰਾਜ਼ ਹੋਵੇਗੀ। ਪਰ ਜੇ ਸੁਪਨੇ ਵਿੱਚ ਹੁਣ ਵੀ ਆ ਜਾਵੇ ਤਾਂ ਮੈਂ ਹੁਣ ਵੀ ਚਰਨਾਂ ਉਤੇ ਸਿਰ ਸੁੱਟ ਕੇ ਮੁਆਫੀ ਮੰਗਾਂਗਾ, ਆਸ ਹੈ ਉਹ ਮਾਂ ਮੱਮਤਾ ਦੀ ਮਾਰੀ ਹੋਈ ਦਾ ਨਰਮ ਦਿੱਲ ਜਰੂਰ ਬਖਸ਼ੇਗਾ।

ਮਾਂ ਅੰਦਰ ਵੱਸ ਰਹੀ ਓਸੇ ਜੋਤ ਪ੍ਰਮਾਤਮਾਂ ਨੂੰ ਗੁਰਬਾਣੀ ਕਹਿ ਰਹੀ ਹੈ। ਗੁਰਬਾਣੀ ਪੰਨਾਂ 93

ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ॥

ਮਤਲਬ ਮੇਰੇ ਵਰਗੇ ਦਾ ਸਹਿਜ ਸੁਭਾਅ ਭੁੱਲਣਾਂ ਅਤੇ ਮਾਂ ਅੰਦਰ ਵੱਸਦੀ ਜੋਤ ਰੱਬ ਦਾ ਸੁਭਾਅ ਬਖਸ਼ਣਾਂ ਹੈ।

ਸੁਣ ਕੇ ਹੀ ਪਤਾ ਲੱਗਾ ਕਿ ਰੱਬ ਜਨਮ ਦੇ ਕੇ ਪਾਲਦਾ ਪੋਸਦਾ ਮਾਇਆ ਵਿੱਚ ਫਸਾਅ ਕੇ ਬੰਦੇ ਨੂੰ ਖੁਸ਼ ਰੱਖਦਾ, ਪਰ ਜਦ ਬਖਸ਼ਣ ਤੇ ਆਉਂਦਾ ਅਧੀਨ ਹੁੰਦਾ, ਫੇਰ ਪਰਖ ਜਰੂਰ ਲੈਂਦਾ ਹੈ।

ਜਿਵੇਂ ਗੁਰੂ ਨਾਨਕ ਦੇਵ ਜੀ ਸੱਚੇ ਪਾਤਸ਼ਾਹ ਨੇ ਅਖੀਰ ਵੇਲੇ ਕਮਲਾ ਜਿਹਾ ਰੂਪ ਧਾਰਨ ਕਰਕੇ ਸਭ ਦੇ ਡੰਡੇ ਪੱਥਰ ਮਾਰੇ ਠੰਢ ਵਿੱਚ ਬੇਹੋਸ਼ ਕੀਤੇ, ਮੁਰਦਾ ਖੁਲਾਇਆ ਮਤਲਬ ਪੱਰਖ ਕਠਨ ਹੈ।

ਏਸੇ ਤਰਾਂ ਬੰਦੇ ਨੂੰ ਪਰਖ ਵਿੱਚੋਂ ਪਾਸ ਕਰਨ ਵਾਸਤੇ ਰੱਬ ਮਾਪਿਆ ਵਿਚ ਆ ਕੇ ਕਈ ਵਾਰੀ ਖਿੱਝਦਾ ਬੁਰੇ ਭਲੇ ਬਚਨ ਬੋਲਦਾ ਬਹੁਤ ਤੰਗ ਕਰਦਾ ਹੈ।

ਬੱਸ ਓਹੀ ਸਮ੍ਹਾਂ ਰੱਬ ਦੇ ਬਖਸ਼ਣ ਦਾ ਹੁੰਦਾ, ਜਿਹੜਾ ਮੌਕਾ ਸੰਭਾਲ ਕੇ ਖਿੱਝੇ ਹੋਏ ਮਾਪਿਆ ਦੇ ਚਰਨਾਂ ਉਤੇ ਡਿੱਗ ਪਵੇ, ਪਾਸ ਵਾਲੀ ਮੋਹਰ ਲੱਗ ਜਾਂਦੀ ਹੈ।

ਅਵਤਾਰੀ ਰਾਜਾ ਜਨਕ ਜੀ ਦੇ ਪਰਖ ਵੇਲੇ ਜਦੋਂ ਉਸ ਵਿੰਗੇ ਟੇਡੇ ਅੱਠ ਬਲ਼ੁ ਪੈਣ ਵਾਲੇ ਮੰਗਦੇ ਜਿਹੇ ਦੇ ਰੂਪ ਵਿੱਚ ਅਸ਼ਟਾਬੱਕਰ ਨੇ ਥੱਪੜ ਮਾਰਿਆ ਤਾਂ ਰਾਜਾ ਜਨਕ ਜੀ ਨੇ ਰਾਜਾ ਹੁੰਦਿਆਂ ਗੁੱਸਾ ਨਹੀਂ ਕੀਤਾ, ਸਗੋਂ ਚਰਨੀਂ ਡਿੱਗ ਪਿਆ, ਬੱਸ ਓਸੇ ਵੇਲੇ ਤ੍ਰਿਲੋਕੀ ਦਾ ਗਿਆਨ ਸੱਚਖੰਡ ਦਾ ਰਸਤਾ ਖੁੱਲ ਗਿਆ ਸੀ।

ਪਰਖ ਵਿਚੋਂ ਪਾਸ ਹੋਏ ਗੁਰੂ ਅੰਗਦ ਦੇਵ ਜੀ ਦੂਜੇ ਗੁਰੂ ਨਾਨਕ ਦੇਵ ਜੀ ਬਣ ਗਏ। ਸਿੰਘਾਂ ਸਿੰਘਣੀਆਂ ਨੇ ਪੱਰਖ ਪਾਸ ਕੀਤੀ ਬੰਦ ਬੰਦ ਕਟਵਾਏ ਖੋਪਰ ਲੁਹਾਏ ਆਪਾ ਵਾਰ ਸ਼ਹੀਦੀਆਂ ਪਾਈਆਂ ਸੱਚਖੰਡ ਵਾਸੀ ਹੋ ਗਏ ਹਨ।

ਅਮਰੀਕਾ ਜਾਂ ਕਿਸੇ ਵੀ ਅਮੀਰ ਦੇਸ਼ ਦਾ ਬੀਜ਼ਾ ਕਿਸੇ ਵੀ ਅੰਬੈਸੀ ਵਿੱਚੋ ਮਿਲੇ, ਬੰਦਾ ਜਾ ਆ ਸਕਦਾ ਹੈ।

ਏਸੇ ਤਰਾਂ ਬਖਸ਼ਿਸ਼ ਦਾ ਨਿਸ਼ਾਨ ਮੋਹਰ ਗੁਰੂ ਪੀਰ ਫਕੀਰ ਲਾ ਦੇਣ ਭਾਵੇਂ ਮਾਪੇ, ਕਹਿੰਦੇ ਏਸੇ ਨਾਲ ਬੰਦੇ ਦਾ ਜਨਮ ਮਰਨ ਸੌਖਾ, ਚੁਰਾਸੀ ਤੋਂ ਰਹਿਤ, ਰੱਬ ਦਾ ਮਿਲਾਪ ਦਰਸ਼ਨ ਹੋ ਜਾਂਦੇ ਹਨ।

ਸੁਣਿਆ ਮਾਪਿਆ ਦਾ ਬਖਸ਼ਿਆ ਬੰਦਾ ਕਿਸੇ ਅੰਤਰਜਾਮੀਂ ਗੁਰੂ ਪੀਰ ਫਕੀਰ ਕੋਲ ਇਕ ਕਦਮ ਜਾਵੇ, ਉਹ ਅੱਗਿਓ ਲੱਖਾਂ ਕਦਮ



ਆਪ ਚਲ ਕੇ ਲੈਂਣ ਆਉਂਦੇ ਹਨ। ਫੇਲ ਵਾਲੇ ਤੋਂ ਸੁਣਿਆ ਸੈਂਕੜੇ ਕਦਮ ਦੂਰ ਮੁੱਖ ਘੁਮ੍ਹਾ ਕੇ ਰੱਖਦੇ ਹਨ।

ਪੀਰ ਫਕੀਰ ਨਰਾਜ਼ ਹੋ ਜਾਣ ਕਈ ਕਈ ਜਨਮ ਲਾਗੇ ਨਹੀਂ ਲੱਗਣ ਦਿੰਦੇ, ਮਾਪਿਆਂ ਬਾਰੇ ਸੁਣਿਆ ਅਖੀਰ ਵੇਲੇ ਵੀ ਜੋ ਬੰਦਾ ਸਵੇਰ ਦਾ ਗਿਆ ਸ਼ਾਮੀਂ ਮੁੜ ਆਵੇ, ਮੌਕਾ ਸੰਭਾ਼ਲ ਲਵੇ, ਖਾਸ ਕਰਕੇ ਉਮਾਂ", ਫੇਰ ਵੀ ਬਖਸ਼ ਲੈਂਦੀ ਹੈ।

ਰੱਬ ਨਹੀਂ ਦਿਸਦਾ ਕਰਕੇ ਇਤਬਾਰ ਕਰਨਾਂ ਔਖਾ ਹੈ। ਬਿਜਲੀ ਦੀਆਂ ਤਾਰਾਂ ਵਿੱਚ ਕਰੰਟ ਨਹੀਂ ਦਿਸਦਾ, ਦੋਨੋਂ ਤਾਰਾਂ ਦਾ ਕੁਨੈਕਸ਼ਨ ਜੁੜਿਆ ਹੋਵੇ ਤਾਂ ਬਿਜਲੀ ਕੰਮ ਕਰਦੀ, ਏਸੇ ਤਰਾਂ ਮਾਂ ਅਤੇ ਪਿਓ ਦੋਨੋਂ ਦਾ ਅਸ਼ੀਰਵਾਦ ਮਿਲਣਾਂ ਜਰੂਰੀ ਸੁਣਿਆ ਹੈ।

ਬਿਜਲੀ ਹੱਥ ਲਾਇਆਂ ਝਟਕਾ ਕਰੰਟ ਮਾਰਦੀ, ਕੰਮ ਲਿਆਂ ਬੇਅੰਤ ਕਾਰਜ ਕਰਦੀ ਅਤੇ ਹਨੇਰਾ ਮਿਟ੍ਹਾ ਰੌਸ਼ਨੀ ਵੀ ਹੋ ਜਾਂਦੀ ਹੈ।

ਏਸੇ ਤਰਾਂ ਜਿਹਨਾਂ ਨੇ ਕੁੜੱਤਣ ਵਰਗੀ ਮਾਪਿਆਂ ਦੀ ਔਖੀ ਪਰਖ ਵਿੱਚੋਂ ਪਾਸ ਹੋ ਕੇ ਰੱਬ ਪਾ ਲਿਆ, ਉਹ ਦੁਨੀਆਂ ਨੂੰ ਦਾਤਾਂ ਵੰਡੀ ਜਾਂਦੇ ਅਤੇ ਗਿਆਨ ਉਜਾਲਾ ਕਰਕੇ ਸਚਖੰਡ ਵਾਸੀ ਤ੍ਰਿਲੋਕੀ ਦੇ ਭੇਤੀ ਹਨ।

ਬਾਣੀ ਕਹਿ ਰਹੀ ਉਕਹਾ ਭੂਲਿਓ ਰੇ ਝੂਠੇ ਲੋਭ ਲਾਗ॥ ਕਛੁ ਬਿਗਰਿਓ ਨਾਹਨਿ ਅਜਹੁ ਜਾਗ॥ ਮਤਲਬ ਮਹਾਂਪੁਰਸ਼ ਕਹਿੰਦੇ ਮਾਪੇ ਸਿਰ ਉਪਰ ਹਨ, ਬੰਦਿਆ ਜਿੰਦਗੀ ਤੇਰੇ ਹੱਥਾਂ ਵਿੱਚ ਹੈ। ਅਣਮੁਲਾ ਬੰਦੇ ਦਾ ਜਨਮ ਭਾਗਾਂ ਨਾਲ ਕੌੜਾਂ ਕ੍ਰੋੜਾਂ ਸਾਲਾਂ ਤੋਂ ਬਾਅਦ ਭਟਕਦਿਆਂ ਚੁਰਾਸੀ ਭੋਗ ਕੇ, ਛਿੰਨ ਵਿੱਚ ਟਿਕਾਓ ਪਾਉਂਣ ਵਾਲੀ ਅਵਸਥਾ ਵਾਲਾ ਹੱਥ ਆਇਆ, ਹੁਣ ਬੇਸਹਾਰੇ ਮਾਪਿਆਂ ਦੀ ਡੰਗੋਰੀ ਬਣ ਜਾ, ਤੇਰੀ ਹੁਣ ਲੋੜ ਵੀ ਹੈ, ਮੌਕਾ ਸਾਂਭ ਲੈ ਬਖਸ਼ਿਆ ਜਾਏਗਾ।

ਅੰਤ ਕੈਲਾਫੋਰਨੀਆਂ ਦੀਆਂ ਦੂਰ ਦੂਰ ਤੋਂ ਆਈਆਂ ਸਮੂੰਹ ਸੰਗਤਾਂ ਰਿਸ਼ਤੇਦਾਰ ਅਤੇ ਕਨੇਡਾ ਤੋਂ ਆਏ ਖਾਸ ਕਰਕੇ ਬੀਬੀ ਨਸੀਬ ਕੌਰ ਜੀ ਰਾਏ, ਮੇਰੇ ਮਸੇਰ ਭਾਈ, ਵੀਰ ਰਣਜੀਤ ਸਿੰਘ ਜੀ ਸ਼ੇਰਗਿੱਲ ਦੇ ਆਏ ਸਭ ਪ੍ਰਵਿਾਰ ਦਾ ਧੰਨਵਾਦੀ ਹਾਂ ਜੀ।

# ਮਾਂ-ਦਿਵਸ ਤੇ ਵਿਸ਼ੇਸ਼ ਅਤੇ ਸਮੁੱਚੀਆਂ ਮਾਵਾਂ

(ਸਫਾ 6 ਦੀ ਬਾਕੀ)

ਹਨ। ਪੰਜਾਬੀਆਂ ਖਾਸ ਕਰ ਗੁਰਸਿੱਖਾਂ ਦੇ ਘੱਰੀਂ ਲੱਡੂ, ਜ਼ਲੇਬੀਆਂ, ਖੀਰ-ਕੜਾਹ ਆਦਿਕ ਦੇ ਖੁੱਲ੍ਹੇ ਗੱਫੇ ਵਰਤਦੇ ਹਨ। ਗੁਰਸਿੱਖ ਵੀ ਇਸ ਦਿਨ ਮਾਂ ਨੂੰ ਤੋਹਫੇ ਦਿੰਦੇ ਤੇ ਮਿਲ ਕੇ "ਸ਼ਬਦ ਗੁਰੂ ਗ੍ਰੰਥ" ਦੀ ਬਾਣੀ, ਪੜ੍ਹਦੇ, ਗਾਉਂਦੇ ਤੇ ਵਿਚਾਰਦੇ ਹਨ। ਗੁਰਮਤਿ ਦੀ ਰੂਹਾਨੀਅਤ 'ਚ ਮਾਤਾ ਮਤਿ ਤੇ ਪਿਤਾ ਸੰਤੋਖ ਨੂੰ ਦਰਸਾਇਆ ਹੈ-ਮਾਤਾ ਮਤਿ ਪਿਤਾ ਸੰਤੋਖ॥ ਹਰੀ ਕਰਤਾਰ ਹੀ ਮਾਂ-ਬਾਪ ਹੈ- ਮੇਰਾ ਮਾਤ ਪਿਤਾ ਹਰਿ ਰਾਇਆ॥ (੬੨੭) ਨੋਟ-ਜੀਂਦੇ ਮਾਂ-ਬਾਪ ਦੀ ਸੇਵਾ ਹੀ ਅਸਲ ਪਿਤਰ-ਪੂਜਾ ਪਰ ਪੁਜਾਰੀ ਪ੍ਰਭਾਵ ਵਾਲੇ ਅਕ੍ਰਿਤਘਣ ਲੋਕ ਮਰਿਆਂ ਦੇ ਸਰਾਧ ਕਰਾਉਂਦੇ ਤੇ ਜੀਂਦੇ ਮਾਂ-ਬਾਪ ਨੂੰ ਪਾਣੀ ਦੀ ਘੁੱਟ ਵੀ ਨਹੀਂ ਪੁੱਛਦੇ- ਜੀਵਤ ਪਿਤਰ ਨ ਮਾਨੈ ਕੋਊ ਮੂਏ ਸਿਰਾਧ ਕਰਾਹੀ॥(੩੩੨) ਕਈ ਅਕ੍ਰਿਤਘਣ ਤਾਂ ਜਨਮ ਦੇਣ ਵਾਲੀਆਂ ਮਾਵਾਂ ਨੂੰ ਬੁੱਢੇਵਾਰੇ ਵੀ ਘਰੋਂ ਕੱਢ ਦਿੰਦੇ ਹਨ। ਭਾਈ ਗੁਰਦਾਸ ਜੀ ਅਨੁਸਾਰ ਮਾਂ ਬਾਪ ਨੂੰ ਵਿਸਾਰ ਕੇ ਧਰਮ-ਕਰਮ ਕਰਨ ਵਾਲੇ ਬੇਈਮਾਨ ਹਨ-ਮਾਂ ਪਿਉ ਪਰਹਰਿ ਪੜੇ ਬੇਦ ਬੇਈਮਾਨ ਅਗਿਆਨ ਪ੍ਰਾਣੀ॥ (ਭਾ.ਗੁ) ਮਾਂ ਦਾ ਆਦਰ ਸਵੱਰਗ ਤੇ ਨਿਰਾਦਰ ਹੀ ਨਰਕ ਹੋਰ ਕੋਈ ਨਰਕ ਸਵੱਰਗ ਅਕਾਸ਼ ਨਹੀਂ ਟੰਗੇ ਹੋਏ! ਮਾਂ ਦਾ ਅਸਲ ਸਤਿਕਾਰ ਆਗਿਆ ਦਾ ਪਾਲਨ, ਡਿਸਏਬਲ ਤੇ ਬੁਢੇਪੇ ਸਮੇ ਤਨਦੇਹੀ ਨਾਲ ਕੀਤੀ ਗਈ ਸੇਵਾ-ਸੰਭਾਲ, ਹਮਰਦੀ ਤੇ ਪਿਆਰ ਹੈ। ਮਾਂ ਵਾਲੀ ਨਿਮਰਤਾ, ਮਿਠਾਸ, ਪਿਆਰ, ਹਲੇਮੀ, ਤੜਫ ਤੇ ਵੰਡ ਛੱਕਣ ਆਦਿਕ ਵਾਲੇ ਗੁਣ ਸਾਨੂੰ ਵੀ ਜੀਵਨ 'ਚ ਧਰਾਨੇ ਚਾਹੀਦੇ ਨਾ ਕਿ ਨਿਰਾ ਮਾਂ ਦਿਵਸ ਤੇ ਲੋਕਾਂ ਦੀ ਦੇਖਾ-ਦੇਖੀ ਫਾਰਮਿਲਟੀ ਹੀ ਪੂਰੀ ਕਰਨੀ ਚਾਹੀਦੀ ਹੈ।

# L.A. MERCHANDISE

## Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables

ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ






New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free



# AAA

## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

510- 733- 2222

1421 Industrial PKWY West#F Hay-ward, CA 94544



Harmandeep Singh



# RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

## Dil Nijjar REALTOR ®

CalBRE # 01418648

Honesty Starts From Here

SELL OR BUY

Residential • Business • Commercial Lease • Investment Property and Land

Serving in Greater Sacramento area since 2004



Cell: 916-628-2210

Fax: 916-745-3424

Office: 916-285-1000

Email : Dil.Realtor@gmail.com

2081 Arena Blvd # 100 Sacramento, CA 95834



# Chicago's Pizza with a Twist

Call: 1-209-398-2221






Parvinder Dhesi



Kulwant Sandhu

1471 B St., Unit B, Livingston, CA 95334

18 ਮਈ ਬੁੱਧ ਪੂਰਨਿਮਾ 'ਤੇ

# ਮੱਧ ਮਾਰਗ ਦੇ ਹਾਮੀ:- ਮਹਾਤਮਾ ਬੁੱਧ ਜੀ

ਰਮੇਸ਼ ਬੱਗਾ ਚੋਹਲਾ
91-94631-32719

ਵੱਖ ਵੱਖ ਧਰਮ ਪਰਮਾਤਮਾ ਨੂੰ ਮਿਲਣ ਦੇ ਵੱਖ ਵੱਖ ਮਾਰਗ ਹਨ। ਇਹ ਧਰਮ ਜਿਥੇ ਮਨੁੱਖ ਨੂੰ ਸੱਚ ਨਾਲ ਜੋੜਦੇ ਹਨ ਉੱਥੇ ਉਸ ਦੀ ਸਚਿਆਰ ਬਣਨ ਵਿਚ ਵੀ ਭਰਪੂਰ ਅਗਵਾਈ ਕਰਦੇ ਹਨ। ਇਸ ਅਗਵਾਈ ਸਦਕਾ ਕੋਈ ਵੀ ਵਿਅਕਤੀ ਆਪਣੇ ਆਪ ਦੀ ਪਹਿਚਾਣ ਕਰਕੇ ਜਿਥੇ ਆਪਣੇ ਲੋਕ ਅਤੇ ਪ੍ਰਲੋਕ ਨੂੰ ਸੁਹੇਲਾ ਕਰ ਸਕਦਾ ਹੈ ਉੱਥੇ ਇਲਾਹੀ ਰਹਿਮਤਾਂ ਦਾ ਪਾਤਰ ਵੀ ਬਣ ਸਕਦਾ ਹੈ। ਇਹ ਪਾਤਰਤਾ ਉਸ ਦੇ ਪੁਰਖੀ ਜੀਵਨ ਨੂੰ ਮਹਾਂਪੁਰਖੀ ਜੀਵਨ ਦਾ ਮੁਹਾਂਦਰਾਂ ਪ੍ਰਦਾਨ ਕਰਕੇ ਲੋਕਾਈ ਦੇ ਪਿਆਰ ਅਤੇ ਸਤਿਕਾਰ ਦਾ ਭਾਗੀਦਾਰ ਬਣਾ ਦਿੰਦੀ ਹੈ। ਇਸ ਭਾਗੀਦਾਰੀ ਦੀ ਬਾਦੌਲਤ ਇਹ ਮਹਾਂਪੁਰਖ ਯੁੱਗਾਂ-ਯੁੱਗਾਂਤਰਾਂ ਤੱਕ ਲੋਕ-ਚੇਤਿਆਂ ਦਾ ਸ਼ਿੰਗਾਰ ਬਣੇ ਰਹਿੰਦੇ ਹਨ। ਇਸ ਸ਼ਿੰਗਾਰ ਕਾਰਨ ਹੀ ਇਨ੍ਹਾਂ ਪਰਮਪੁਰਖਾਂ ਦੀ ਵਿਚਾਰਧਾਰਕ ਉਮਰ ਕਈਆਂ ਸਦੀਆਂ ਤੱਕ ਇਤਿਹਾਸ ਦੇ ਪੰਨਿਆਂ ਦਾ ਅਹਿਮ ਅੰਗ ਬਣੀ ਰਹਿੰਦੀ ਹੈ। ਇਤਿਹਾਸ ਦਾ ਇਕ ਅਜਿਹਾ ਹੀ ਨਰੋਆ ਅਤੇ ਨਿਵੇਕਲਾ ਅੰਗ ਹੈ ਮਹਾਤਮਾ ਬੁੱਧ ਦਾ ਜੀਵਨ ਅਤੇ ਉਸ ਦੀ ਵਿਚਾਰਧਾਰਾ, ਜੋ ਢਾਈ ਹਜ਼ਾਰ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਅੱਜ ਵੀ ਉਨ੍ਹਾਂ ਹੀ ਸਹੀ ਅਤੇ ਸਾਰਥਿਕ ਹੋਣ ਦਾ ਦਮ ਭਰਦੀ ਹੈ।

ਏਸ਼ੀਆ ਦਾ ਚਾਨਣ ਕਰਕੇ ਜਾਣੇ ਜਾਂਦੇ ਮਹਾਤਮਾ ਬੁੱਧ ਦਾ ਜਨਮ ਰਾਜਾ ਸ਼ੁਧੋਦਨ ਅਤੇ ਰਾਣੀ ਮਹਾਂਮਾਇਆ ਦੇ ਘਰ ਕਪਿਲਵਸਤੂ (ਨੇਪਾਲ ਦੀ ਰਾਜਧਾਨੀ) ਦੇ ਨਜਦੀਕ ਲੁੰਬਿਨੀ ਨਾਮਕ ਸਥਾਨ 'ਤੇ ਹੋਇਆ। ਬੁੱਧ ਦੇ ਜਨਮ ਬਾਰੇ ਵੱਖ-ਵੱਖ ਵਿਚਾਰਧਰਾਵਾਂ ਪ੍ਰਚਲਿਤ ਹਨ। ਇਕ ਵਿਚਾਰਧਾਰਾ ਮੁਤਾਬਕ(ਜੋ ਸ੍ਰੀ ਲੰਕਾ ਦੀ ਰਵਾਇਤ ਦੇ ਆਧਾਰਤ ਹੈ) ਮਹਾਤਮਾ ਬੁੱਧ ਨੂੰ ਈਸਵੀ ਸਨ ਦੀ ਆਰੰਭਤਾ ਤੋਂ ਸਵਾ ਛੇ ਸੌ ਸਾਲ ਪਹਿਲਾਂ ਪੈਦਾ ਹੋਇਆ ਮੰਨਿਆ ਜਾਂਦਾ ਹੈ। ਦੂਸਰੀ ਵਿਚਾਰਾਧਾਰਾ ਦੇ ਅਨੁਸਾਰ ਮਹਾਤਮਾ ਬੁੱਧ ਦੇ ਜਨਮ ਦਾ ਸਮਾਂ ੫੬੬ ਈ.ਪੂ ਹੈ ਜੋ ਕਿ ਵਧੇਰੇ ਪ੍ਰਵਾਨ ਕੀਤਾ ਜਾਂਦਾ ਹੈ। ਬੋਧੀ ਭਾਈਚਾਰੇ ਵੱਲੋਂ ਬੁੱਧ ਦਾ ਜਨਮ ਆਮ ਤੌਰ 'ਤੇ ਦੇਸੀ ਮਹੀਨੇ ਵਿਸਾਖ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ ਜੋ ਕਿ ਬੁੱਧ ਪੂਰਨਿਮਾ ਕਰਕੇ ਜਾਣਿਆ ਜਾਂਦਾ ਹੈ। ਜਦੋਂ ਮਹਾਤਮਾ ਬੁੱਧ ਦਾ ਜਨਮ ਹੋਇਆ ਤਾਂ ਰਾਜ-ਦਰਬਾਰ ਵਿੱਚ ਭਰਪੂਰ ਖੁਸ਼ੀਆਂ ਮਨਾਈਆਂ ਗਈਆਂ ਪਰ ਇਨ੍ਹਾਂ ਖੁਸ਼ੀਆਂ ਦੀ ਉਮਰ ਬਹੁਤੀ ਲੰਮੀ ਨਾ ਰਹਿ ਸਕੀ ਕਿਉਂਕਿ ਇਕ ਹਫਤੇ ਬਾਅਦ ਬੁੱਧ ਦੀ ਮਾਤਾ ਮਹਾਂਮਇਆ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਈ। ਮਾਤਾ ਜੀ ਦੇ ਵਿਛੋੜੇ ਤੋਂ ਬੁੱਧ ਦਾ ਪਾਲਣਾ ਉਨ੍ਹਾਂ ਦੀ ਮਾਸੀ ਪਰ-ਜਾਪਤੀ ਗੌਤਮੀ(ਸ਼ੁਧੋਦਨ ਦੀ ਦੂਜੀ ਪਤਨੀ) ਨੇ ਕੀਤੀ। ਬਾਲ ਉਮਰ ਵਿਚ ਬੁੱਧ ਨੂੰ ਦੇਖਣ ਲਈ ਇਕ ਆਸਿਤ ਨਾਮੀ ਜੋਤਸ਼ੀ ਆਇਆ ਜਿਸ ਨੇ ਉਸ ਦੇ ਤੇਜਸਵੀ ਪੁਰਖ ਹੋਣ ਦੀ ਭਵਿੱਖਬਾਣੀ ਕੀਤੀ। ਇਸ ਭਵਿੱਖਬਾਣੀ ਦੇ ਆਧਾਰਿਤ ਬੁੱਧ ਦਾ ਨਾਮ ਸਿਧਾਰਥ ਰੱਖਿਆ ਗਿਆ।

ਸਿਧਾਰਥ ਜਦੋਂ ਥੋੜ੍ਹਾ ਜਿਹਾ ਵੱਡਾ ਹੋਇਆ ਤਾਂ ਉਸ ਦਾ ਦਿਲ ਉਦਾਸ ਰਹਿਣ ਲੱਗਾ। ਪਰਿਵਾਰ ਨੇ ਉਸ ਦੀ ਉਦਾਸੀ ਨੂੰ ਦੇਖ ਉਸ ਦਾ ਵਿਆਹ ਕਰਨ ਦਾ ਫੈਸਲਾ ਕਰ ਲਿਆ ਤਾਂ ਜੋ ਉਸ ਨੂੰ ਘਰ-ਪਰਿਵਾਰ ਅਤੇ ਰਾਜ-ਭਾਗ ਦੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਇਆ ਜਾ ਸਕੇ। ਇਸ ਫੈਸਲੇ ਤਹਿਤ ਸਿਧਾਰਥ ਦਾ ਵਿਆਹ ਯਸ਼ੋਧਰਾ ਨਾਮਕ ਲੜਕੀ ਨਾਲ ਕਰ ਦਿੱਤਾ ਗਿਆ, ਜਿਸ ਦੀ ਕੁੱਖੋਂ ਰਾਹੁਲ ਨਾਮਕ ਬੇਟੇ ਨੇ ਜਨਮ ਲਿਆ। ਪਤਨੀ ਦਾ ਪਿਆਰ ਅਤੇ ਪੁੱਤਰ ਦਾ ਮੋਹ ਵੀ ਸਿਧਾਰਥ ਦਾ ਮਨ ਨਹੀਂ ਬਦਲ ਸਕਿਆ। ਉਹ ਅਜੇ ਵੀ ਵੈਰਾਗਮਈ ਅਵਸਥਾ ਵਿਚ ਹੀ ਵਿਚਰਦਾ ਰਹਿੰਦਾ ਸੀ। ਪਰਿਵਾਰਕ ਅਤੇ ਸੰਸਾਰਰਿਕ ਖੁਸ਼ੀਆਂ ਉਸ ਨੂੰ ਬਹੁਤਾ ਆਕਰਸ਼ਿਤ ਨਹੀਂ ਕਰ ਸਕੀਆਂ। ਇੱਕ ਵਾਰ ਸਿਧਾਰਥ ਰਥ ਵਿਚ ਬੈਠ ਕੇ ਮਹੱਲ ਤੋਂ ਬਾਹਰ ਜਾ ਰਿਹਾ ਸੀ ਕਿ ਉਸ ਨੇ ਇਕ ਬ੍ਰਿਧ ਪ੍ਰਾਣੀ ਨੂੰ ਦੇਖਿਆ ਜੋ ਕਿ ਬਹੁਤ ਕਮਜੋਰ ਨਜ਼ਰ ਆ ਰਿਹਾ ਸੀ। ਜਦੋਂ ਉਸ ਨੇ ਆਪਣੇ ਰਥਵਾਨ ਤੋਂ ਇਸ ਪ੍ਰਾਣੀ ਬਾਬਤ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਵਡੇਰੀ ਉਮਰ ਦੇ ਪ੍ਰਭਾਵ ਨਾਲ ਸਾਰੇ ਪ੍ਰਾਣੀ ਇਸ ਤਰ੍ਹਾਂ ਹੀ ਕਮਜੋਰ ਹੋ ਜਾਂਦੇ ਹਨ ਅਤੇ ਇਕ ਨਾ ਇਕ ਦਿਨ ਖ਼ਤਮ ਹੋ ਜਾਂਦੇ ਹਨ। ਰਥਵਾਨ ਦੀ ਇਸ ਗੱਲ ਨਾਲ ਸਿਧਾਰਥ ਦੇ ਮਨ 'ਤੇ ਗਹਿਰੀ ਚੋਟ ਵੱਜੀ।

ਇੱਕ ਹੋਰ ਮੌਕੇ 'ਤੇ ਉਸ ਨੇ ਇੱਕ ਬਿਮਾਰ ਪੁਰਸ਼ ਨੂੰ ਤੱਕਿਆ। ਤੀਸਰੀ ਵਾਰ ਸਿਧਾਰਥ ਨੇ ਇਕ ਲਾਸ਼ ਨੂੰ ਦੇਖਿਆ ਜਿਸ ਨੂੰ ਦੇਖਦੇ ਸਾਰ ਹੀ ਉਸ ਦਾ ਮਨ ਉਪਰਾਮ ਹੋ ਗਿਆ। ਇਸ ਉਪਰਾਮਤਾ ਦੇ ਕਾਰਨ ਉਸ ਨੂੰ 'ਮੌਤ ਸੱਚ ਅਤੇ ਜੀਵਨ ਝੂਠ' ਭਾਸਣ ਲੱਗ ਪਿਆ।

ਇਕ ਦਿਨ ਸਿਧਾਰਥ ਸੈਰ ਕਰਨ ਲਈ ਖੇਤਾਂ ਵੱਲ ਨੂੰ ਜਾ ਰਿਹਾ ਸੀ ਕਿ ਉਸ ਨੇ ਕਿਸਾਨਾਂ ਨੂੰ ਖੇਤਾਂ ਵਿਚ ਹੱਲ ਵਾਹੁੰਦਿਆਂ ਨੂੰ ਦੇਖਿਆ। ਕਿਸਾਨਾਂ, ਬੈਲਾਂ ਅਤੇ ਕੀੜੇ-ਮਕੌੜਿਆਂ ਨੂੰ ਖੇਤਾਂ ਵਿਚ ਕਸ਼ਟ ਵਿਚੋਂ ਲੰਘਦਿਆਂ ਦੇਖ ਉਸ ਦਾ ਮਨ ਬਹੁਤ ਦੁਖੀ ਹੋਇਆ। ਇਸ ਦੁਖਦਾਈ ਅਵਸਥਾ ਵਿਚ ਸਿਧਾਰਥ ਇਕ ਦਰਖਤ ਹੇਠ ਬੈਠ ਗਿਆ ਅਤੇ ਉਸ ਦੀ ਸਮਾਧੀ ਲੱਗ ਗਈ। ਜਦੋਂ ਉਹ ਸਮਾਧੀ ਵਿਚੋਂ ਬਾਹਰ ਆਇਆ ਤਾਂ ਉਸ ਨੇ ਆਪਣਾ ਘਰ-ਬਾਰ ਤਿਆਗਣ ਦਾ ਮਨ ਬਣਾ ਲਿਆ। ਇਸ ਤਿਆਗੀ ਮਾਨਸਿਕਤਾ ਨੇ ਉਸ ਨੂੰ ਆਪਣੀ ਜਵਾਨ ਪਤਨੀ ਅਤੇ ਪਿਆਰੇ ਪੁੱਤਰ ਨੂੰ ਸੁੱਤੇ ਪਏ ਛੱਡ ਕੇ ਆਪਣੇ ਰਾਜ-ਭਾਗ ਦੀਆਂ ਜੂਹਾਂ ਛੱਡਣ ਲਈ ਤਤਪਰ ਕਰ ਦਿੱਤਾ। ਇਸ ਸਮੇਂ ਸਿਧਾਰਥ ਦੀ ਆਯੂ ੨੯ ਸਾਲ ਦੇ ਨੇੜੇ ਸੀ। ਉਸ ਨੇ ਆਪਣੇ ਸ਼ਾਹੀ-ਠਾਠ ਨੂੰ ਤਿਆਗ ਕੇ ਸਿਰ ਮੁਨਵਾ ਲਿਆ ਅਤੇ ਇੱਕ ਸ਼ਿਕਾਰੀ ਦਾ ਭੇਖ ਬਣਾ ਲਿਆ। ਇਸ ਘਟਨਾ ਨੂੰ ਮਹਾਨ ਤਿਆਗ ਦਾ ਨਾਮ ਦਿੱਤਾ ਜਾਂਦਾ ਹੈ। ਸਰਵ-ਉੱਚ ਆਦਰਸ਼ ਦੀ ਭਾਲ ਵਿਚ ਨਿਕਲੇ ਸਿ-ਧਾਰਥ ਦਾ ਮਿਲਾਪ ਇਕ ਆਲਾਰ ਕਾਲਾਮ ਨਾਮੀ ਗੁਰੂ ਨਾਲ ਹੋਇਆ। ਇਸ ਗੁਰੂ ਨੇ ਉਸ ਨੂੰ 'ਸੁੰਨ ਅਵਸਥਾ' ਹਾਸਲ ਕਰਨ ਲਈ ਇਕ ਕਿਸਮ ਦਾ ਧਿਆਨ ਧਾਰਨ ਦਾ ਵ ਲ ਸਿਖਾਇਆ। ਧਿਆਨ ਦੀ ਇਸ ਕਿਸਮ ਲਈ ਜੋ ਸਾਧਨ ਵਰਤੋਂ ਵਿਚ ਲਿਆਂਦੇ ਗਏ ਉਹ ਸਨ: ਸ਼ੁੱਧਾ, ਵੀਰਯ, ਸਮ੍ਰਿਤਿ, ਸਮਾਧੀ ਅਤੇ ਪ੍ਰਗਿਆ। ਇਨ੍ਹਾਂ ਸਾਧਨਾਂ ਦੀ ਸੁਯੋਗ ਵਰਤੋਂ ਕਰਕੇ ਸਿਧਾਰਥ ਨੇ ਆਪਣੇ ਗੁਰੂ ਕਾਲਾਮ ਦੁਆਰਾ ਦੱਸੀ ਹੋਈ ਮੰਜ਼ਿਲ ਨੂੰ ਪ੍ਰਾਪਤ ਕਰ ਲਿਆ। ਪਰ ਇਸ ਮੰਜ਼ਿਲ 'ਤੇ ਪਹੁੰਚ ਕੇ ਵੀ ਉਸ ਦੇ ਮਨ ਦੀ ਤਸੱਲੀ ਨਹੀਂ ਹੋਈ ਅਤੇ ਉਹ ਉਥੋਂ ਅਗਾਂਹ ਤੁਰ ਪਿਆ। ਤੁਰਦਿਆਂ-ਤੁਰਦਿਆਂ ਜਦੋਂ ਸਿਧ-ਾਰਥ ਨੇ ਕੁੱਝ ਸਫਰ ਤਹਿ ਕੀਤਾ ਤਾਂ ਉਸ ਦੀ ਮੁਲਾਕਾਤ ਇੱਕ ਹੋਰ ਅਚਾਰੀਆ ਉਦ੍ਰਕ ਰਾਮਪੁਤ੍ਰ ਨਾਲ ਹੋਈ। ਉਸ ਅਚਾਰੀਆ ਨੇ ਉਸ ਨੂੰ 'ਨ ਸੰਕਲਪ ਅਤੇ ਨਿਰਸੰਕਲਪ' ਅਵਸਥਾ ਪ੍ਰਾਪਤ ਕਰਨ ਦੀ ਤਲੀਮ ਦਿੱਤੀ। ਸਿਧਾਰਥ ਨੇ ਉਸ ਤਲੀਮ 'ਤੇ ਨਿ-ਪੁੰਨਤਾ ਨਾਲ ਅਮਲ ਕਰਕੇ ਉਹ ਅਵਸਥਾ ਵੀ ਹਾਸਲ ਕਰ ਲਈ ਪਰ ਇਸ ਅਵਸਥਾ ਵਿਚ ਵੀ ਉਸ ਨੂੰ ਮੁਕਤੀ ਦਾ ਮਾਰਗ ਦਿਖਾਈ ਨਹੀਂ ਦਿੱਤਾ। ਉਸ ਨੇ ਉਦ੍ਰਕ ਦਾ ਆਸ਼ਰਮ ਵੀ ਛੱਡ ਦਿੱਤਾ। ਉਪਰੋਕਤ ਦੋਵੇਂ ਅਵਸਥਾਵਾਂ ਸਿਧਾਰਥ ਨੂੰ ਪਰਮ ਸੱਚ ਤੋਂ ਉਰਲੀਆਂ ਹੀ ਨਜ਼ਰ ਆਈਆਂ ਜੋ ਉਸ ਲਈ ਨਿਰਵਾਣ ਪ੍ਰਾ-ਪਤੀ ਦਾ ਸਬੱਬ ਨਹੀਂ ਬਣ ਸਕੀਆਂ।

ਆਪਣੇ ਅਤ੍ਰਿਪਤ ਮਨ ਨੂੰ ਲੈ ਕੇ ਉਹ ਗਯਾ ਦੇ ਕੋਲ ਉਰਵੇਲਾ ਨਦੀ ਦੇ ਕਿਨਾਰੇ ਪਹੁੰਚ ਗਿਆ ਕਿਉਂਕਿ ਉਸ ਦੇ ਜੀਵਨ ਦਾ ਉਦੇਸ਼ ਤਾਂ ਦੁੱਖਾਂ ਤੋਂ ਖਹਿੜਾ ਛੁਡਾਉਣ ਦਾ ਕਾਰਨ ਲੱਭਣਾ ਸੀ। ਇਸ ਨਦੀ ਦੇ ਕੰਢੇ 'ਤੇ ਬੈਠ ਕੇ ਛੇ ਸਾਲ ਉਸ ਨੇ ਆਪਣੇ ਸਾਥੀਆਂ ਸਮੇਤ ਘੋਰ ਤੱਪਸਿਆ ਕੀਤੀ। ਇਸ ਕਠਿਨ ਤਪ ਨੇ ਸਿਧਾਰਥ ਦੇ ਸਰੀਰ ਨੂੰ ਤੀਲੇ ਵਰਗਾ ਕਰ ਕੇ ਰੱਖ ਦਿੱਤਾ। ਜਦੋਂ ਉਸ ਦਾ ਮਨ ਇਸ ਕਠਿਨ ਸਾਧਨਾ ਤੋਂ ਕੁੱਝ ਉਚਾਟ ਹੋਣ ਲੱਗਾ ਤਾਂ ਇਕ ਦਿਨ ਮੱਧ ਵਰਗ ਦੀ ਇਕ ਸੁਜਾਤਾ ਨਾਮੀ ਲੜਕੀ ਨੇ ਉਸ ਨੂੰ ਖਾਣ ਵਾਸਤੇ ਖੀਰ ਭੇਟ ਕੀਤੀ। ਜਦੋਂ ਸਿਧਾਰਥ ਨੇ ਉਹ ਖੀਰ ਖਾਧੀ ਤਾਂ ਉਸ ਨੇ ਮੱਧ ਮਾਰਗੀ ਜੀਵਨ-ਜਾਚ ਅਪਨਾਉਣ ਲਈ ਸੋਚਿਆ। ਇਹ ਸੋਚ ਉਸ ਦਰਮਿਆਨੇ ਰਾਹ ਦੀ ਹਾਮੀ ਸੀ ਜਿਸ ਉਪਰ ਚੱਲ ਕੇ ਜਿਥੇ ਆਪਣੇ ਆਪ ਨੂੰ ਦੁਨਿਆਵੀ ਰੰਗ-ਤਮਸ਼ਿਆਂ ਤੋਂ ਦੂਰ ਰੱਖਣਾ ਹੁੰਦਾ ਹੈ ਉਥੇ ਕਠੋਰ ਸਾਧਨਾਵਾਂ ਤੋਂ ਵੀ ਪ੍ਰਹੇਜ਼ ਕਰਨਾ ਹੁੰਦਾ ਹੈ।

ਵੈਸਾਖ ਦੀ ਪੂਰਨਮਾਸ਼ੀ ਵਾਲੇ ਦਿਨ ਸਿਧਾਰਥ ਪਰਮ ਗਿਆਨ ਦੀ ਪ੍ਰਾਪਤੀ ਲਈ ਪਿਪਲ (ਬੋਧੀ) ਦੇ ਦਰਖਤ ਹੇਠ ਬੈਠ ਗਿਆ। ਉਸੇ ਦਿਨ ਸ਼ਾਮ ਨੂੰ ਮਨੁੱਖੀ ਕਾਮਨਾਵਾਂ ਅਤੇ ਆਤਮਿਕ ਸ਼ਕਤੀਆਂ ਦੇ ਸੰਘਰਸ਼ ਦੇ ਫੈਸਲੇ ਦੀ ਘੜੀ ਆ ਗਈ। ਮਨੁੱਖੀ ਕਾਮਨਾਵਾਂ ਮਾਰ (ਅਗਿਆਨ) ਦੁਆਰਾ ਅਤੇ ਆਤਮਿਕ ਸ਼ਕਤੀਆਂ ਬੋਧ (ਗਿਆਨ) ਰਾਹੀਂ ਪ੍ਰਗਟ ਹੋਈਆਂ। ਸਿਧਾਰਥ ਇਕ ਇਕ ਕਰਕੇ ਧਿਆਨ ਦੀਆਂ ਚਾਰੇ ਮੰਜ਼ਿਲਾਂ ਚੜ੍ਹਦਾ ਗਿਆ।

ਧਿਆਨ ਦੀ ਆਖਰੀ ਮੰਜ਼ਿਲ ਸ਼ੁਧ ਚੇਤਨਾ ਅਤੇ ਸਮਤੁਲਿਤ ਬਿਰਤੀ ਦੀ ਸੂਚਕ ਹੈ। ਸੰਪੂਰਨਤਾ ਦੀ ਇਸ ਅਵਸਥਾ ਵਿਚ ਹੀ ਉਸ ਨੇ ਉਹ ਸੱਚਾਈਆਂ ਦੇਖੀਆਂ ਜਿਨ੍ਹਾਂ ਨੇ ਉਸ ਦੇ ਅੰਦਰ ਜਾਗ੍ਰਤੀ ਅਤੇ ਗਿਆਨ ਪੈਦਾ ਕਰ ਦਿੱਤਾ। ਗਿਆਨ ਦੀ ਇਸ ਪੈਦਾਇਸ਼ ਤੋਂ ਬਾਅਦ ਹੀ ਸਿਧਾਰਥ ਮਹਾਤਮਾ ਬੁੱਧ ਬਣ ਗਿਆ ਜੋ ਲੋਕ ਅਤੇ ਪ੍ਰਲੋਕ ਦਾ ਗਿਆਤਾ ਹੋ ਨਿਬੜਿਆ।



# ਬੁੱਧ ਧਰਮ ਦੇ ਗ੍ਰੰਥ ਅਤੇ ਉਨ੍ਹਾਂ ਵਿਚਲੀਆਂ ਸਿੱਖਿਆਵਾਂ

ਜਿਸ ਵਕਤ ਭਾਰਤ ਵਿਚ ਵੇਦਕ ਧਰਮ ਦਾ ਬੋਲ-ਬਾਲਾ ਸੀ ਤਾਂ ਉਸ ਵਕਤ ਹੀ ਭਾਰਤ ਵਿਚ ਕੁੱਝ ਨਵੀਨ ਧਾਰਮਿਕ ਮੁਹਾਂਦਰੇ ਵਾਲੀਆਂ ਵਿਚਾਰਧਾਰਾਵਾਂ ਵੀ ਉਤਪੰਨ ਹੋ ਰਹੀਆਂ ਸਨ। ਇਨ੍ਹਾਂ ਵਿਚਾਰਧਾਰਾਵਾਂ ਨਾਲ ਸਬੰਧਤ ਕੁਝ ਵਿਚਾਰਵਾਨ ਤਾਂ ਵੇਦਕ ਧਰਮ ਨਾਲ ਹੀ ਜੁੜੇ ਰਹਿਣਾ ਚਾਹੁੰਦੇ ਸਨ ਪਰ ਕੁਝ ਕੁ ਵਿਚਾਰਧਾਰਕ ਆਜ਼ਾਦਾਨਾ ਢੰਗ-ਤਰੀਕੇ ਨਾਲ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਕੋਈ ਸੁਖਾਵਾਂ ਅਤੇ ਸਾਰਥਿਕ ਹੱਲ ਕਰਨਾ ਲੋਚਦੇ ਸਨ। ਇਨ੍ਹਾਂ ਵਿਚਾਰਧਾਰਾਵਾਂ ਵਿਚ ਹੀ ਸ਼ਾਮਿਲ ਹੈ ਏਸ਼ੀਆ ਦਾ ਚਾਨਣ ਕਰਕੇ ਜਾਣੇ ਜਾਂਦੇ ਮਹਾਤਮਾ ਬੁੱਧ ਦੀ ਵਿਚਾਰਧਾਰਾ। ਇਹ ਵਿਚਾਰਧਾਰਾ ਬੁੱਧ ਮਤ ਦੇ ਨਾਮ ਨਾਲ ਪਿਛਲੇ 2500 ਸਾਲ ਤੋਂ ਪ੍ਰਚਲਿਤ ਚਲੀ ਆ ਰਹੀ ਹੈ ਜੋ ਵੱਖ-ਵੱਖ ਬੋਧੀ ਗ੍ਰੰਥਾਂ ਵਿਚ ਪੜ੍ਹਨ ਨੂੰ ਮਿਲਦੀ।

ਬੁੱਧ ਧਰਮ ਦੇ ਤਿੰਨ ਪ੍ਰਮੁੱਖ ਗ੍ਰੰਥ ਹਨ ਜਿਨ੍ਹਾਂ ਨੂੰ ਤ੍ਰਿਪਿਟਕ ਕਿਹਾ ਜਾਂਦਾ ਹੈ। ਆਮ ਤੌਰ ਤੇ ਪਿਟਕ ਸ਼ਬਦ ਟੋਕਰੀ ਲਈ ਵਰਤਿਆ ਜਾਂਦਾ ਹੈ ਪਰ ਬੋਧੀਆਂ ਵੱਲੋਂ ਇਸ ਦੀ ਵਰਤੋਂ ਗ੍ਰੰਥ ਦੇ ਭਾਗ ਵਜੋਂ ਕੀਤੀ ਗਈ ਹੈ। ਤ੍ਰਿਪਿਟਕ ਵਿਚ ਹੇਠ ਲਿਖੇ ਤਿੰਨ ਬੋਧੀ ਗ੍ਰੰਥ ਸ਼ਾਮਿਲ ਕੀਤੇ ਗਏ ਹਨ:-

**ਸੁਤ ਪਿਟਕ:-** ਇਹ ਬੁੱਧ ਧਰਮ ਦਾ ਪਲੇਠਾ ਗ੍ਰੰਥ ਹੈ। ਪਲੇਠਾ ਹੋਣ ਕਰਕੇ ਬੋਧੀ ਭਾਈਚਾਰੇ ਵਿਚ ਇਸ ਗ੍ਰੰਥ ਦਾ ਬੜਾ ਅਹਿਮਤਰੀਨ ਸਥਾਨ ਹੈ। ਬੁੱਧ ਧਰਮ ਦੇ ਬਾਕੀ ਗ੍ਰੰਥਾਂ ਵਿਚ ਇਸ ਗ੍ਰੰਥ ਦੀ ਹੀ ਆਧਾਰ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ। ਪਾਲੀ ਭਾਸ਼ਾ ਵਿਚ ਲਿਖਿਆ ਗਿਆ ਸੁਤ ਪਿਟਕ ਗ੍ਰੰਥ ਭਿਖਸ਼ੂਆਂ ਦੇ ਰੋਜ਼ਾਨਾ ਜੀਵਨ ਅਤੇ ਸੰਘ ਦੀ ਮਾਣ-ਮਰਯਾਦਾ ਦੀ ਵਿਆਖਿਆ ਕਰਦਾ ਹੈ। ਮਹਾਤਮਾ ਬੁੱਧ ਦੀ ਗਿਆਨ ਪ੍ਰਾਪਤੀ ਤੋਂ ਬਾਅਦ ਦੇ ਸਮੇਂ ਦੀਆਂ ਕਈ ਧਾਰਮਿਕ ਅਤੇ ਅਧਿਆਤਮਿਕ ਘਟਨਾਵਾਂ ਇਸ ਗ੍ਰੰਥ ਵਿਚ ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ ਤੋਂ ਧਰਮ ਦੀ ਬੋਧਿਕ ਫਿਲਾਸਫੀ ਦਾ ਪ੍ਰਗਟਾਵਾ ਹੁੰਦਾ ਹੈ। ਇਸ ਤੋਂ ਇਲਾਵਾ ਸੁਤ ਪਿਟਕ ਵਿਚ ਮਹਾਤਮਾ ਬੁੱਧ ਦੀਆਂ ਜੀਵਨ ਯਾਤਰਾਵਾਂ ਦਾ ਵੀ ਵਿਸਥਾਰ ਸਾਹਿਤ ਵਰਨਣ ਕੀਤਾ ਗਿਆ ਹੈ ਜਿਸ ਤੋਂ ਉਸ ਵਕਤ ਦੀ ਸਮਾਜਿਕ, ਧਾਰਮਿਕ, ਰਾਜਨੀਤਕ, ਇਤਿਹਾਸਕ ਅਤੇ ਭੂਗੋਲਿਕ ਸਥਿਤੀ ਦੀ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਗ੍ਰੰਥ ਨੂੰ ਪੰਜ ਨਿਕਾਯਾਂ (ਹਿੱਸਿਆਂ) ਵਿਚ ਵੰਡਿਆ ਗਿਆ ਹੈ:-

**1.ਦਿਘ ਨਿਕਾਯ 2. ਮੱਝਿਮ ਨਿਕਾਯ 3. ਸੰਯੁਤ ਨਿਕਾਯ 4. ਅੰਗੁਤਰ ਨਿਕਾਯ 5. ਖੁੱਦਕ ਨਿਕਾਯ ਖੁੱਦਕ ਨਿਕਾਯ-** ਇਸ ਵਿਚ ਸਵਾ ਦਰਜਨ ਦੇ ਕਰੀਬ ਕਿਤਾਬਾਂ ਸ਼ਾਮਲ ਹਨ ਜਿਨ੍ਹਾਂ ਵਿਚ ਥੇਰ ਗਾਥਾ, ਧਮਪਦ ਅਤੇ ਜਾਤਕ ਕਹਾਣੀਆਂ ਵਾਲੀਆਂ ਚਰਚਿਤ ਕਿਤਾਬਾਂ ਵੀ ਹਨ। 'ਬੋਧੀ ਗੀਤਾ' ਕਰਕੇ ਜਾਣੀ ਜਾਂਦੀ ਧਮਪਦ ਬੁੱਧ ਧਰਮ ਦੀ ਇਕ ਅਜਿਹੀ ਮਹੱਤਵਪੂਰਨ ਅਤੇ ਪਵਿੱਤਰ ਪੁਸਤਕ ਹੈ ਜਿਸ ਵਿਚ ਬੋਧੀਆਂ ਲਈ ਧਾਰਮਿਕ ਤੇ ਸਦਾਚਾਰਕ ਨਿਯਮਾਂ ਦਾ ਵਿਖਿਆਨ ਕੀਤਾ ਗਿਆ ਹੈ। ਇਸ ਪੁਸਤਕ ਦੇ 26 ਅਧਿਆਏ ਹਨ ਜਿਨ੍ਹਾਂ ਵਿਚ 423 ਗਥਾਵਾਂ ਦਰਜ ਕੀਤੀਆਂ ਗਈਆਂ ਹਨ। ਥੇਰ ਗਾਥਾ ਵਿਚ ਭਿਖਸ਼ੂਆਂ ਦੇ ਰੂਹਾਨੀ ਜੀਵਨ ਦੀਆਂ ਕਥਾਵਾਂ ਅੰਕਿਤ ਕੀਤੀਆਂ ਗਈਆਂ ਹਨ। ਜਿਨ੍ਹਾਂ ਦੀ ਸਿਰਜਨਾ ਬੁੱਧ ਦੇ ਸ਼ਗਿਰਦਾਂ ਦੁਆਰਾ ਕੀਤੀ ਮੰਨੀ ਜਾਂਦੀ ਹੈ।

ਜਾਤਕ ਬੁੱਧ ਧਰਮ ਦੇ ਪੂਰਵ ਜਨਮ ਨਾਲ ਸੰਬੰਧਤ ਕਹਾਣੀਆਂ ਦਾ ਸੰਗ੍ਰਿਹ ਹੈ। ਇਸ ਵਿਚ ਕੁੱਲ 547 ਕਥਾਵਾਂ ਹਨ ਜਿਨ੍ਹਾਂ ਵਿਚ ਚੰਗੇ ਗੁਣਾਂ ਨੂੰ ਸਲਾਹਿਆ ਗਿਆ ਹੈ। ਇਸ ਸਲਾਹੁਤਾ ਤੋਂ ਪ੍ਰੇਰਿਤ ਹੋ ਕੇ ਸਧਾਰਣ ਵਿਅਕਤੀ ਸੱਚਾ ਦਾ ਪਾਂਧੀ ਬਣਨ ਵੱਲ ਰੁਚਿਤ ਹੋ ਜਾਂਦਾ ਹੈ। ਇਹ ਪੁਸਤਕ ਅਧਿਆਤਮਿਕ ਵਿਕਾਸ ਕਰਕੇ ਮਨੁੱਖੀ ਜੀਵਨ ਦਾ ਅੰਤਿਮ ਉਦੇਸ਼ ਹਾਸਲ ਕਰਨ 'ਤੇ ਪ੍ਰਕਾਸ਼ ਪਾਉਂਦੀ ਹੈ।

**ਵਿਨੈ ਪਿਟਕ:** ਇਹ ਬੁੱਧ ਧਰਮ ਦੀ ਵਿਚਾਰਧਾਰਾ ਦਾ ਦੂਸਰਾ ਵੱਡਾ ਗ੍ਰੰਥ ਹੈ ਜਿਸ ਵਿਚ ਪਹਿਲੀਆਂ ਦੋ ਸੰਗੀਤੀਆਂ (ਮਹਾਂਸਭਾਵਾਂ) ਬਾਰੇ ਇਤਿਹਾਸਕ ਵਾਕਫੀਅਤ ਹਾਸਲ ਹੋਣ ਦੇ ਨਾਲ-ਨਾਲ ਸੰਘ ਦੇ ਨਿਯਮਾਂ ਦੀ ਵੀ ਭਰਪੂਰ ਜਾਣਕਾਰੀ ਮਿਲਦੀ ਹੈ। ਪਾਲੀ ਭਾਸ਼ਾ ਵਿਚ ਲਿਖੇ ਗਏ ਇਸ ਗ੍ਰੰਥ ਵਿਚ ਨਿਯਮਾਂ ਦੀ ਵਿਆਖਿਆ ਦਾ ਆਧਾਰ ਮਹਾਤਮਾ ਬੁੱਧ ਦੇ ਉਪਦੇਸ਼ਾਂ ਅਤੇ ਆਦਰਸ਼ਾਂ ਨੂੰ ਬਣਾਇਆ ਗਿਆ ਹੈ। ਇਸ ਗ੍ਰੰਥ ਵਿਚ ਚਾਰ ਪੁਸਤਕਾਂ ਸ਼ਾਮਿਲ ਹਨ:-

**ਪਾਤੀਮੋਖ-** ਇਸ ਪੁਸਤਕ ਨੂੰ ਵਿਨੈ ਪਿਟਕ ਦਾ ਸਾਰ ਮੰਨਿਆ ਜਾਂਦਾ ਹੈ। ਇਸ ਵਿਚ ਅਜਿਹੇ ਪਵਿੱਤਰ ਬਚਨ ਅਤੇ ਸਦਾਚਾਰਕ ਨਿਯਮ ਹਨ ਜੋ ਸਾਧਕ ਦੀ ਮੁਕਤੀ ਦਾ ਸਬੱਬ ਬਣ ਸਕਦੇ ਹਨ। ਇਸ ਪੁਸਤਕ ਦੇ ਦੋ ਭਾਗ ਕੀਤੇ ਗਏ ਹਨ ਜਿਨ੍ਹਾਂ ਨੂੰ ਭਿਖਸ਼ੂ ਵਿਭੰਗ ਅਤੇ ਭਿਖਸ਼ੁਣੀ ਵਿਭੰਗ ਦਾ ਨਾਮ ਦਿੱਤਾ ਗਿਆ ਹੈ। ਇਨ੍ਹਾਂ ਭਾਗਾਂ ਵਿਚ ਭਿਖਸ਼ੂਆਂ ਦੇ ਪਹਿਰਾਵੇ, ਦਵਾਈਆਂ ਅਤੇ ਸਦਾਚਾਰਕ ਨਿਯਮ ਦਰਜ ਕੀਤੇ ਗਏ ਹਨ।

**ਮਹਾਵਗ-** ਇਸ ਕਿਤਾਬ ਦੇ ਦਸ ਸਕੰਧ ਹਨ ਜਿਨ੍ਹਾਂ ਵਿਚ ਭਿਖਸ਼ੂਆਂ ਦੁਆਰਾ ਅਪਨਾਈ ਜਾਣ ਵਾਲੀ ਨਿੱਤ-ਮਰ੍ਹਾ ਦੀ ਜੀਵਨ-ਜਾਚ ਬਾਬਤ ਵਿਸਥਾਰਪੂਰਵਕ ਚਾਨਣਾ ਪਾਇਆ ਗਿਆ ਹੈ। ਬਰਸਾਤ ਦੇ ਮੌਸਮ ਦੌਰਾਨ ਉਨ੍ਹਾਂ ਨੇ ਕਿਸ ਤਰ੍ਹਾਂ ਰਹਿਣਾ ਹੈ,ਕਿਹੜੀਆਂ ਦਵਾਈਆਂ ਦੀ ਵਰਤੋਂ ਕਰਨੀ ਹੈ ਅਤੇ ਕਿਧਰੇ ਆਉਣ-ਜਾਣ ਸਮੇਂ ਕਿਸ ਤਰ੍ਹਾਂ ਦਾ ਪਹਿਰਾਵਾ ਪਹਿਨਣਾ ਹੈ ਆਦਿ।

**ਚੁਲਵਗ-** ਇਹ ਪੁਸਤਕ ਵੀ ਵਿਨੈ ਪਿਟਕ ਦਾ ਹੀ ਭਾਗ ਹੈ ਜਿਸ ਦੇ 12 ਸਕੰਧ ਹਨ। ਇਸ ਪੁਸਤਕ ਵਿਚ ਮਹਾਤਮਾ ਬੁੱਧ ਦੇ ਔਰਤਾਂ ਨੂੰ ਸੰਘ ਵਿਚ ਸ਼ਾਮਿਲ ਕਰਨ ਦੇ ਫੈਸਲੇ ਦੀ ਪ੍ਰੋੜਤਾ ਕੀਤੀ ਗਈ ਹੈ।

**ਅਭਿਧਮ ਪਿਟਕ:-** ਪਾਲੀ ਭਾਸ਼ਾ ਵਿਚ 'ਧਮ' ਸ਼ਬਦ ਦਾ ਅਰਥ ਧਰਮ ਹੁੰਦਾ ਹੈ ਕਿਉਂਕਿ ਇਸ ਭਾਸ਼ਾ ਵਿਚ 'ਰ' ਸ਼ਬਦ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸ ਤਰ੍ਹਾਂ 'ਅਭਿਧਮ' ਦਾ ਅਰਥ ਅਭਿਧਰਮ ਬਣਦਾ ਹੈ ਜਿਸ ਤੋਂ ਭਾਵ ਹੈ ਉਚ ਪਾਏ ਦੀਆਂ ਸਿਖਿਆਵਾਂ। ਇਨ੍ਹਾਂ ਸਿਖਿਆਵਾਂ ਲਈ ਇਸ ਗ੍ਰੰਥ ਵਿਚ ਸੱਤ ਪੁਸਤਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਨ੍ਹਾਂ ਦੇ ਨਾਮ ਹਨ- ਧਮਸੰਗਨੀ, ਵਿਭੰਗ, ਧਾਤੂਕਥਾ, ਪੁਗਲ-ਪਣਤਿ, ਕਥਾਵਥੂ, ਯਮਕ ਅਤੇ ਪੱਠਾਨ।

**ਧਮਸੰਗਨੀ-** ਇਸ ਪੁਸਤਕ ਦਾ ਸੰਬੰਧ ਮਨੋਵਿਗਿਆਨਕ ਵਿਸ਼ੇ ਨਾਲ ਹੈ ਜਿਸ ਵਿਚ ਹਰੇਕ ਪਦਾਰਥ ਨੂੰ ਉਸ ਦੇ ਸੁਭਾਅ ਮੁਤਾਬਕ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਵਿਚ ਮਨ ਦੀਆਂ ਅਵਸਥਾਵਾਂ ਬਾਰੇ ਬੜੀ ਵਿਸਤਰਿਤ ਜਾਣਕਾਰੀ ਦਿੱਤੀ ਗਈ ਹੈ।

**ਕਥਾਵਥੂ-** ਬੁੱਧ ਦੀ ਵਿਚਾਰਧਾਰਾ ਨੂੰ ਵਿਵਸਥਿਤ ਰੂਪ ਦੇਣ ਲਈ ਚਾਰ ਮਹਾਂਸਭਾਵਾਂ ਦਾ ਜ਼ਿਕਰ ਆਉਂਦਾ ਹੈ। ਤੀਜੀ ਮਹਾਂਸਭਾ ਵਿਚ ਜੋ ਵਿਚਾਰ ਹੋਈ ਉਸ ਨੂੰ ਕਥਾਵਥੂ ਪੁਸਤਕ ਦੇ ਪੰਨਿਆਂ ਦਾ ਸ਼ਿੰਗਾਰ ਬਣਾਇਆ ਗਿਆ ਹੈ। ਇਸ ਪੁਸਤਕ ਦੇ 22 ਚੈਪਟਰ ਹਨ ਜਿਹੜੇ ਬੁੱਧ ਧਰਮ ਦੀ ਵਿਚਾਰਧਾਰਾ ਤੋਂ ਭਲੀ-ਭਾਂਤ ਜਾਣੂ ਕਰਵਾਉਂਦੇ ਹਨ। ਇਨ੍ਹਾਂ ਦੋ ਪੁਸਤਕਾਂ ਤੋਂ ਇਲਾਵਾ ਇਸ ਗ੍ਰੰਥ ਵਿਚਲੀਆਂ ਬਾਕੀ ਦੀਆਂ ਪੰਜ ਪੁਸਤਕਾਂ ਵੀ ਬੁੱਧ ਧਰਮ ਦੇ ਬੇਸ਼ਕੀਮਤੀ ਵਿਚਾਰਾਂ ਦੀ ਹੀ ਪ੍ਰਤੀਨਿਧਤਾ ਕਰਦੀਆਂ ਆ ਰਹੀਆਂ ਹਨ।

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਮਹਾਤਮਾ ਬੁੱਧ ਦੁਆਰਾ ਚਲਾਇਆ ਗਿਆ ਬੁੱਧ ਧਰਮ ਆਪਣੀ ਨਿਵੇਕਲੀ ਅਤੇ ਨਰੋਈ ਵਿਚਾਰਧਾਰਾ ਕਰਕੇ ਦੁਨੀਆਂ ਦੇ ਧਰਮਾਂ ਵਿਚ ਆਪਣਾ ਇਕ ਵਿਸ਼ੇਸ਼ ਸਥਾਨ ਰੱਖਦਾ ਹੈ ਅਤੇ ਇਸ ਸਥਾਨ ਦੀ ਸਦੀਵੀ-ਸਥਾਪਤੀ ਲਈ ਇਸ ਦੇ ਧਰਮ ਗ੍ਰੰਥਾਂ ਦਾ ਇਕ ਅਹਿਮ ਯੋਗਦਾਨ ਹੈ।

ਇਹ ਯੋਗਦਾਨ ਹੀ ਬੁੱਧ ਧਰਮ ਦੀ ਵਿਚਾਰਧਾਰਾ ਨੂੰ ਜੀਵਤ ਰੱਖਣ ਲਈ ਆਪਣੀ ਸਾਕਾਰਾਤਮਕ ਭੂਮਿਕਾ ਨਿਭਾ ਰਿਹਾ ਹੈ।

ਜਾਤਕ ਬੁੱਧ ਧਰਮ ਦੇ ਪੂਰਵ ਜਨਮ ਨਾਲ ਸੰਬੰਧਤ ਕਹਾਣੀਆਂ ਦਾ ਸੰਗ੍ਰਿਹ ਹੈ। ਇਸ ਵਿਚ ਕੁੱਲ 547 ਕਥਾਵਾਂ ਹਨ ਜਿਨ੍ਹਾਂ ਵਿਚ ਚੰਗੇ ਗੁਣਾਂ ਨੂੰ ਸਲਾਹਿਆ ਗਿਆ ਹੈ। ਇਸ ਸਲਾਹੁਤਾ ਤੋਂ ਪ੍ਰੇਰਿਤ ਹੋ ਕੇ ਸਧਾਰਣ ਵਿਅਕਤੀ ਸੱਚਾ ਦਾ ਪਾਂਧੀ ਬਣਨ ਵੱਲ ਰੁਚਿਤ ਹੋ ਜਾਂਦਾ ਹੈ। ਇਹ ਪੁਸਤਕ ਅਧਿਆਤਮਿਕ ਵਿਕਾਸ ਕਰਕੇ ਮਨੁੱਖੀ ਜੀਵਨ ਦਾ ਅੰਤਿਮ ਉਦੇਸ਼ ਹਾਸਲ ਕਰਨ 'ਤੇ ਪ੍ਰਕਾਸ਼ ਪਾਉਂਦੀ ਹੈ।

# ਇਤਿਹਾਸ ਤੇ ਸਭਿਆਚਾਰ ਦਾ ਸੁਮੇਲ : 'ਮਿੱਟੀ ਦੀ ਮਹਿਕ' ਪਾਕਿਸਤਾਨ ਸਫ਼ਰਨਾਮਾ



ਡਾ. ਭੀਮਿੰਦਰ ਸਿੰਘ


ਕੈਲੇਫੋਰਨੀਆ ਰਹਿਣ ਵਾਲਾ ਚਰਨਜੀਤ ਸਿੰਘ ਪੰਨੂ ਸਰਬਾਂਗੀ ਸਾਹਿਤਕਾਰ ਹੈ ਜਿਸ ਨੇ ਪੰਜਾਬੀ ਸਾਹਿਤ ਦੀ ਹਰ ਵਿਧਾ ਤੇ ਕਲਮ ਅਜ਼ਮਾਈ ਕੀਤੀ ਹੈ। ਉਹ ਬਾਹਰ ਫਿਰਨ ਤੁਰਨ ਤੇ ਸੈਰ-ਸਪਾਟਾ ਦਾ ਸ਼ੌਕੀਨ ਹੈ ਤੇ ਸਫ਼ਰਨਾਮਾ ਉਸ ਦੀ ਖ਼ਾਸ ਵਿਸ਼ੇਸ਼ਤਾ ਹੈ। 'ਸਫ਼ਰਨਾਮਾ ਅਲਾਸਕਾ' (2010), 'ਮੇਰੀ ਵਾਈਟ ਹਾਊਸ ਫੇਰੀ' (2016), 'ਹਵਾਈ ਸਫ਼ਰਨਾਮਾ' (2016), 'ਉੱਚੇ ਬੁਰਜ ਲਾਹੌਰ ਦੇ' (2016), 'ਕੀਨੀਆ ਦੀ ਸਫ਼ਾਰੀ' (2017), 'ਤਨਜਾਨੀਆ ਦੀ ਸਫ਼ਾਰੀ' (2017), ਕੀਨੀਆ ਦਰਪਨ ਹਿੰਦੀ (2018) ਅਤੇ ਸੰਨ 2019 ਵਿਚ 'ਮਿੱਟੀ ਦੀ ਮਹਿਕ' (ਪਾਕਿਸਤਾਨ ਸਫ਼ਰਨਾਮਾ' ਤੋਂ ਇਲਾਵਾ ਚਰਨਜੀਤ ਸਿੰਘ ਪੰਨੂ ਦਾ ਇਕ ਨਾਵਲ 'ਤਿੜਕੇ ਚਿਹਰੇ' (2002), 'ਪਰਮਵੀਰ ਚੱਕਰ' ਇਕਾਂਗੀ ਸੰਗ੍ਰਹਿ (2018) ਵੀ ਛਪ ਚੁੱਕਾ ਹੈ। ਉਸ ਨੇ ਹੁਣ ਤੱਕ ਸੱਤ ਕਹਾਣੀ ਸੰਗ੍ਰਹਿ ਵੀ ਛਪਵਾਏ ਹਨ ਜਿਨ੍ਹਾਂ ਵਿਚ ਉਸ ਨੇ ਆਪਣੀ ਮਾਨਵਵਾਦੀ ਪ੍ਰਵਿਰਤੀ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਹਨਾਂ ਕਹਾਣੀ ਸੰਗ੍ਰਹਿਆਂ ਵਿਚ 'ਭਟਕਦੀ ਰਾਤ' (1978), 'ਪੀੜ੍ਹੀਆਂ ਦੇ ਫ਼ਾਸਲੇ' (1979), 'ਸੰਦਲ ਦਾ ਸ਼ਰਬਤ' (2000), ਸ਼ੀਸ਼ੇ ਦੇ ਟੁਕੜੇ (2004) 'ਖੇੜੇ ਦਾ ਸਿਰਨਾਵਾਂ' (2006), 'ਸਖੀਰਾ' (2011), 'ਬੰਦ ਦਰਵਾਜ਼ਾ' (2017) ਸ਼ਾਮਲ ਹਨ। ਇਸੇ ਤਰ੍ਹਾਂ ਉਸ ਦੇ ਪੰਜ ਕਾਵਿ-ਸੰਗ੍ਰਹਿ 'ਨਾਨਕ ਰਿਸ਼ਮਾਂ' (1969), 'ਗੁਲਦਸਤਾ (2003), ਅੰਬਰ ਦੀ ਫੁਲਕਾਰੀ (2008), ਧਰਤੀ ਦੀ ਫੁਲਕਾਰੀ (2011), ਸ਼ਬਦਾਂ ਦੀ ਫੁਲਕਾਰੀ, (2016) ਵੀ ਪ੍ਰਕਾਸ਼ਿਤ ਹੋ ਚੁੱਕੇ ਹਨ।

ਚਰਨਜੀਤ ਪੰਨੂ ਦੁਆਰਾ ਲਿਖਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਢੇ ਪੰਜ ਸੌ ਸਾਲਾਂ ਪ੍ਰਕਾਸ਼ ਉਤਸਵ ਨੂੰ ਸਮਰਪਿਤ 'ਮਿੱਟੀ ਦੀ ਮਹਿਕ' ਇਕ ਅਹਿਮ ਸਫ਼ਰਨਾਮਾ ਹੈ, ਜਿਸ ਦੇ ਦਸ ਅਧਿਆਇ ਹਨ। ਇਹ ਸਫ਼ਰਨਾਮਾ ਉਸ ਦੁਆਰਾ ਕੀਤੀ ਗਈ ਦਸ ਦਿਨ ਦੀ ਪਾਕਿਸਤਾਨ ਯਾਤਰਾ ਦਾ ਬਿਰਤਾਂਤ ਹੈ, ਜਿਸ ਵਿਚ ਦੋਵਾਂ ਮੁਲਕਾਂ ਦੇ ਲੋਕਾਂ ਵਿਚਲੇ ਆਪਸੀ ਪਿਆਰ ਤੇ ਮੁਹੱਬਤ ਦੇ ਦਰਸ਼ਨ ਕਰਵਾਏ ਗਏ ਹਨ। ਅੱਜ ਦੇ ਕੁੜੱਤਣ ਭਰੇ ਮਾਹੌਲ ਵਿਚ ਵੀ ਦੋਹਾਂ ਮੁਲਕਾਂ ਦੇ ਬਾਸ਼ਿੰਦੇ ਇਕ ਦੂਜੇ ਨੂੰ ਗਲਵੱਕੜੀ ਵਿਚ ਲੈਣਾ ਚਾਹੁੰਦੇ ਹਨ। ਪਾਕਿਸਤਾਨ ਦੀ ਯਾਤਰਾ ਦਾ ਇਹ ਬਿਰਤਾਂਤ ਇਸ ਲਈ ਵੀ ਮਹੱਤਵਪੂਰਨ ਹੈ ਕਿ ਲੇਖਕ ਖ਼ੁਦ ਪਾਕਿਸਤਾਨ ਵਿਚ ਪੈਦਾ ਹੋਇਆ ਹੈ। ਪ੍ਰਾਰੰਭਕ ਸ਼ਬਦਾਂ ਵਿਚ ਉਸ ਦੁਆਰਾ ਆਪਣੇ ਬਚਪਨ ਬਾਰੇ ਕੀਤਾ ਗਿਆ ਖ਼ੁਲਾਸਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ: 'ਬ੍ਰਿਟਿਸ਼ ਭਾਰਤ ਦੀ ਪਾਕਿਸਤਾਨ ਵਾਲੀ ਸਰ ਜ਼ਮੀਨ ਤੇ ਮੈਂ ਜਨਮ ਲਿਆ। ਇਹ ਜੰਮਣ ਭੌਂ ਮੇਰੀ ਮਾਂ ਹੈ... ਇੱਥੇ ਮੇਰੀ ਜੜ੍ਹ ਹੈ। ਇਸ ਪਵਿੱਤਰ ਧਰਤੀ ਦੀਆਂ ਧਾਰਾਂ ਡੋਕੇ ਚੁੰਘ ਕੇ ਮੈਂ ਰਿੜ੍ਹਨਾ, ਬੋਲਣਾ, ਤੁਰਨਾ ਸਿਖਿਆ। 1947 ਵਿਚ ਭਾਰਤ ਪਾਕਿਸਤਾਨ ਭਰਾਵਾਂ ਦੀ ਵੰਡ ਹੋਈ ਤਾਂ ਮੈਂ ਵੀ ਵੰਡਿਆ ਗਿਆ। ਮੇਰਾ ਬਚਪਨ ਭਾਰਤ ਹਵਾਲੇ ਹੋ ਗਿਆ। ਇੱਥੋਂ ਦਾ ਘਿਉ ਵਰਗਾ ਪਾਣੀ ਪੀ ਕੇ ਮੈਂ ਆਪਣੀ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਿਆ। (ਪੰਨਾ-13)

ਚਰਨਜੀਤ ਪੰਨੂ ਦਾ ਮੰਨਣਾ ਹੈ ਕਿ ਸਿੱਖਾਂ ਦਾ ਧਰਮ, ਇਤਿਹਾਸ, ਸਭਿਆਚਾਰ, ਸਿਆਸਤ ਤੇ ਵਿਰਾਸਤ ਦੀ ਜੜ ਪਾਕਿਸਤਾਨ ਵਿਚ ਹੈ। 1947 ਦੀ ਵੰਡ ਅਨੁਸਾਰ ਲਾਹੌਰ, ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ, ਪੰਜਾ ਸਾਹਿਬ ਆਦਿ ਸ਼ਹਿਰ ਤੇ ਗੁਰਦੁਆਰੇ ਵੀ ਪਾਕਿਸਤਾਨ ਵਿਚ ਚਲੇ ਗਏ। ਨਿਰੋਲ ਧਰਮ ਦੇ ਨਾਂ 'ਤੇ ਬਣਿਆ ਪਾਕਿਸਤਾਨ ਇੱਕ ਇਸਲਾਮੀ ਮੁਲਕ ਹੋਣ ਕਾਰਨ ਗ਼ੈਰ ਮੁਸਲਿਮ ਭਾਈਚਾਰਾ ਇੱਥੇ ਘੁੱਟਣ ਵਿਚ ਰਹਿੰਦਾ ਹੈ। ਅਮਰੀਕਨ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੱਤਾ ਵਿਚ ਆਉਣ ਤੋਂ ਬਾਅਦ ਅਮਰੀਕਾ ਨੇ ਪਾਕਿਸਤਾਨ ਸੰਬੰਧੀ ਵਿਦੇਸ਼ ਨੀਤੀ ਵਿਚ ਕਈ ਤਬਦੀਲੀਆਂ ਕਰ ਕੇ ਉਸ ਤੇ ਕਈ ਬੰਦਸ਼ਾਂ ਲਗਾ ਦਿੱਤੀਆਂ ਤੇ ਗਰਾਂਟ ਘਟਾ ਦਿੱਤੀ ਹੈ। ਇਸੇ ਤਰ੍ਹਾਂ ਮੋਦੀ ਸਰਕਾਰ ਆਉਣ ਤੋਂ ਬਾਅਦ ਵੀ ਵਰਤਮਾਨ ਨੂੰ ਇਕ ਨਵੇਂ ਸੰਕਟ ਵਲ ਧੱਕਿਆ ਜਾ ਰਿਹਾ ਹੈ। ਇਸ ਸਫ਼ਰਨਾਮੇ ਵਿਚ ਨਿਬੰਧ, ਕਹਾਣੀਆਂ, ਜੀਵਨੀਆਂ, ਵਿਅੰਗ ਅਤੇ ਹੋਰ ਕਈ ਤਰ੍ਹਾਂ ਦੇ ਯਾਤਰਾ ਬਿਰਤਾਂਤ ਵੀ ਸ਼ਾਮਲ ਕੀਤੇ ਗਏ ਹਨ। ਵਿਸ਼ੇਸ਼ ਤੌਰ 'ਤੇ ਸੰਨ ਸੰਤਾਲੀ ਵਿਚ ਹਿੰਦੂ, ਸਿੱਖ ਤੇ ਮੁਸਲਮਾਨਾਂ ਵਿਚਕਾਰ ਹੋਏ ਅੱਤਿਆਚਾਰਾਂ ਦਾ ਵਰਣਨ ਵੀ ਵਿਸ਼ੇਸ਼ ਤੌਰ 'ਤੇ ਕੀਤਾ ਗਿਆ ਹੈ। ਸੰਨ ਸੰਤਾਲੀ ਦੇ ਮਨਹੂਸ ਦਿਨਾਂ ਦੀ ਪੇਸ਼ਕਾਰੀ ਕਰਦਾ ਹੋਇਆ ਲੇਖਕ ਲਿਖਦਾ ਹੈ ਕਿ ਉਦੋਂ ਕਹਿਰਾਂ ਦੀ ਅਣਹੋਣੀ ਬਟਵਾਰੇ ਦੀ ਡੈਣ ਸਾਡੇ ਬਰੂੰਹਾਂ 'ਤੇ ਆ ਖਲੋਤੀ ਸੀ। ਪਿੰਡ ਵਿਚ ਹੋਕਾ ਦਿੱਤਾ ਗਿਆ ਕਿ ਮੁਸਲਮਾਨਾਂ ਨੂੰ ਛੱਡ ਕੇ ਬਾਕੀ ਸਭ ਨੂੰ ਇੱਥੋਂ ਜਾਣਾ ਪਵੇਗਾ। ਮਜਬੂਰਨ ਬਹੁਤ ਸਾਰੇ ਲੋਕ ਉੱਥੋਂ ਨਿਕਲ ਆਏ। ਪਰ ਕੁੱਝ ਲੋਕ ਇਹ ਸੋਚ ਕੇ ਅੜੇ ਰਹੇ ਕਿ ਸ਼ਾਇਦ ਸਿਆਸੀ ਧਿਰਾਂ ਦੇ ਮਨ ਵਿਚ ਮਿਹਰ ਪੈ ਜਾਏ ਤੇ ਉਜਾੜਾ ਬਚ ਜਾਏ ਪਰ ਵੰਡ ਨਹੀਂ ਟਲੀ। ਸੰਗਰਾਂਦ ਵਾਲੇ ਦਿਨ ਗੁਰਦੁਆਰੇ ਦੇ ਭਾਈ ਜੀ ਵੱਲੋਂ ਅਣਪਛਾਤੀ ਮੰਜ਼ਿਲ ਵਲ ਵਿਦਾ ਹੋਣ ਦਾ ਹੁਕਮਨਾਮਾ ਸੁਣਾ ਦਿੱਤਾ ਗਿਆ। ਸਫ਼ਰਨਾਮਾ ਕਾਰ ਇਸ ਦਰਦਨਾਕ ਹੋਣੀ ਨੂੰ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਬਿਆਨ ਕਰਦਾ ਹੈ:

ਇਹਨਾਂ ਫ਼ਿਰਕੂ ਫ਼ਸਾਦਾਂ ਵਿਚ ਹੋਰ ਲੁੱਟ ਦੇ ਮਾਲ ਨਾਲ ਹਜ਼ਾਰਾਂ ਔਰਤਾਂ ਵੀ ਦਰਿੰਦਿਆਂ ਦੀ ਜ਼ਿਆਦਤੀ, ਦੁਰਵਿਵਹਾਰ ਅਤੇ ਲੁੱਟ ਦਾ ਸ਼ਿਕਾਰ ਹੋਈਆਂ। ਬੇਸ਼ੁਮਾਰ ਔਰਤਾਂ, ਜਵਾਨ ਲੜਕੀਆਂ ਅਗਵਾ ਤੇ ਬਲਾਤਕਾਰ ਦੇ ਖੂਹ ਵਿਚ ਡੁੱਬ ਮਰੀਆਂ। ਕਈ ਧਰਮੀ ਬੰਦਿਆਂ ਨੇ ਬਿਗਾਨਿਆਂ ਦੀਆਂ ਬਹੂ-ਬੇਟੀਆਂ ਆਪਣੇ ਘਰ ਸਾਂਭ ਕੇ ਆਪਣੀ ਜਾਨ-ਮਾਲ ਖ਼ਤਰੇ ਵਿਚ ਪਾ ਕੇ ਸਹੀ ਸਲਾਮਤ ਉਨ੍ਹਾਂ ਦੇ ਵਾਰਸਾਂ ਤਕ ਪਹੁੰਚਾਈਆਂ ਤੇ ਕਈ ਨਮਕ-ਹਰਾਮੀਆਂ ਨੇ ਕੁੱਝ ਧੇਲੇ ਟਕਿਆਂ ਖ਼ਾਤਰ ਆਪਣੇ ਕਰੀਬੀ ਵੀ ਲੁੱਟ-ਪੁੱਟ ਕੇ ਮੌਤ ਦੇ ਘਾਟ ਉਤਾਰ ਕੇ ਅਕ੍ਰਿਤਘਣਤਾ ਦਾ ਸਬੂਤ ਦਿੱਤਾ। (ਪੰਨਾ-24)

ਉਪਰੋਕਤ ਸਤਰਾਂ ਸਪਸ਼ਟ ਕਰਦੀਆਂ ਹਨ ਕਿ ਸਫ਼ਰਨਾਮਾਕਾਰ ਨੇ ਕੇਵਲ ਇਤਿਹਾਸਕ ਘਟਨਾਵਾਂ ਨੂੰ ਹੀ ਸਿਰਜਣ ਦਾ ਯਤਨ ਨਹੀਂ ਕੀਤਾ ਸਗੋਂ ਉਸ ਨੇ ਇਹਨਾਂ ਘਟਨਾਵਾਂ ਵਿਚ ਕਾਰਜਸ਼ੀਲ ਫ਼ਿਰਕੂ ਤੇ ਨਫ਼ਰਤ ਵਿਚਾਰਧਾਰਾ ਨੂੰ ਵੀ ਪਛਾਣਨ ਦਾ ਯਤਨ ਕੀਤਾ ਹੈ। ਸਫਰਨਾਮਾਕਾਰ ਨੇ ਜੋ ਸੈਲਾਨੀ ਦੇ ਤੌਰ 'ਤੇ ਵੇਖਿਆ ਤੇ ਪਰਖਿਆ ਉਸ ਨੂੰ ਬੜੀ ਇਮਾਨਦਾਰੀ ਨਾਲ ਬਿਆਨ ਕੀਤਾ ਹੈ। ਵੱਖ-ਵੱਖ ਲੋਕਾਂ ਨੂੰ ਮਿਲਦਿਆਂ ਜੋ ਵਿਚਾਰ ਉਸ ਦੇ ਜ਼ਿਹਨ ਵਿਚ ਉੱਭਰੇ, ਉਨ੍ਹਾਂ ਨੂੰ ਬੜੀ ਸੁਹਿਰਦਤਾ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਪੰਨੂ ਨੇ ਦੁਨੀਆਂ ਦੇ ਵੱਖ-ਵੱਖ ਬਹੁਤ ਸਾਰੇ ਮੁਲਕਾਂ ਦਾ ਸਫ਼ਰ ਕੀਤਾ ਹੈ। ਹਥਲੇ ਸਫ਼ਰਨਾਮੇ ਵਿਚ ਕੇਵਲ ਪਾਕਿਸਤਾਨ ਯਾਤਰਾ ਦੀਆਂ ਅਨੁਭੂਤੀਆਂ ਨੂੰ ਹੀ ਪ੍ਰਗਟ ਕੀਤਾ ਹੈ। ਇਸ ਸਫ਼ਰਨਾਮੇ ਵਿਚ ਪਾਕਿਸਤਾਨ ਦੇ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਨਾਲ ਅਨੁਭਵ ਕੀਤੇ ਵਿਚਾਰਾਂ ਨੂੰ ਹੀ ਪ੍ਰਧਾਨਤਾ ਦਿੱਤੀ ਹੈ। ਇਸ ਮੁਲਕ ਨਾਲ ਉਸ ਦੀ ਅਤੇ ਉਸ ਦੀ ਪੀੜ੍ਹੀ ਦੀ ਭਾਵੁਕ ਸਾਂਝ ਰਹੀ ਹੈ। ਇਹ ਧਰਤੀ ਸਾਡੇ ਗੁਰੂਆਂ, ਪੀਰਾਂ, ਫਕੀਰਾਂ, ਲੇਖਕਾਂ ਦੀ ਜਨਮ ਤੇ ਕਰਮ ਭੂਮੀ ਰਹੀ ਹੈ। ਇਸ ਮੁਕੱਦਸ ਤੇ ਪਵਿੱਤਰ ਧਰਤੀ ਦੇ ਦਰਸ਼ਨ ਕਰਨ ਲੱਗਿਆਂ ਸਫ਼ਰਨਾਮਾ ਕਾਰ ਦੇ ਦਿਲ ਵਿਚ ਸ਼ਰਧਾਂਜਲੀ ਭਾਵਨਾਵਾਂ ਉਤਪੰਨ ਹੁੰਦੀਆਂ ਹਨ। ਅਜਿਹੀਆਂ ਭਾਵਨਾਵਾਂ ਤਹਿਤ ਹੀ ਪੰਨੂ ਸਾਂਝੀਵਾਲਤਾ ਦਾ ਹੋਕਾ ਦਿੰਦਾ ਹੋਇਆ ਲਿਖਦਾ ਹੈ:




ਇੱਥੇ ਪਹੁੰਚ ਕੇ ਮੈਨੂੰ ਅਜੀਬ ਕਿਸਮ ਦਾ ਅਹਿਸਾਸ ਪੈਦਾ ਹੋਇਆ। ਮੈਂ ਇਸ ਨੂੰ ਬੇਗਾਨੀ ਧਰਤੀ ਬਿਲਕੁਲ ਵੀ ਨਹੀਂ ਆਖ ਸਕਦਾ, ਕਿਉਂਕਿ ਇਹ ਮੇਰੀ ਆਪਣੀ ਜੰਮਣ ਭੋਇੰ ਹੈ... ਧਰਤੀ ਵੰਡਣ ਨਾਲ ਇਹ ਬਾਬੇ ਪੀਰਾਂ ਫਕੀਰਾਂ ਦੀ ਜਗ੍ਹਾ ਭਾਵੇਂ ਵੰਡੀ ਗਈ ਪਰ ਇਹ ਬਾਬੇ ਨਹੀਂ ਵੰਡੇ ਜਾ ਸਕਦੇ। ਸਆਦਤ ਹਸਨ ਮੰਟੋ ਦੀ ਕਹਾਣੀ ਵਾਲਾ 'ਟੋਬਾ ਟੇਕ ਸਿੰਘ' ਇੱਧਰ ਹੈ। ਸੋਹਣ ਸਿੰਘ ਸ਼ੀਤਲ ਦਾ 'ਤੂਤਾਂ ਵਾਲਾ ਖੂਹ' ਵੀ ਇੱਧਰ ਹੈ। ... ਪਲ ਦੀ ਪਲ ਇਕ ਸੁਪਨਾ ਮੇਰੇ ਜ਼ਿਹਨ ਵਿਚੋਂ ਗੁਜ਼ਰ ਗਿਆ ਕਿ ਉਹ ਸਾਰੇ ਮੰਟੋ, ਵਾਰਿਸ, ਹਾਸ਼ਮ, ਫਰੀਦ, ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ, ਚੂਨਾ ਮੰਡੀ ਲਾਹੌਰ ਦੇ ਜੰਮਪਲ ਗੁਰੂ ਰਾਮਦਾਸ, ਸ਼ਹੀਦ ਭਗਤ ਸਿੰਘ ਇਕੇਰਾਂ ਮੁੜ ਸਰਬ ਸਾਂਝਾ ਸੰਮੇਲਨ ਕਰਕੇ ਜਰਮਨ ਦੀ ਦੀਵਾਰ ਵਾਂਗ ਵਾਹਗੇ ਦੀ ਲਕੀਰ ਮਿਟਾ ਦੇਣ। (ਪੰਨਾ 40)

ਉਹ ਬੜੀ ਸ਼ਿੱਦਤ ਨਾਲ ਉੱਥੇ ਦੇ ਪੰਜਾਬੀ ਲੇਖਕਾਂ ਨੂੰ ਮਿਲਦਾ ਆਪਣੀ ਸਾਹਿੱਤਿਕ ਸਾਂਝ ਵਧਾਉਂਦਾ ਹੈ। ਬੇਬੇ ਨਾਨਕੀ ਦਾ ਨਾਨਕਾ ਪਿੰਡ ਡੇਰਾ ਚਾਹਲ, ਗਾਰਡਨ ਟਾਊਨ ਲਾਹੌਰ, ਸਿੱਖ ਵਿਰਸੇ ਨਾਲ ਸੰਬੰਧਿਤ ਸਮਾਧਾਂ, ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨ ਕਰਦਾ ਹੈ। ਨਾਰੋਵਾਲ ਜ਼ਿਲ੍ਹੇ ਦਾ ਕਰਤਾਰਪੁਰ ਉਹ ਸਥਾਨ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਆਪਣੀਆਂ ਚਾਰ ਉਦਾਸੀਆਂ ਖ਼ਤਮ ਕਰਕੇ 1521 ਈ. ਤੋਂ ਲੈ ਕੇ 1539, ਆਖ਼ਰੀ ਸਾਹਾਂ ਤੱਕ ਆਪਣੀ ਜ਼ਿੰਦਗੀ ਦੇ ਲਗਭਗ ਅਠਾਰਾਂ ਸਾਲ ਖੇਤੀ ਬਾੜੀ ਕਰਦੇ ਰਹੇ। ਉਨ੍ਹਾਂ ਆਪਣੇ ਹੱਥੀ ਖੇਤੀ ਕਰਕੇ ਲੋੜਵੰਦ ਸੰਗਤਾਂ ਦੀ ਸੇਵਾ ਕਰਦੇ ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਦੇ ਮੂਲ ਸਿੱਖ ਸਿਧਾਂਤ ਦਾ ਪ੍ਰਚਾਰ ਕੀਤਾ। ਇੱਥੇ ਰਹਿੰਦਿਆਂ ਹੀ ਉਨ੍ਹਾਂ ਨੂੰ ਸੰਨ 1532 ਵਿਚ ਭਾਈ ਲਹਿਣਾ ਜੀ ਮਿਲੇ। ਸੰਨ 1539 ਵਿਚ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਭਾਈ ਲਹਿਣਾ ਨੂੰ ਗੁਰਗੱਦੀ ਦਾ ਵਾਰਿਸ ਘੋਸ਼ਿਤ ਕੀਤਾ ਤੇ ਗੁਰੂ ਅੰਗਦ ਦੇਵ ਬਣਾਇਆ। ਸਫ਼ਰਨਾਮਾਕਾਰ ਇਸ ਸਥਾਨ ਸੰਬੰਧੀ ਬਿਆਨ ਕਰਦਾ ਹੈ ਕਿ ਇੱਥੋਂ ਦੀ ਸ਼ਾਂਤ ਫ਼ਿਜ਼ਾ ਵਿਚ ਮਰਦਾਨੇ ਦੀ ਰਬਾਬ ਤੇ ਗੁਰੂ ਨਾਨਕ ਦੇ ਮਧੁਰ ਕੀਰਤਨ ਭਰੇ ਬੋਲ ਹਵਾ ਵਿਚ ਖ਼ੁਸ਼ਬੂਆਂ ਵੰਡਦੇ ਮਨ ਨੂੰ ਸ਼ਾਂਤ ਕਰ ਰਹੇ ਹਨ। ਇਸ ਸਥਾਨ 'ਤੇ ਬਾਬਾ ਨਾਨਕ ਦੇ ਸ਼ਰਧਾਲੂ ਮੁਸਲਮਾਨ, ਆਜੜੀ, ਕਿਸਾਨ ਤੇ ਦਰਿਆ ਕੰਢੇ ਵੱਸਦੇ ਮਹੀਪਾਲ ਲੋਕ ਗੁਰੂ ਨਾਨਕ ਦੇ ਚੋਲ਼ੇ ਦਾ ਇਕ ਟੋਟਾ ਸਪੁਰਦ ਖਾਕ ਕਰਕੇ ਆਪਣੀ ਆਸਥਾ ਭਰਪੂਰ ਮਜ਼ਾਰ ਬਣਾਈ ਬੈਠੇ ਹਨ। ਦੂਜੇ ਪਾਸੇ ਸਿੱਖ ਸ਼ਰਧਾਲੂ ਆਪਣੇ ਹਿੱਸੇ ਦਾ ਸਸਕਾਰ ਕਰਕੇ ਗੁਰਦੁਆਰਾ ਉਸਾਰੀ ਬੈਠੇ ਹਨ। ਲੇਖਕ ਦਾ ਮੰਨਣਾ ਹੈ ਕਿ ਇਕ ਅਣਵੰਡਿਆ ਚੋਲਾ ਜੋ ਗੁਰੂ ਜੀ ਆਪ ਲਹਿਣਾ ਜੀ ਨੂੰ ਆਪਣੇ ਹੱਥੀਂ ਦੇ ਕੇ ਗੁਰਿਆਈ ਸੌਂਪ ਕੇ ਗਏ ਸਨ, ਰਾਵੀ ਦਰਿਆ ਤੋਂ ਪਾਰ ਗੁਰਦੁਆਰਾ ਚੋਲਾ ਸਾਹਿਬ ਵਿਖੇ ਮੌਜੂਦ ਹੈ। ਲੇਖਕ ਇੱਛਾ ਤੇ ਪ੍ਰਾਰਥਨਾ ਕਰਦਾ ਹੈ ਕਿ ਵਰ੍ਹਿਆਂ ਤੋਂ ਬੰਦ ਕਰਤਾਰਪੁਰ ਲਾਂਘਾ ਖੁੱਲ੍ਹਣਾ ਚਾਹੀਦਾ ਹੈ। ਲੇਖਕ ਲਾਹੌਰ-ਅੰਮ੍ਰਿਤਸਰ ਜੀ ਟੀ ਰੋਡ ਤੇ ਸਥਿਤ ਗੁਲਾਬੀ ਬਾਗ ਦੇ ਨਜ਼ਦੀਕ ਪੀਰ ਬੁੱਧੂ ਸ਼ਾਹ ਦਾ ਢੱਠਿਆ ਹੋਇਆ ਮਕਬਰਾ ਵੇਖਣ ਤੋਂ ਇਲਾਵਾ ਛੱਜੂ ਦਾ ਚੁਬਾਰਾ ਵੀ ਵੇਖਦਾ ਹੈ। ਇੱਥੇ ਜਾ ਕੇ ਯਾਤਰੀ ਨਵੀਂ ਕਿਸਮ ਦੀ ਮਾਨਸਿਕ ਤ੍ਰਿਪਤੀ ਮਹਿਸੂਸ ਕਰਦੇ ਹਨ। ਅੱਜ ਵੀ ਇਸ ਥਾਂ 'ਤੇ ਆਪਣੀਆਂ ਆਖ਼ਰੀ ਘੜੀਆਂ ਗਿਣਦਾ ਇਕ ਦੋ ਮੰਜ਼ਿਲਾਂ ਚੁਬਾਰਾ ਛੱਜੂ ਦੀ ਯਾਦ ਦਿਵਾਉਂਦਾ ਹੈ। ਇਸ ਤੋਂ ਬਾਅਦ ਲਾਹੌਰ ਦੇ ਮਿਆਣੀ ਸਾਹਿਬ ਕਬਰਸਤਾਨ ਵਿਚ ਦੁੱਲਾ ਭੱਟੀ ਦੀ ਕਬਰ ਵੇਖਣ ਲਈ ਜਾਂਦਾ ਹੈ। ਦੁੱਲਾ ਭੱਟੀ ਪੰਜਾਬੀ ਸਭਿਆਚਾਰ ਦਾ ਇੱਕ ਨਾਇਕ ਹੈ, ਜਿਸ ਨੂੰ ਮੌਕੇ ਦੀ ਸਰਕਾਰ ਵੱਲੋਂ ਬਾਗ਼ੀਆਨਾਂ ਹਰਕਤਾਂ ਦੇ ਦੋਸ਼ ਵਿਚ ਸੰਨ 1599 ਵਿਚ ਲੋਕਾਂ ਦੇ ਭਾਰੀ ਇਕੱਠ ਦੇ ਸਾਹਮਣੇ ਸ਼ਹੀਦ ਕਰ ਦਿੱਤਾ ਗਿਆ ਸੀ।

ਚੈਪਟਰ ਤਿੰਨ ਵਿਚ ਸਫ਼ਰਨਾਮਾਕਾਰ 'ਦਿੱਲੀ ਗੇਟ' ਅਤੇ ਉਸ ਦੇ ਨੇੜੇ-ਤੇੜੇ ਵਾਲੇ ਇਲਾਕਿਆਂ ਤੇ ਇਤਿਹਾਸਕ ਥਾਵਾਂ ਬਾਰੇ ਵਿਸਥਾਰ ਸਹਿਤ ਗੱਲ ਕਰਦਾ ਹੈ। ਦਿੱਲੀ ਗੇਟ ਅੰਦਰਲਾ ਭੀੜਾ ਜਿਹਾ ਬਾਜ਼ਾਰ ਪੂਰਬੀ ਤੇ ਪੱਛਮੀ ਲਾਹੌਰ ਨੂੰ ਜੋੜਨ ਵਾਲਾ ਸਭ ਤੋਂ ਮਹੱਤਵਪੂਰਨ ਬਾਜ਼ਾਰ ਹੈ। ਇਹ ਸ਼ਹਿਰ ਦੀ ਸ਼ਾਹਰਗ ਤੇ ਲਾਹੌਰ ਦੀ ਧੜਕਣ ਹੈ। ਇਸ ਇਲਾਕੇ ਅੰਦਰ ਭੂਤਕਾਲ ਦੇ ਬਹੁਤ ਇਤਿਹਾਸਕ ਸਮਾਰਕ ਤੇ ਨਿਸ਼ਾਨੀਆਂ ਦੱਬੀਆਂ ਪਈਆਂ ਹਨ। ਪਾਕਿਸਤਾਨ ਸਰਕਾਰ ਨੇ ਇਸ ਅੰਦਰਲੇ ਪੁਰਾਤਨ ਹੈਰੀਟੇਜ ਵਿਰਸੇ ਦੀ ਸਾਂਭ-ਸੰਭਾਲ ਲਈ ਉਚੇਚੇ ਯਤਨ ਕੀਤੇ ਹਨ। ਇਸ ਪੁਰਾਣੇ ਸ਼ਹਿਰ ਦੀ ਦੀਵਾਰ ਦੇ 13 ਵੱਡੇ ਦਰਵਾਜ਼ੇ ਉਸੇ ਤਰ੍ਹਾਂ ਮੁੱਢਲੇ ਰੂਪ ਵਿਚ ਕਾਇਮ ਕਰਨ ਲਈ ਯੋਗ ਉਪਰਾਲੇ ਕੀਤੇ ਗਏ ਹਨ। ਇਹਨਾਂ ਦਰਵਾਜ਼ਿਆਂ ਵਿਚ ਅਕਬਰੀ ਦਰਵਾਜ਼ਾ, ਦਿੱਲੀ ਦਰਵਾਜ਼ਾ, ਯੱਕੀ ਦਰਵਾਜ਼ਾ, ਟੈਕਸਾਲੀ ਦਰਵਾਜ਼ਾ, ਸ਼ੇਰਾਂ ਵਾਲਾ ਦਰਵਾਜ਼ਾ, ਕਸ਼ਮੀਰੀ ਦਰਵਾਜ਼ਾ, ਮਸਤੀ ਦਰਵਾਜ਼ਾ, ਸ਼ਾਹ ਆਲਮੀ ਦਰਵਾਜ਼ਾ ਅਤੇ ਮੋਚੀ ਦਰਵਾਜ਼ਾ ਸ਼ਾਮਲ ਹਨ। ਲੇਖਕ ਅਨੁਸਾਰ ਹਰ ਦਰਵਾਜ਼ੇ ਦੇ ਨਾਮ 'ਤੇ ਸ਼ਹਿਰ ਲਾਹੌਰ ਦਾ ਮੁਹੱਲਾ ਵਸਿਆ ਹੋਇਆ ਹੈ।

ਲੇਖਕ ਨੇ ਲਾਹੌਰ ਵਿਖੇ ਪੰਜਾਬੀ ਮਾਂ-ਬੋਲੀ ਦੇ ਹੱਕ ਵਿਚ ਅਦੀਬਾਂ ਵੱਲੋਂ ਕੀਤੇ ਜਾਂਦੇ ਰੋਸ ਮੁਜ਼ਾਹਰੇ ਦਾ ਵੀ ਜ਼ਿਕਰ ਕੀਤਾ ਹੈ। ਪੰਜਾਬੀ ਦੇ ਅਜ਼ੀਮ ਲੇਖਕ ਕੈਸਰ ਇਕਬਾਲ ਦੇ ਹਵਾਲੇ ਨਾਲ ਪੰਨੂ ਨੇ ਪੰਜਾਬੀ ਭਾਸ਼ਾ ਦੇ ਹੱਕ ਵਿਚ ਹੋਣ ਵਾਲੀ ਰੈਲੀ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ: ਹਾਈਕੋਰਟ ਦੇ ਨੇੜਿਓਂ ਕੁੱਝ ਮੁਜ਼ਾਹਰਾਕਾਰੀਆਂ ਨੇ ਮੈਨੂੰ ਕੇਸਰ ਇਕਬਾਲ ਦਾ ਰਾਤ ਵਾਲਾ ਸੁਨੇਹਾ ਯਾਦ ਕਰਵਾ ਦਿੱਤਾ। ਅੱਜ ਗਿਆਰਾਂ ਵਜੇ ਪੰਜਾਬੀ ਮਾਂ-ਬੋਲੀ ਨਾਲ ਹੁੰਦੇ ਵਿਤਕਰੇ ਤੇ ਦੁਰਵਿਹਾਰ ਦੇ ਖ਼ਿਲਾਫ਼ ਪੰਜਾਬੀ ਪਿਆਰਿਆਂ ਅਦੀਬਾਂ ਵੱਲੋਂ ਸਰਕਾਰ ਜਗਾਓ ਰੈਲੀ ਦਾ ਆਯੋਜਨ ਕੀਤਾ ਗਿਆ ਹੈ। ਇਹਨਾਂ ਅਦੀਬਾਂ ਦਾ ਮੰਨਣਾ ਹੈ ਕਿ ਸਾਡੀ ਅਸਲੀ ਮਾਂ ਪੰਜਾਬੀ ਬੋਲੀ ਹੈ ਜਿਸ ਨੂੰ ਨਕਾਰ ਜਾਂ ਵਿਸਾਰ ਕੇ ਸਰਕਾਰ ਵੱਲੋਂ ਡੰਡੇ ਦੇ ਜ਼ੋਰ ਨਾਲ ਉਰਦੂ ਠੋਸਿਆ ਜਾ ਰਿਹਾ ਹੈ ਜੋ ਨਿਸ਼ਚੇ ਹੀ ਵਿਦੇਸ਼ੀ ਭਾਸ਼ਾ ਹੈ। (ਪੰਨਾ 81)

ਦਿੱਲੀ ਗੇਟ ਅੰਦਰਲੇ ਇਲਾਕਿਆਂ ਵਿਚੋਂ ਲੇਖਕ ਸ਼ਾਹੀ ਹਮਾਮ, ਜਨਮ ਅਸਥਾਨ ਗੁਰੂ ਰਾਮਦਾਸ ਜੀ, ਹਵੇਲੀ ਬੈਜ ਨਾਥ, ਕੋਤਵਾਲੀ ਚੌਂਕ, ਗੁਰਦੁਆਰਾ ਲਾਲ ਖੂਹ ... ਚੰਦੂ ਦੀ ਹਵੇਲੀ, ਗੁਰਦੁਆਰਾ ਛੇਵੀਂ ਪਾਤਸ਼ਾਹੀ ਚੁਮਾਲਾ, ਗੁਰਦੁਆਰਾ ਪਾਤਸ਼ਾਹੀ ਛੇਵੀਂ ਮੁਜੰਗ... ਬੀਬੀ ਕੌਲਾਂ, ਸਾਈਂ ਮੀਆਂ ਮੀਰ ਦੀ ਮਜ਼ਾਰ, ਗੁਰਦੁਆਰਾ ਸ਼ਿਕਾਰ ਗੜ੍ਹ, ਗੁਰਦੁਆਰਾ ਡੇਹਰਾ ਸਾਹਿਬ, ਸਮਾਧ ਮਹਾਰਾਜ ਰਣਜੀਤ ਸਿੰਘ, ਰੌਸ਼ਨਾਈ ਦਰਵਾਜ਼ਾ, ਸ਼ਾਹੀ ਕਿਲ੍ਹਾ ਲਾਹੌਰ, ਗੁਰਦੁਆਰਾ ਨਾਗ ਮੰਦਰ, ਸ਼ਹੀਦ ਗੰਜ ਭਾਈ ਮਨੀ ਸਿੰਘ ਜੀ ਲਾਹੌਰ, ਸ਼ਹੀਦ ਗੰਜ ਭਾਈ ਤਾਰੂ ਸਿੰਘ ਜੀ, ਗੁਰਦੁਆਰਾ ਸ਼ਹੀਦ ਗੰਜ ਸਿੰਘਾਂ ਸਿੰਘਣੀਆਂ ਆਦਿ ਇਤਿਹਾਸਕ ਤੇ ਧਾਰਮਿਕ ਸਥਾਨਾਂ ਨੂੰ ਬਹੁਤ ਹੀ ਵੇਰਵੇ ਤੇ ਤੱਥਾਂ ਨਾਲ ਪੇਸ਼ ਕਰਦਾ ਹੈ। ਇਹਨਾਂ ਮਹੱਤਵਪੂਰਨ ਸਥਾਨਾਂ ਦੀ ਮੌਜੂਦਾ ਸਥਿਤੀ ਅਤੇ ਇਹਨਾਂ ਨੂੰ ਬਣਾਉਣ ਤੇ ਢਾਹੁਣ ਪਿੱਛੇ ਕਾਰਜਸ਼ੀਲ ਸਿਆਸਤ ਨੂੰ ਵੀ ਪੰਨੂ ਆਪਣੀ ਨਜ਼ਰ ਹੇਠ ਰੱਖਦਾ ਹੈ। ਸੋ ਇਹ ਸਫ਼ਰਨਾਮਾ ਕੇਵਲ ਲੇਖਕ ਦੁਆਰਾ ਵੱਖ-ਵੱਖ ਸਥਾਨਾਂ ਦੀ ਯਾਤਰਾ ਦੇ ਵੇਰਵਿਆਂ ਨੂੰ ਪੇਸ਼ ਕਰਨ ਤੀਕ ਹੀ ਮਹਿਦੂਦ ਨਹੀਂ, ਸਗੋਂ ਅਨੇਕਾਂ ਧਾਰਮਿਕ, ਸਮਾਜਿਕ, ਸਭਿਆਚਾਰ ਤੇ ਵਿਚਾਰਧਾਰਕ ਹਵਾਲਿਆਂ ਨਾਲ ਇਸ ਨੂੰ ਹੋਰ ਰੋਚਕ ਤੇ ਤੱਥ ਭਰਪੂਰ ਬਣਾਉਣ ਲਈ ਅਥਾਹ ਮਿਹਨਤ ਕਰਦਾ ਹੈ। ਗੁਰਦੁਆਰਾ ਸ਼ਹੀਦ ਗੰਜ ਸਿੰਘਾਂ ਸਿੰਘਣੀਆਂ (ਲਾਹੌਰ) ਦੀ ਇਤਿਹਾਸਕ ਗਾਥਾ ਨੂੰ ਦੱਸਦਾ ਹੋਇਆ ਸੰਨ 1910 ਵਿਚ ਗੁਰਦੁਆਰੇ 'ਤੇ ਹੋਈ ਸਿਆਸਤ ਨੂੰ ਵੀ ਆੜੇ ਹੱਥੀ ਲੈਂਦਾ ਹੈ।

ਇਸ ਸ਼ਹੀਦ ਗੰਜ ਦਾ ਝਗੜਾ ਸੰਨ 1910 ਵਿਚ ਉਸ ਵੇਲੇ ਉੱਠ ਖੜੋਤਾ ਜਦੋਂ ਮੁਸਲਮਾਨਾਂ ਨੇ ਇਸ ਦਾ ਜਬਰੀ ਦੁਬਾਰਾ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ। 1936 ਈ ਤੱਕ ਇਹ ਝਗੜਾ ਏਨਾ ਵਧ ਗਿਆ ਕਿ ਇੱਥੇ ਪੁਲੀਸ ਨੂੰ ਗੋਲੀ ਚਲਾਉਣੀ ਪਈ। ਮੁਸਲਮਾਨਾਂ ਨੇ ਅਦਾਲਤ ਵਿਚ ਮੁਕੱਦਮਾ ਕਰ ਦਿੱਤਾ, ਜੋ ਉਨ੍ਹਾਂ ਲੋਅਰ ਕੋਰਟ ਤੋਂ ਜਿੱਤ ਲਿਆ। .... ਹੁਣ ਇਸ ਵੇਲੇ ਇੱਥੇ ਬਿਲਡਿੰਗ ਕਾਇਮ ਹੈ ਪਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ। ਇੰਗਲੈਂਡ ਦੀ ਸੰਗਤ ਵੱਲੋਂ ਇਸ ਦੀ ਪੁਨਰ ਉਸਾਰੀ ਲਈ ਕਾਰਸੇਵਾ ਜਾਰੀ ਹੈ। ਇਸ ਦੇ ਨਾਲ ਹੀ ਪਿੱਛੇ ਖੁੱਲ੍ਹੀ ਹਵੇਲੀ ਹੈ, ਜਿੱਥੇ ਪੁਰਾਣੇ ਸਮੇਂ ਮੀਰ ਮਨੂ ਦੀ ਜੇਲ੍ਹ ਤੇ ਤਸੀਹਾ ਘਰ ਹੁੰਦਾ ਸੀ। (ਪੰਨਾ 129)

ਅਗਲੇ ਅਧਿਆਇ ਵਿਚ ਪੰਨੂ ਤੇ ਉਸ ਦਾ ਪਰਿਵਾਰ ਸਿੱਖ ਅਜਾਇਬ ਘਰ ਲਾਹੌਰ ਵੇਖਣ ਲਈ ਜਾਂਦੇ ਹਨ। ਇਸ ਅਜਾਇਬ ਘਰ ਵਿਚ ਹੋਰ ਧਰਮਾਂ ਵਾਂਗ ਸਿੱਖਾਂ ਵਾਸਤੇ ਵੀ ਸਪੈਸ਼ਲ ਮੁਕਾਮ ਰੱਖਿਆ ਗਿਆ ਹੈ। ਪੰਨੂ ਅਨੁਸਾਰ ਸੰਨ 1894 ਵਿਚ ਮੁਕੰਮਲ ਹੋਏ ਇਸ ਅਜਾਇਬ ਘਰ ਵਿਚ 20 ਗੈਲਰੀਆਂ ਹਨ। ਹਰ ਗੈਲਰੀ ਵਿਚ ਹਰ ਮਜ਼ਬ, ਧਰਮ, ਸਭਿਆਚਾਰ ਦੀਆਂ ਪੁਰਾਤਨ ਦੁਰਲਭ ਵਸਤਾਂ ਵੇਖਣ ਨੂੰ ਮਿਲਦੀਆਂ ਹਨ। ਇਸ ਅਜਾਇਬ ਘਰ ਦਾ ਨੀਂਹ ਪੱਥਰ ਪ੍ਰਿੰਸ ਪਿਕਟਰ ਨੇ 1890 ਵਿਚ ਮਹਾਰਾਣੀ ਵਿਕਟੋਰੀਆ ਦੀ ਗੋਲਡਨ ਜੁਬਲੀ ਨੂੰ ਸਮਰਪਿਤ ਕੀਤਾ ਸੀ। ਇਸ ਦਾ ਡਿਜ਼ਾਈਨ ਡਾ. ਰਾਮ ਸਿੰਘ ਜੀ ਨੇ ਬਣਾਇਆ ਸੀ, ਜੋ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵੀ ਡਿਜ਼ਾਈਨਰ ਸਨ। ਇਹ ਸਾਊਥ ਏਸ਼ੀਆ ਦਾ ਸਭ ਤੋਂ ਪੁਰਾਣਾ ਤੇ ਵੱਡਾ ਅਜਾਇਬਘਰ ਹੈ। ਇਸ ਅਜਾਇਬਘਰ ਨਾਲ ਪੂਰਬੀ ਜਾਂ ਭਾਰਤੀ ਪੰਜਾਬ ਦੇ ਅਜਾਇਬ-ਘਰਾਂ ਦੀ ਤੁਲਨਾ ਕਰਦਾ ਹੋਇਆ ਲੇਖਕ ਇਸ ਸਿੱਟੇ ਤੇ ਪੁੱਜਦਾ ਹੈ ਕਿ ਪੂਰਬੀ ਪੰਜਾਬ ਵਿਚ ਅੱਗਾ ਦੌੜ ਤੇ ਪਿੱਛਾ ਚੌੜ ਵਾਲਾ ਕੰਮ ਹੋ ਗਿਆ ਹੈ। ਇੱਧਰ ਗੁਰੂ ਘਰਾਂ ਵਿਚੋਂ ਪੁਰਾਣੇ ਸਮੇਂ ਦੀਆਂ ਬਿਲਡਿੰਗਾਂ ਦੀ ਮੌਲਿਕਤਾ ਸੰਭਾਲਣ ਦੀ ਬਜਾਏ ਆਧੁਨਿਕਤਾ ਦੇ ਨਾਂ ਤੇ ਢਾਹ ਕੇ ਸੰਗਮਰਮਰ ਲਗਾਈ ਜਾਂਦੇ ਹਨ। ਭਾਰਤ ਵਿਚ ਪੁਰਾਣੇ ਦਿਆਲ ਸਿੰਘ ਕਾਲਜ ਦਾ ਨਾਂ ਜ਼ਬਰਦਸਤੀ ਬਦਲ ਕੇ ਬੰਦੇ ਮਾਤਰਮ ਰੱਖਣ ਦੇ ਯਤਨ ਕੀਤੇ ਗਏ ਤੇ ਇਹ ਕਾਰਜ ਨੇਪਰੇ ਚੜ੍ਹਾ ਦਿੱਤੇ ਗਏ ਹਨ। ਪਾਕਿਸਤਾਨ ਸਰਕਾਰ ਵੱਲੋਂ ਗੁਰੂ ਨਾਨਕ ਨਾਂ ਨਾਲ ਵਿਸ਼ੇਸ਼ ਚੰਗੀ ਉਤਸ਼ਾਹਜਨਕ ਖ਼ਬਰ ਹੈ ਕਿ ਪੰਜਾਬ ਸਟੇਟ ਅਸੈਂਬਲੀ ਨੇ ਸਤਿਕਾਰ ਵਜੋਂ 2500 ਏਕੜ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਯੂਨੀਵਰਸਿਟੀ ਬਣਾਉਣ ਦਾ ਬਿੱਲ ਪਾਸ ਕਰ ਦਿੱਤਾ ਹੈ।

ਸਫ਼ਰਨਾਮਾਕਾਰ ਨੇ ਇੱਥੇ ਲਕਸ਼ਮੀ ਬਿਲਡਿੰਗ ਤੋਂ ਇਲਾਵਾ ਸਰ ਗੰਗਾ ਰਾਮ ਜਿਨ੍ਹਾਂ ਨੂੰ (ਵੈਸ਼ ਹਿੰਦੂ ਮੱਤ ਸੰਬੰਧਿਤ) ਆਧੁਨਿਕ ਲਾਹੌਰ ਦਾ ਨਿਰਮਾਤਾ ਤੇ ਪਿਤਾਮਾ ਮੰਨਿਆ ਜਾਂਦਾ ਹੈ, ਬਾਰੇ ਵੀ ਭਰਪੂਰ ਜਾਣਕਾਰੀ ਦਿੱਤੀ ਹੈ। ਇਸ ਅਨਿਨ ਸਮਾਜ ਸੇਵਕ ਨੇ ਆਪਣੀ ਆਮਦਨ ਦਾ ਸਾਰਾ ਹਿੱਸਾ ਸਮਾਜ ਸੁਧਾਰ 'ਤੇ ਖ਼ਰਚ ਕਰਕੇ ਫੈਸਲਾਬਾਦ ਵਿਚ ਪੰਜਾਹ ਹਜ਼ਾਰ ਏਕੜ ਬਰਾਨ ਜ਼ਮੀਨ ਖਰੀਦੀ। ਇੱਥੇ ਆਪਣੀ ਉੱਦਮੀ ਤਕਨੀਕ ਦੀ ਯੋਗ ਵਰਤੋਂ ਨਾਲ ਲਾਹੇਵੰਦ ਖੇਤੀ ਕਰਾਈ ਤੇ ਇਕ ਪ੍ਰਸਿੱਧ ਜ਼ਿਮੀਂਦਾਰ ਵਜੋਂ ਨਾਮਣਾ ਖੱਟਿਆ। ਅੱਜ ਵੀ ਲਾਹੌਰ ਦੇ ਟਕਸਾਲੀ ਗੇਟ ਨੇੜੇ ਉਸ ਦੀ ਸਮਾਧ ਉਸ ਦੀ ਜ਼ਿੰਦਗੀ ਭਰ ਦੀਆਂ ਪ੍ਰਾਪਤੀਆਂ ਦੀ ਯਾਦ ਦਿਖਾਉਂਦੀ ਹੈ। ਇਸ ਮਹਾਨ ਭਵਨ ਨਿਰਮਾਤਾ ਅਤੇ ਸਮਾਜ ਸੇਵਕ ਦਾ ਮਕਬਰਾ ਖਸਤਾ ਹਾਲਤ ਵਿਚ ਢੱਠ ਕੇ ਜਰਜਰਾ ਹੋ ਚੁੱਕਾ ਹੈ। ਲੇਖਕ ਅਨੁਸਾਰ ਲਗਭਗ ਇਹੋ ਹਾਲਤ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਖੜਕ ਸਿੰਘ ਦੇ ਜਨਮ ਅਸਥਾਨ ਦੀ ਹੈ।

ਪੰਨੂ ਫ਼ਿਕਰਮੰਦੀ ਜ਼ਾਹਿਰ ਕਰਦਾ ਹੈ ਕਿ 1947 ਈ. ਦੀ ਸਮੂਹਿਕ ਅਦਲਾ ਬਦਲੀ ਤੋਂ ਬਾਅਦ ਪਾਕਿਸਤਾਨ ਅੰਦਰ ਰਹਿ ਗਏ ਅਨੇਕਾਂ ਗੁਰਦੁਆਰੇ ਜਾਂ ਤਾਂ ਮੁਕੰਮਲ ਤੌਰ 'ਤੇ ਬੰਦ ਹੋ ਗਏ ਜਾਂ ਪੂਰੀ ਗੁਰਮਰਯਾਦਾ ਨਿਭਾਉਣ ਤੋਂ ਅਸਮਰਥ ਹੋ ਗਏ। ਆਪਣੀ ਪਿਛਲੀ ਫੇਰੀ ਦਾ ਜ਼ਿਕਰ ਕਰਦੇ ਉਹ ਲਿਖਦਾ ਹੈ ਕਿ ਇਹਨਾਂ ਗੁਰਦੁਆਰਿਆਂ ਦੇ ਸਰੋਵਰਾਂ ਵਿਚ ਸਥਾਨਕ ਲੋਕ ਤਾਸ਼, ਜੂਆ ਆਦਿ ਖੇਡਦੇ ਪਸ਼ੂ ਚਾਰਦੇ ਤੇ ਨੁਹਾਉਂਦੇ ਸਨ ਪਰ ਹੁਣ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਤੋਂ ਬਾਅਦ ਬਹੁਤ ਸਾਰੇ ਗੁਰਦੁਆਰਿਆਂ ਦਾ ਸੁਧਾਰ ਹੋ ਰਿਹਾ ਹੈ। ਗੁਰਦੁਆਰਿਆਂ ਦੀ ਸਾਂਭ ਸੰਭਾਲ ਤੇ ਬਿਹਤਰੀ ਵਾਸਤੇ ਪਾਕਿਸਤਾਨ ਸਰਕਾਰ ਵੱਲੋਂ ਵੀ ਹੁਣ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ ਤੇ ਦੇਸਾਂ ਵਿਦੇਸ਼ਾਂ ਵੱਲੋਂ ਵੀ ਬਹੁਤ ਸਾਰੀ ਮਾਇਆ ਆ ਰਹੀ ਹੈ। ਇਸ ਦੇ ਬਾਵਜੂਦ ਲੇਖਕ ਨੂੰ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ, ਗੁਰਦੁਆਰਾ ਮਾਲਦੀ ਸਾਹਿਬ, ਗੁਰਦੁਆਰਾ ਤੰਬੂ ਸਾਹਿਬ ਦੀ ਹਾਲਤ ਤਸੱਲੀਬਖ਼ਸ਼ ਨਹੀਂ ਲੱਗਦੀ। ਸਫਰਨਾਮਾਕਾਰ ਨੇ ਸਫ਼ਰ ਦੌਰਾਨ ਖਿੱਚੀਆਂ ਰੰਗਦਾਰ ਤਸਵੀਰਾਂ 32 ਪੰਨਿਆਂ ਵਿਚ ਪੇਸ਼ ਕੀਤੀਆਂ ਹਨ ਜਿਨ੍ਹਾਂ ਨੇ ਇਸ ਸਫ਼ਰਨਾਮੇ ਨੂੰ ਹੋਰ ਰੋਚਿਕ, ਸਾਰਥਿਕ ਤੇ ਪ੍ਰਮਾਣਿਤ ਬਣਾ ਦਿੱਤਾ ਹੈ। ਇਹਨਾਂ ਤਸਵੀਰਾਂ ਦੀ ਆਪਣੀ ਇਕ ਇਤਿਹਾਸਕ ਮਹੱਤਤਾ ਬਣ ਜਾਂਦੀ ਹੈ। ਇਹ ਮੁਕੰਮਲ ਸਫ਼ਰਨਾਮਾ ਪਾਕਿਸਤਾਨੀ ਪੰਜਾਬ ਵਿਚਲੇ ਮੁਸਲਮਾਨਾਂ ਦੀ ਸ਼ਾਹੀ ਮਸਜਿਦ, ਬੁੱਲ੍ਹੇ ਸ਼ਾਹ, ਸਾਂਈ ਮੀਆਂ ਮੀਰ, ਦਾਤਾ ਅਲੀ ਹਜਵੇਰੀ ਆਦਿ ਦੇ ਦਰਸ਼ਨ ਵੀ ਕਰਵਾਉਂਦਾ ਹੈ। ਇਹ ਪਾਕਿਸਤਾਨ ਵਿਚਲੇ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਸਿਆਸੀ ਹਾਲਾਤ ਬਾਰੇ ਮੂੰਹੋਂ ਬੋਲਦੀਆਂ ਤਸਵੀਰਾਂ ਹਨ। 19 ਦਸੰਬਰ 2016 ਨੂੰ ਪੰਨੂ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਬੰਗਾ ਚੱਕ ਨੰਬਰ 105 ਜੀ ਬੀ ਜੋ ਫੈਸਲਾਬਾਦ ਜ਼ਿਲ੍ਹੇ ਦੀ ਜੜ੍ਹਾਂ ਵਾਲ ਤਹਿਸੀਲ ਵਿਚ ਸਥਿਤ ਹੈ, ਨੂੰ ਵੇਖਣ ਜਾਂਦਾ ਸ਼ਹੀਦ ਭਗਤ ਸਿੰਘ ਦੀ ਸ਼ਹੀਦੀ ਬਾਰੇ ਆਪਣੀ ਅਕੀਦਤ ਪੇਸ਼ ਕਰਦਾ ਹੈ।

ਸ਼ਹੀਦ ਭਗਤ ਸਿੰਘ ਦੀ ਸ਼ਹੀਦੀ ਨੇ ਸਿਰਫ਼ ਭਾਰਤ ਨੂੰ ਹੀ ਨਹੀਂ, ਸਗੋਂ ਪਾਕਿਸਤਾਨ ਨੂੰ ਵੀ ਆਜ਼ਾਦੀ ਦਿਵਾਈ ਤੇ ਸੁਤੰਤਰ ਪਾਕਿਸਤਾਨ ਦੀ ਹੋਂਦ ਦਾ ਕਾਰਨ ਬਣੀ। .... ਸੰਸਾਰ ਭਰ ਤੋਂ ਪਾਕਿਸਤਾਨੀ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਆਉਂਦੇ ਸਿੱਖਾਂ ਦੇ ਦਰਸ਼ਨ ਕਰਨ ਵਾਲੇ ਸਥਾਨਾਂ ਦੀ ਲਿਸਟ ਵਿਚ ਹੁਣ 'ਹਵੇਲੀ ਭਗਤ ਸਿੰਘ ਸੰਧੂ' ਵੀ ਸ਼ਾਮਲ ਕਰਨਾ ਪਾਕਿਸਤਾਨ ਦੇ ਵਿਚਾਰ ਅਧੀਨ ਹੈ ਤਾਂ ਜੋ ਧਾਰਮਿਕ ਸਥਾਨ ਵੇਖਣ ਦੇ ਨਾਲ ਯਾਤਰੀ ਇਸ ਸਰਬ ਸਾਂਝੇ ਮਹਾਨ ਆਜ਼ਾਦੀ ਸੰਗਰਾਮੀਏ ਨੂੰ ਵੀ ਆਪਣੀ ਅਕੀਦਤ ਪੇਸ਼ ਕਰਨ ਸਕਣ। (ਪੰਨਾ 171)

ਸਫ਼ਰਨਾਮਾ ਕਾਰ ਪਿੰਡ ਫਰਾਲਾ ਚੱਕ 106 ਵਿਖੇ

(ਬਾਕੀ ਸਫਾ 22 'ਤੇ)

## ਕਾਵਿ ਵਿਅੰਗ

# ਬੇਨਤੀ ਪੰਜਾਬੀਆਂ ਨੂੰ !

ਪੰਜ ਸਾਲ ਫੇਰ ਇਹ ਤਾਂ ਭਾਲਿਉ ਵੀ ਲੱਭਣੇ ਨਾ
ਹੁਣੇ ਪੁੱਛ ਲਿਉ ਜਿਹੜੇ ਦਿਲਾਂ 'ਚ ਸਵਾਲ ਜੀ ।
ਹੱਕਦਾਰ ਵੋਟ ਦਾ ਤੁਹਾਨੂੰ ਨਹੀਂ ਜਾਪਦਾ ਜੋ
ਦੂਰੋਂ ਹੀ ਬੁਲਾਈ ਜਾਇਉ ਸਤਿ ਸ੍ਰੀ ਅਕਾਲ ਜੀ।
ਲੈ ਲਿਉ ਹਿਸਾਬ ਝੂਠੇ ਵਾਅਦੇ ਤੇ ਬਿਅਦਬੀ ਦਾ
ਚੱਲੇ ਨਾ ਮੱਕਾਰਾਂ ਦੀ ਸਿਆਸੀ ਕੋਈ ਚਾਲ ਜੀ।
ਮੂੰਹ ਤੋੜ ਦੇ ਦਿਉ ਜਵਾਬ ਵੀ ਚਲਾਕਾਂ ਤਾਈਂ
ਉੱਤੋਂ ਉੱਤੋਂ ਲੜਦੇ ਤੇ ਵਿੱਚੋਂ ਜੋ ਭਿਆਲ ਜੀ ।



ਲਾ ਕੇ ਦੇਖ ਲਿਉ ਕਸਵੱਟੀ 'ਤੇ ਉਮੀਦਵਾਰ
ਵੋਟਾਂ ਪਾਉਣ ਵੇਲੇ ਐਵੇਂ ਹੋਇਉ ਨਾ ਦਇਆਲ ਜੀ !

**-ਤਰਲੋਚਨ ਸਿੰਘ**
**'ਦੁਪਾਲ ਪੁਰ'**
001-408-915-1268

# ਪਰਖ

ਦੁਨੀਆਂਦਾਰੀ ਸਮਝ ਸੋਹਣਿਆ ਤੈਨੂੰ ਵਾਰ ਵਾਰ ਸਮਝਾਉਂਦੇ
ਕੁਝ ਦਿਨ ਚੰਗੇ ਕੁਝ ਦਿਨ ਮਾੜੇ ਸਭ 'ਤੇ ਹੀ ਫਿਰ ਆਉਂਦੇ
ਪਰ ਰੰਗ ਬਿਰੰਗੀ ਦੁਨੀਆਂ 'ਚੋਂ ਕੋਈ ਇਕ ਦਿਨ ਰੰਗ ਵਿਖਾਊ
ਲੋੜ ਪਈ ਤੋਂ ਪਰਖ ਲਈ ਕੋਈ ਵਿਰਲਾ ਹੀ ਕੰਮ ਆਊ।

ਹੱਲ ਹੁੰਦੇ ਨਿੱਤ ਮਸਲੇ ਵਿਗੜਦੇ ਪੈਸਾ ਜਿਵੇਂ ਨਚਾਉਂਦਾ
ਛੱਡ ਜਾਂਦੇ ਪ੍ਰਛਾਵੇਂ ਸਾਥ ਨਾ ਕੋਈ ਹੱਸ ਕੇ ਫੇਰ ਬਲਾਉਂਦਾ
ਪੈਸੇ ਦਾ ਪੁੱਤ ਖਾਣ ਪੀਣ ਵਾਲਾ ਤੇਰੇ ਹੀ ਗੁਣ ਗਾਊ
ਲੋੜ ਪਈ ਤੇ ਪਰਖ ਲਈ ਕੋਈ ਵਿਰਲਾ ਹੀ ਕੰਮ ਆਊ।

ਚਮਕ ਦਮਕ ਨੂੰ ਹੋਣ ਸਲਾਮਾਂ ਮੌਕਾ ਵੇਖ ਕਿਵੇਂ ਟਲਦੇ
ਨਾ ਹੱਸਦਾ ਨਾ ਵੱਸਦਾ ਵੇਖਣ ਅੰਦਰੋ ਅੰਦਰੀ ਸੜਦੇ
ਜਣਾ ਖਣਾ ਅੱਗ ਲਾਉਣ ਜਾਣਦਾ ਦੱਸ ਫਿਰ ਕੌਣ ਬੁਝਾਊ
ਲੋੜ ਪਈ ਤੋਂ ਪਰਖ ਲਈ ਕੋਈ ਵਿਰਲਾ ਹੀ ਕੰਮ ਆਊ।

ਜੱਗ ਪਿਆ ਸਾਰਾ ਜਾਣੇ ਤੇ ਜਦੋਂ ਯਾਰ ਮਾਰ ਕਰ ਜਾਂਦੇ
ਮਾਵਾਂ ਪੁੱਤ ਨਾ ਸਿਆਣਦੀਆਂ ਫਿਰ ਦਰ ਦਰ ਧੱਕੇ ਖਾਂਦੇ
ਦੱਸੇ 'ਦੇਵ ਘੋਲੀਏ' ਵਾਲਾ ਬੰਦਾ ਫਿਰ ਪਿੱਛੋਂ ਪਛਤਾਊ
ਲੋੜ ਪਈ ਤੋਂ ਪਰਖ ਲਈ ਕੋਈ ਵਿਰਲਾ ਹੀ ਕੰਮ ਆਊ।



**- ਦੇਵ ਘੋਲੀਆ ਖੁਰਦ,**
**ਫਰਿਜ਼ਨੋ**
559-232-7764

# ਗਜ਼ਲ



ਕੋਈ ਹੈਰਾਨ ਤੇ ਕੋਈ ਪ੍ਰੇਸ਼ਾਨ ਜੱਗ 'ਤੇ।
ਇਨ੍ਹਾਂ 'ਚ ਲੁਕਿਆ ਹੁੰਦਾ ਨੁਕਸਾਨ ਜੱਗ 'ਤੇ।

ਬੇਸ਼ੱਕ ਜ਼ਿੰਦਗੀ 'ਚ ਸੈਂਕੜੇ ਨੇ ਔਕੜਾਂ ਪਰ,
ਔਕੜਾਂ ਝੱਲ ਕੇ ਬੰਦਾ, ਬਣਦਾ ਮਹਾਨ ਜੱਗ 'ਤੇ।

ਹੁੰਦੀ ਸੋਚਾਂ ਤੇ ਸ਼ਬਦਾਂ ਦੀ ਸ਼ਤਰੰਜ ਵੱਖਰੀ,
ਹੁੰਦੈ ਚੰਗਾ ਵਿਚਾਰ, ਚੰਗਿਆਈ ਦਾ ਸਮਾਨ ਜੱਗ 'ਤੇ।

ਗਲਤੀ ਕਰਨ ਤੇ ਹੋ ਜਾਣ 'ਚ ਹੁੰਦੈ ਫਰਕ ਵੱਡਾ,
ਸਭ ਠੀਕ ਹੋ ਜਾਂਦੀਆਂ, ਨਾਲ ਇਮਾਨ ਜੱਗ 'ਤੇ।

ਸਭ ਤੋਂ ਪਹਿਲਾਂ ਮੀਡੀਆ ਹੁੰਦੈ ਸੀ ਰੇਡੀਓ,
ਅੱਜ ਚਮਕ ਗਏ, ਸਾਰੇ ਹੀ ਜਨੂੰਨ ਜੱਗ 'ਤੇ।

ਜ਼ਿੰਦਗੀ 'ਚੋਂ ਜ਼ਿੰਦਗੀ, ਜਨਮ ਲੈਂਦੀਆਂ ਹਮੇਸ਼ਾ,
ਬੰਦੇ ਨੂੰ ਬੰਦੇ ਦਾ, ਕਰਨਾ ਚਾਹੀਦਾ ਮਾਣ ਜੱਗ 'ਤੇ।

ਅਕਸਰ ਲੋਕ ਨਿੰਜੀ ਨਫੇ-ਨੁਕਸਾਨ ਦੀ ਗੱਲ ਕਰਦੇ,
ਪਰ ਮੌਸਮਾਂ ਦਾ ਸਾਂਝਾ, ਨਫਾਂ ਨੁਕਸਾਨ ਜੱਗ 'ਤੇ।

ਉਂਝ ਵੀ ਸੁਖਮਤਾ ਦੇ ਸ਼ਾਇਰ, ਗਿਣਤੀ 'ਚ ਹੁੰਦੇ ਨੇ,
ਬਹੁਤੇ ਤਾਂ ਤੇਰੀ ਮੇਰੀ ਦੇ ਹੀ, ਤੀਰ ਕਮਾਨ ਜੱਗ 'ਤੇ।

ਕਲਮਾਂ ਦੇ ਕਾਫਲੇ 'ਚ, ਕਈ ਕਿਸਮ ਦੀਆਂ ਕਲਮਾਂ 'ਕਮਲ'
ਕੁਦਰਤੀ ਕ੍ਰਿਸ਼ਮੇ ਕਮਾਲ, ਤੇ ਜ਼ਿੰਮੀਂ ਅਸਮਾਨ ਜੱਗ 'ਤੇ।

**-ਕਮਲ ਬੰਗਾ ਸੈਕਰਾਮੈਂਟੋ**
9 !6-897-8570

## ਮਿੰਨੀ ਕਹਾਣੀ



**ਤਸਵਿੰਦਰ ਸਿੰਘ ਬੜੈਚ**
91-98763-22677

# ਨੋਟਾ

"ਬਈ ਮਨਦੀਪ ਸਿਆਂ, ਐਤਕੀ ਫਿਰ ਕੀਹਨੂੰ ਵੋਟ ਪਾਉਣੀ ਆ।" ' 'ਤਾਇਆ ਜੀ, ਐਤਕੀ ਤਾਂ ਮੈਂ ਨੋਟਾ ਨੂੰ ਵੋਟ ਪਾਉਣੀ ਆ।" "ਅੱਛਾ, ਤਾਂ ਫਿਰ ਤੂੰ ਪੈਸੇ ਲੈ ਕੇ ਵੋਟ ਪਾਏਗਾ।" "ਨਹੀਂ-ਨਹੀਂ ਤਾਇਆ ਜੀ, ਤੁਸੀਂ ਗਲਤ ਸਮਝ ਗਏ, ਮੈਂ ਨੋਟਾਂ, ਪੈਸਿਆਂ ਦੀ ਗੱਲ ਨੀ ਕਰਦਾ, ਮੈਂ ਤਾਂ ਉਸ ਨੋਟਾ ਦੀ ਗੱਲ ਕਰਦਾ ਹਾਂ, ਮੰਨ ਲਵੋ ਤੁਹਾਨੂੰ ਕਿਸੇ ਵੀ ਪਾਰਟੀ ਦਾ ਕੋਈ ਵੀ ਉਮੀਦਵਾਰ ਪਸੰਦ ਨਹੀਂ ਤਾਂ ਤੁਸੀਂ



ਈ, ਵੀ, ਐਮ, ਮਸ਼ੀਨ 'ਚ ਇਕ ਸਭ ਤੋਂ ਹੇਠਾਂ, ਇਕ ਨੋਟਾ ਦਾ ਬਟਨ ਲੱਗਾ ਹੋਊ, ਤੁਸੀਂ ਉਸ ਬਟਨ ਨੂੰ ਦਬਾ ਸਕਦੇ ਹੋ, ਜਿਸ ਨਾਲ ਤੁਹਾਡੀ ਵੋਟ ਕਿਸੇ ਵੀ ਉਮੀਦਵਾਰ ਨੂੰ ਨਹੀਂ ਪਵੇਗੀ।" "ਅੱਛਾ, ਤਾਂ ਫਿਰ ਇਹ ਗੱਲ ਏ, ਮਨਦੀਪ ਸਿਆਂ, ਤਾਂ ਫਿਰ ਮੈਂ ਵੀ ਐਤਕੀ ਨੋਟਾ ਵਾਲਾ ਹੀ ਬਟਨ ਦਬਾਊਗਾ, ਸਾਨੂੰ ਬਥੇਰਾ ਲੁੱਟ-ਲੁੱਟ ਕੇ ਖਾ ਲਿਆ ਇਨ੍ਹਾਂ ਮੰਤਰੀਆਂ ਨੇ।" ਇਹ ਕਹਿ ਕੇ ਉਹ ਦੋਵੇਂ ਇਕੱਠੇ ਹੋ ਕੇ ਇਕ ਦਿਸ਼ਾ ਵੱਲ ਤੁਰ ਗਏ।

# ਦੁਨੀਆ ਦੇ ਸਭ ਤੋਂ ਭਿਆਨਕ ਉਦਯੋਗਿਕ ਹਾਦਸਿਆਂ ਵਿਚ ਸ਼ਾਮਲ ਭੂਪਾਲ ਗੈਸ ਹਾਦਸਾ

**(ਸਫਾ 16 ਦੀ ਬਾਕੀ)**

ਆਏ ਕਾਮਿਆਂ ਨੂੰ ਉਨ੍ਹਾਂ ਗੈਸਾਂ ਦੇ ਮਾਰੂ ਅਸਰਾਂ ਤੋਂ ਬਚਾਉਣ ਲਈ ਹਾਲੇ ਤੱਕ ਵੀ ਕੋਈ ਉਚਿਤ ਦਵਾਈ ਮੁਹੱਈਆਂ ਨਹੀਂ ਕਰਵਾਈ ਗਈ ਹੈ।

ਸਰਕਾਰ ਦੀਆਂ ਗ਼ਲਤ ਨੀਤੀਆਂ ਦੀ ਸਜਾ ਨਾ ਤਾਂ ਭਾਰਤੀ ਅਧਿਕਾਰੀਆਂ ਜਿਨ੍ਹਾਂ ਨੇ ਪੁਰਾਣੀ ਅਤੇ ਬੇਹੱਦ ਜ਼ਹਿਰਲੀ ਗੈਸ ਪੈਦਾ ਕਰਨ ਵਾਲੀ ਕੀਟਨਾਸ਼ਕ ਦਵਾਈ ਦਾ ਕਾਰਖਾਨਾ ਲਗਾਉਣ ਦਾ ਫ਼ੈਸਲਾ ਲਿਆ ਅਤੇ ਨਾ ਹੀ ਕਾਰਖਾਨੇ ਦੇ ਡਾਇਰੈਕਟਰ ਅਤੇ ਡਿਪਟੀ ਡਾਇਰੈਕਟਰਾਂ ਨੂੰ ਮਿਲੀ ਜਿਨ੍ਹਾਂ ਨੇ ਕਾਰਖਾਨੇ ਦੇ ਕਰਮਚਾਰੀਆਂ ਦੇ ਮੰਗਣ ਉੱਤੇ ਵੀ ਉਚਿੱਤ ਸੁਰੱਖਿਆ ਪ੍ਰਬੰਧ ਮੁਹੱਈਆ ਨਹੀਂ ਕਰਵਾਏ ਸਨ। ਸਰਕਾਰ ਦੀ ਅਣਗਹਿਲੀ ਅਤੇ ਗ਼ਲਤ ਨੀਤੀਆਂ ਦੇ ਬਲੀ ਦੇ ਬੱਕਰੇ ਬਣ ਗਏ ਭਾਰਤੀ ਗ਼ਰੀਬ ਕਾਮੇ ਜਿਹੜੇ ਆਪਣਾ ਅਤੇ ਪਰਿਵਾਰ ਦਾ ਪੇਟ ਭਰਨ ਲਈ ਅਸੁਰੱਖਿਅਤ ਪ੍ਰਬੰਧਾਂ ਦੇ ਹੁੰਦੇ ਹੋਏ ਵੀ ਕੰਮ ਕਰਦੇ ਰਹੇ ਸਨ।

ਸਰਕਾਰ ਨੇ ਤਾਂ ਰਾਹਤ ਦੇ ਨਾਂ ਉੱਤੇ ਵੀ ਭੂਪਾਲ ਗੈਸ ਪੀੜਿਤਾਂ ਨਾਲ ਭਾਰੀ ਠੱਗੀ ਕੀਤੀ ਹੈ। ਸ਼ੁਰੂਆਤ ਵਿਚ ਮੁਆਵਜੇ ਲਈ 3.3 ਬਿਲੀਅਨ ਅਮਰੀਕਨ ਡਾਲਰਾਂ ਦੀ ਮੰਗ ਕੀਤੀ ਗਈ ਸੀ, ਪਰ ਬਾਅਦ ਵਿਚ ਸਿਰਫ਼ 4 ਮਿਲੀਅਨ ਅਮਰੀਕੀ ਡਾਲਰਾਂ ਉੱਤੇ ਹੀ ਸਮਝੌਤਾ ਕਰ ਲਿਆ ਸੀ ਜੋ ਅਸਲੀ ਰਾਹਤ ਰਾਸ਼ੀ ਦਾ ਸਿਰਫ਼ 15 ਫ਼ੀਸਦ ਸੀ। ਇਸ ਦੇ ਨਾਲ ਨਾਲ ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਹਾਲੇ ਵੀ ਕਾਰਖਾਨੇ ਦੇ ਅਹਾਤੇ ਵਿਚ ਹਾਦਸੇ ਤੋਂ 35 ਸਾਲ ਬਾਅਦ ਵੀ 346 ਟਨ ਅਣਵਰਤਿਆ ਅਤੇ 27000 ਟਨ ਵਰਤਿਆ ਹੋਇਆ ਜ਼ਹਿਰੀਲਾ ਪਦਾਰਥ ਪਿਆ ਹੈ ਜਿਹੜਾ ਲਗਾਤਾਰ ਉੱਥੋ ਦੇ ਹਵਾ, ਪਾਣੀ ਅਤੇ ਧਰਤੀ ਨੂੰ ਜ਼ਹਿਰੀਲੀ ਬਣਾ ਕੇ ਭਿਆਨਕ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ ਅਤੇ ਭੂਪਾਲ ਗੈਸ ਪੀੜਿਤਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਹੋਰ ਖ਼ਤਰਿਆ ਦੇ ਸਨਮੁਖ ਕਰ ਰਿਹਾ ਹੈ।

ਇਸ ਭਿਆਨਕ ਗੈਸ ਹਾਦਸੇ ਦਾ ਇਕ ਹੋਰ ਦੁਖਦਾਈ ਸੱਚ ਇਹ ਹੈ ਕਿ ਜਦੋਂ ਜ਼ਹਿਰੀਲੀ ਗੈਸ ਦੇ ਕਾਰਨ ਹਜ਼ਾਰਾਂ ਬੇਕਸੂਰ ਲੋਕ ਤੜਫ਼-ਤੜਫ਼ ਕੇ ਮਰ ਰਹੇ ਸਨ ਤਾਂ ਸਾਡੀ ਸਰਕਾਰ ਇਸ ਬਹੁਕੌਮੀ ਕੰਪਨੀ ਦੇ ਡਾਇਰੈਕਟਰ ਨੂੰ ਬਚਾਉਣ ਵਿਚ ਰੁਝੀ ਸੀ।

ਇੱਥੇ ਹੀ ਬੱਸ ਨਹੀਂ ਇਸ ਹਾਦਸੇ ਦੇ ਜ਼ਿੰਮੇਵਾਰ ਵਿਅਕਤੀਆਂ ਜਿਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜਾ ਮਿਲਣੀ ਚਾਹੀਦੀ ਸੀ ਹਾਦਸੇ ਤੋਂ 26 ਸਾਲ ਬਾਅਦ 2010 ਵਿਚ ਸਿਰਫ਼ 2-2 ਸਾਲ ਦੀ ਕੈਦ ਅਤੇ 3000-3000 ਰੁਪਏ ਜ਼ੁਰਮਾਨਾ ਕੀਤਾ ਗਿਆ।

ਭੂਪਾਲ ਗੈਸ ਹਾਦਸੇ ਵਿਚ ਹੋਈਆਂ ਮੌਤਾਂ ਦੀ ਗਿਣਤੀ ਹੁਣ ਤੱਕ ਕਿਸੇ ਵੀ ਉਦਯੋਗਿਕ ਹਾਦਸੇ ਤੋਂ ਬਹੁਤ ਜ਼ਿਆਦਾ ਹੈ ਜਿਸ ਕਰਕੇ ਇਹ ਹਾਦਸਾ ਦੁਨੀਆ ਦੇ ਭਿਆਨਕ ਹਾਦਸਿਆਂ ਵਿਚੋਂ ਸਿਰਫ਼ ਇਕ ਨਹੀਂ, ਬਲਕਿ ਸਭ ਤੋਂ ਭਿਆਨਕ ਉਦਯੋਗਿਕ ਹਾਦਸਾ ਹੈ। ਇਸ ਹਾਦਸੇ ਦਾ ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਇਸ ਹਾਦਸੇ ਵਿਚ ਮਰਨ ਵਾਲੇ ਕਾਮਿਆਂ ਦੀ ਗਿਣਤੀ ਸਭ ਤੋਂ ਵੱਧ ਸੀ ਅਤੇ ਫਿਰ ਇਸ ਦੇ ਪੀੜਿਤਾਂ ਨੂੰ ਨਾ ਪੂਰੀ ਮਾਲੀ ਮਦਦ ਮਿਲੀ, ਨਾ ਉਚਿਤ ਨਿਆਂ ਅਤੇ ਨਾ ਹੀ ਉਨ੍ਹਾਂ ਦਾ ਇਲਾਜ ਸਹੀ ਤਰੀਕੇ ਨਾਲ ਹੋਇਆ। ਇਸੇ ਲਈ ਹਰ ਸਾਲ 2 ਜਾਂ 3 ਦਸੰਬਰ ਨੂੰ ਭੂਪਾਲ ਗੈਸ ਪੀੜਿਤ ਅਤੇ ਕੁਝ ਗ਼ੈਰ-ਸਰਕਾਰੀ ਸੰਸਥਾਵਾਂ ਰੋਸ ਪਰਦਸ਼ਨ ਕਰਕੇ ਸਰਕਾਰ ਦਾ ਇਸ ਸਮੱਸਿਆ ਵੱਲ ਧਿਆਨ ਦਿਵਾਉਣ ਦਾ ਉਪਰਾਲਾ ਕਰਦੀਆਂ ਹਨ। ਆਈ.ਐਲ.ਓ. ਦੀ ਇਸ ਰਿਪੋਰਟ ਨਾਲ ਤਾਂ ਸਾਡੀ ਸਰਕਾਰ ਦੀ ਨੀਂਦ ਖੁਲਣੀ ਅਤੇ ਇਸ ਨੂੰ ਥੋੜ੍ਹੀ-ਬਹੁਤ ਸ਼ਰਮ ਆਉਣੀ ਚਾਹੀਦੀ ਹੈ ਤਾਂ ਕਿ ਪੀੜਿਤਾਂ ਦੀਆਂ ਸਮੱਸਿਆਵਾਂ ਨੂੰ ਸਮਝਦੇ ਹੋਏ ਉਨ੍ਹਾਂ ਦੀ ਬਣਦੀ ਮੱਦਦ ਯਕੀਨੀ ਤੌਰ ਉੱਤੇ ਕੀਤੀ ਜਾਵੇ ਅਤੇ ਆਉਣ ਵਾਲੇ ਸਮੇਂ ਦੌਰਾਨ ਯੂਨੀਅਨ ਕਾਰਬਾਈਡ ਵਰਗੇ ਕਾਰਖਾਨਿਆਂ ਨੂੰ ਦੇਸ ਵਿਚ ਸਥਾਪਤ ਕਰਨ ਦੀ ਆਗਿਆ ਨਾ ਦਿੱਤੀ ਜਾਵੇ।

**# ਪ੍ਰੋਫ਼ੈਸਰ, ਜਿਓਗਰੈਫ਼ੀ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਇਤਿਹਾਸ ਤੇ ਸਭਿਆਚਾਰ ਦਾ ਸੁਮੇਲ : 'ਮਿੱਟੀ ਦੀ ਮਹਿਕ' ਪਾਕਿਸਤਾਨ ਸਫ਼ਰਨਾਮਾ

**(ਬਾਕੀ ਸਫਾ 24 'ਤੇ)**

ਵਿਸ਼ੇਸ਼ ਤੌਰ 'ਤੇ ਜਾਂਦਾ ਹੈ ਜੋ ਉਸ ਦਾ ਸਹੁਰਾ ਪਿੰਡ ਹੈ। ਕੁੱਝ ਲੋਕਾਂ ਨਾਲ ਕੀਤੀ ਇੰਟਰਵਿਊ ਅਨੁਸਾਰ ਹਿੰਦੂ, ਮੁਸਲਮਾਨ ਤੇ ਸਿੱਖਾਂ ਦੇ ਆਪਸੀ ਫ਼ਿਰਕੂਪੁਣੇ ਦੀਆਂ ਦਿਲ ਕੰਬਾਊ ਕਹਾਣੀਆਂ ਨੂੰ ਉਹ ਬਹੁਤ ਹੀ ਕਰੁਣਾਮਈ ਸ਼ੈਲੀ ਵਿਚ ਬਿਆਨ ਕਰਦਾ ਹੈ। ਵੰਡ ਵੇਲੇ ਇਸ ਇਲਾਕੇ ਵਿਚ ਭਾਵੇਂ ਸਿੱਖਾਂ ਦਾ ਜ਼ੋਰ ਸੀ, ਪਰ ਮੁਸਲਮਾਨ ਗੈਂਗਾਂ ਦਾ ਵੀ ਭਾਰੀ ਪ੍ਰਭਾਵ ਸੀ। ਚੜ੍ਹਦੇ ਪੰਜਾਬ ਵਿਚ ਸਿੱਖਾਂ ਵੱਲੋਂ ਮੁਸਲਮਾਨ ਵਿਸਥਾਪਿਤ ਪਨਾਹਗੀਰਾਂ ਨਾਲ ਕੀਤੇ ਬੇਹੁਰਮਤੀ ਤੇ ਅੱਤਿਆਚਾਰ ਦੇ ਪ੍ਰਤੀਕਰਮ ਵਜੋਂ ਇੱਧਰ ਹਿੰਦੂ-ਸਿੱਖਾਂ ਦੀ ਬਹੁਤ ਭਾਰੀ ਵੱਢ-ਟੁੱਕ ਤੇ ਲੁਟ-ਮਾਰ ਕੀਤੀ ਗਈ। ਲਾਹੌਰ ਤੇ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਅੰਦਰ ਸ਼ਰਨ ਲਈ ਬੈਠੇ ਹਜ਼ਾਰਾਂ ਹਿੰਦੂ-ਸਿੱਖਾਂ ਨੂੰ ਕਤਲ ਕਰਨ ਦੀਆਂ ਖ਼ਬਰਾਂ ਦਿਲ ਕੰਬਾਊ ਸਨ। ਉਹ ਇਹ ਦੁਖਿਤ ਦ੍ਰਿਸ਼ ਬਹੁਤ ਹੀ ਭਾਵਪੂਰਨ ਤਰੀਕੇ ਨਾਲ ਬਿਆਨ ਕਰਦਾ ਹੈ।

ਅਗਲੇ ਦਿਨਾਂ ਵਿਚ ਲੇਖਕ ਪਾਕਿਸਤਾਨ ਦਾ ਮਾਨ-ਚੈਸਟਰ ਲਾਇਲਪੁਰ ਵੇਖਣ ਲਈ ਚਾਲੇ ਪਾ ਦਿੰਦਾ ਹੈ। ਇਸ ਸ਼ਹਿਰ ਸਬੰਧੀ ਉਸ ਦਾ ਮੰਨਣਾ ਹੈ ਕਿ ਸੰਨ 1858 ਤੋਂ ਲੈ ਕੇ ਸੰਨ 1947 ਤੀਕ ਬਰਤਾਨਵੀ ਸਰਕਾਰ ਦਾ ਇਸ ਖੇਤਰ 'ਤੇ ਕਬਜ਼ਾ ਰਿਹਾ। ਅੰਗਰੇਜ਼ ਸਰਕਾਰ ਨੇ ਇੱਥੋਂ ਦੀ ਬੰਜਰ ਜ਼ਮੀਨ ਨੂੰ ਆਬਾਦ ਕਰਵਾਉਣ ਵਾਸਤੇ ਹਿੰਦੁਸਤਾਨੀ ਪੰਜਾਬ ਸੂਬੇ ਦੇ ਮਿਹਨਤੀ ਕਿਸਾਨਾਂ ਨੂੰ ਇੱਧਰ ਬੁਲਾਇਆ। ਕਿਸਾਨਾਂ ਨੇ ਆਪਣੀ ਮਿਹਨਤ ਨਾਲ ਇਸ ਬੰਜਰ ਭੂਮੀ ਨੂੰ ਖ਼ੁਸ਼ਹਾਲ ਜ਼ਮੀਨਾਂ ਵਿਚ ਬਦਲ ਦਿੱਤਾ। ਇਸ ਤਰ੍ਹਾਂ ਉਨ੍ਹਾਂ ਦੇ ਖ਼ੂਨ-ਪਸੀਨੇ ਨਾਲ ਸਿੰਜਿਆ ਇਹ ਖੇਤਰ ਅੱਜ ਵੀ ਚਾਨਣ ਮੁਨਾਰੇ ਵਾਂਗ ਆਪਣਾ ਚਾਨਣ ਬਿਖੇਰ ਰਿਹਾ ਹੈ। ਲੇਖਕ ਇੱਥੋਂ ਦੇ ਬਾਜ਼ਾਰ, ਅਜਾਇਬਘਰ ਤੇ ਨਾਲ ਲੱਗਦੇ ਪਿੰਡਾਂ ਵਿਚ ਘੁੰਮਦਾ ਹੈਰਾਨੀਜਨਕ ਜਾਣਕਾਰੀ ਪਾਠਕਾਂ ਨੂੰ ਮੁਹੱਈਆ ਕਰਵਾਉਂਦਾ ਹੈ। ਇੱਥੇ ਲੇਖਕ ਇੱਕ ਮੁਸ਼ਾਇਰੇ ਵਿਚ ਹਿੱਸਾ ਲੈਂਦਾ ਹੈ। 20 ਦਸੰਬਰ ਸ਼ਾਮ ਨੂੰ ਲਾਇਲਪੁਰ ਪੰਜਾਬੀ ਸੰਸਥਾ ਵੱਲੋਂ ਪੰਨੂ ਦੇ ਸਨਮਾਨ ਵਿਚ ਇਕ ਸ਼ਾਨਦਾਰ ਪ੍ਰੋਗਰਾਮ ਰੱਖਿਆ ਜਾਂਦਾ ਹੈ। ਇਸ ਰੂਬਰੂ ਪ੍ਰੋਗਰਾਮ ਵਿਚ ਸੂਝਵਾਨ ਸਰੋਤਿਆਂ ਵੱਲੋਂ ਉਸ ਕੋਲੋਂ ਦੋਹਾਂ ਪੰਜਾਬਾਂ ਦੀ ਦੁਵੱਲੀ ਸਾਂਝ ਅਤੇ 'ਅੱਤਵਾਦ' ਬਾਰੇ ਬਹੁਤ ਮਹੱਤਵਪੂਰਨ ਸਵਾਲ ਪੁੱਛੇ ਜਾਂਦੇ ਹਨ, ਜਿਨ੍ਹਾਂ ਦੇ ਜਵਾਬ ਦੇ ਕੇ ਉਸ ਨੂੰ ਬਹੁਤ ਸਕੂਨ ਤੇ ਪ੍ਰਸੰਨਤਾ ਮਹਿਸੂਸ ਹੁੰਦੀ ਹੈ।

ਪੰਨੂ ਪਾਕਿਸਤਾਨ ਦੇ ਜ਼ਿਲ੍ਹਾ ਚੱਕਵਾਲ ਵਿਚ ਕਟਾਸ ਰਾਜ ਮੰਦਰਾਂ ਵਿਖੇ ਨਤਮਸਤਕ ਹੁੰਦਾ ਹੈ। ਇਸ ਜਗ੍ਹਾ ਨੂੰ ਕਿਲ੍ਹਾ ਕਟਾਸ ਰਾਜ ਕਰ ਕੇ ਵੀ ਜਾਣਿਆ ਜਾਂਦਾ ਹੈ। ਇਹ ਮੰਦਰ ਇਕ ਪਵਿੱਤਰ ਤਲਾਬ ਦੇ ਇਰਦ-ਗਿਰਦ ਬਣਾਏ ਹੋਏ ਹਨ। ਇਹਨਾਂ ਨੂੰ ਹਿੰਦੂ ਮਤ ਅਨੁਸਾਰ ਬਹੁਤ ਪਾਕ-ਪਵਿੱਤਰ ਮੰਨਿਆ ਜਾਂਦਾ ਹੈ। ਵੇਦਾਂ ਪੁਰਾਣਾਂ ਅਨੁਸਾਰ ਇਹ ਸਰੋਵਰ ਸ਼ਿਵ ਜੀ ਦੇ ਅੱਥਰੂਆਂ ਨਾਲ ਭਰਿਆ ਉਹ ਟੋਆ ਸੀ, ਜੋ ਉਸ ਦੀਆਂ ਅੱਖਾਂ ਵਿਚੋਂ ਉਸ ਦੀ ਪਤਨੀ ਦੀ ਮੌਤ ਤੋਂ ਬਾਅਦ ਮੀਂਹ ਵਾਂਗ ਵਗ ਪਈਆਂ ਸਨ। ਉਹ ਕੀਮਤੀ ਅੱਥਰੂ ਇਸ ਦੇ ਪੈਰੋਕਾਰਾਂ ਵਾਸਤੇ ਅੰਮ੍ਰਿਤ ਤੇ ਇਕ ਮੁਕੱਦਸ ਪੂਜਣਯੋਗ ਤੀਰਥ ਬਣ ਗਿਆ। ਇਸ ਸਥਾਨ ਤੇ ਗੁਰੂ ਨਾਨਕ ਦੀ ਫੇਰੀ, ਹਰੀ ਸਿੰਘ ਨਲਵਾ ਦੀ ਹਵੇਲੀ ਤੇ ਕਈ ਹੋਰ ਸਾਖੀਆਂ ਬਾਰੇ ਵੀ ਵਿਸਥਾਰ ਪੂਰਵਕ ਦੱਸਿਆ ਗਿਆ ਹੈ। ਪੰਨੂ ਦਾ ਕਾਫ਼ਲਾ 22 ਦਸੰਬਰ ਨੂੰ ਲਗਭਗ ਚਾਰ ਵਜੇ ਇਸਲਾਮਾਬਾਦ ਸ਼ਹਿਰ ਵਿਚ ਦਾਖਲ ਹੁੰਦਾ ਹੈ। ਇੱਥੇ ਹੀ ਉਨ੍ਹਾਂ ਦੀ ਮੁਲਾਕਾਤ ਪਾਕਿਸਤਾਨ ਦੇ ਪ੍ਰੌੜ੍ਹ ਨਾਮਾਨਿਗਾਰ ਜਾਵੇਦ ਚੌਧਰੀ ਨਾਲ ਹੁੰਦੀ ਹੈ ਜੋ ਉਸ ਨੂੰ ਇਸ ਖੇਤਰ ਬਾਰੇ ਬਹੁਮੁੱਲੀ ਜਾਣਕਾਰੀ ਦਿੰਦਾ ਹੈ। ਇੱਥੋਂ ਹੀ ਰਾਵਲਪਿੰਡੀ ਸ਼ਹਿਰ ਅੰਦਰ ਗੁਰਦੁਆਰਾ ਨਿਰੰਕਾਰੀ ਰਾਵਲਪਿੰਡੀ ਬਾਰੇ ਪਤਾ ਲੱਗਦਾ ਹੈ।

ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਉਹ ਪਵਿੱਤਰ ਸਥਾਨ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਸਾਥੀ ਭਾਈ ਮਰਦਾਨਾ ਸਹਿਤ ਸੰਨ 1521 ਵਿਚ ਪਹੁੰਚੇ ਸਨ। ਇੱਥੇ ਹੀ ਪ੍ਰਸਿੱਧ ਪੀਰ ਵਲੀ ਕੰਧਾਰੀ ਨਾਲ ਉਨ੍ਹਾਂ ਦਾ ਤਕਰਾਰ ਹੋਇਆ। ਪਹਾੜੀ ਤੇ ਰਹਿੰਦੇ ਵਲੀ ਨੇ ਗ਼ੁੱਸੇ ਵਿਚ ਆ ਕੇ ਇੱਕ ਪੱਥਰ ਗੁਰੂ ਨਾਨਕ ਵੱਲ ਵਗਾਇਆ ਜੋ ਉਨ੍ਹਾਂ ਹੱਥ ਦੇ ਕੇ ਰੋਕ ਲਿਆ। ਇਸ ਜਗ੍ਹਾ ਹੁਣ ਪੰਜਾ ਸਾਹਿਬ ਗੁਰਦੁਆਰਾ ਸਸ਼ੋਭਿਤ ਹੈ। ਇਹ ਯਾਤਰੀ ਪੰਜਾ ਸਾਹਿਬ ਗੁਰਦੁਆਰੇ ਦੇ ਦਰਸ਼ਨ ਸਮੇਂ ਵਲੀ ਕੰਧਾਰੀ ਦੀ ਮਜ਼ਾਰ ਦੇ ਦਰਸ਼ਨ ਵੀ ਕਰਦੇ ਹਨ। ਪੰਜਾ ਸਾਹਿਬ ਵਿਖੇ ਆਪਣੇ ਸੱਤਿਆਗ੍ਰਹੀ ਸਿੰਘਾਂ ਨੂੰ ਲੰਗਰ ਛਕਾਉਣ ਵਾਸਤੇ ਸਿੰਘਾਂ ਨੇ ਰੇਲ ਅੱਗੇ ਲੇਟ ਕੇ ਚੱਲਦੀ ਗੱਡੀ ਰੁਕਵਾ ਲਈ ਸੀ ਭਾਵੇਂ ਬਹੁਤ ਸਰੇ ਇਸ ਹੇਠ ਆ ਕੇ ਕੱਟੇ ਗਏ ਸਨ। ਲੇਖਕ ਜ਼ਿਲ੍ਹਾ ਜਿਹਲਮ ਦੇ ਰੋਹਤਾਸ ਕਿਲ੍ਹਾ ਦੇ ਅੰਦਰ ਬੀਬੀ ਸਾਹਿਬ ਕੌਰ (ਜੋ ਬਾਦ ਵਿਚ ਮਾਤਾ ਸਾਹਿਬ ਕੌਰ ਬਣ ਗਈ) ਦੇ ਜਨਮ ਅਸਥਾਨ ਦੇ ਵੀ ਦਰਸ਼ਨ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 1666 ਵਿਚ ਖ਼ਾਲਸਾ ਸਾਜਣ ਵੇਲੇ ਮਾਤਾ ਸਾਹਿਬ ਕੌਰ ਨੂੰ 'ਖਾਲਸੇ ਦੀ ਮਾਤਾ' ਦਾ ਖ਼ਿਤਾਬ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ 1747 ਤੱਕ ਮਾਤਾ ਸਾਹਿਬ ਕੌਰ ਜੀ ਨੇ ਪੰਥ ਦੀ ਵਾਗਡੋਰ ਸੰਭਾਲੀ ਰੱਖੀ।

ਕਿਲ੍ਹੇ ਦੇ ਨਾਲ ਹੀ ਗੁਰਦੁਆਰਾ ਚੋਆ ਸਾਹਿਬ ਦੇ ਦਰਸ਼ਨ ਤੋਂ ਬਾਦ ਟਿੱਲਾ ਜੋਗੀਆਂ, ਜਿਹਲਮ ਸ਼ਹਿਰ, ਗੁੱਜਰਾਂਵਾਲਾ, ਹੋਟਲ ਮੁਗਲ ਮਹਿਲ, ਏਮਨਾਬਾਦ ਆਦਿ ਥਾਵਾਂ ਤੇ ਸ਼ਹਿਰਾਂ ਦਾ ਸਫ਼ਰ ਤੈਅ ਕਰਦਾ ਇਹ ਕਾਫ਼ਲਾ ਲਾਹੌਰ ਪਹੁੰਚਦਾ ਹੈ। ਰਾਤ ਦਸ ਵਜੇ ਉਨ੍ਹਾਂ ਨੂੰ ਏਮਨਾਬਾਦ ਤੋਂ ਪੁਲਸ ਦਾ ਬੜੇ ਆਦਰ ਸਤਿਕਾਰ ਸਲੀਕੇ ਸਹਿਤ ਮਿਲਣਾ ਤੇ ਅਗਵਾਈ ਕਰ ਕੇ ਲਾਹੌਰ ਪਹੁੰਚਾਉਣਾ ਪਾਕਿਸਤਾਨ ਪੁਲਸ ਦੇ ਨੰਬਰਾਂ ਵਿਚ ਬੇਸ਼ੁਮਾਰ ਵਾਧਾ ਕਰਦਾ ਹੈ।

ਅਗਲੇ ਦਿਨ ਬੁੱਲੇ ਸ਼ਾਹ ਜਨਮ ਅਸਥਾਨ ਪਾਂਡੋਕੇ ਵੇਖਣ ਤੋਂ ਬਾਦ ਕਸੂਰ ਵਿਖੇ ਉਸ ਦੀ ਮਜ਼ਾਰ ਵੇਖਦੇ ਸਿਜਦਾ ਕਰਦੇ ਹਨ ਤੇ ਨਾਲ 'ਜੁੱਤੀ ਕਸੂਰੀ ਪੈਰੀਂ ਨਾ ਪੂਰੀ... ਯਾਦ ਕਰਦੇ ਕਸੂਰੀ ਜੁੱਤੀਆਂ ਵੀ ਖ਼ਰੀਦਦੇ ਹਨ। ਲੇਖਕ ਲਾਹੌਰ ਵਿਖੇ ਪੰਜਾਬੀ ਮਾਂ ਬੋਲੀ ਰਿਸਰਚ ਸੈਂਟਰ ਵੀ ਵੇਖਦਾ ਹੈ। ਇਹ ਸੰਸਥਾ ਦੇਸ ਵਿਦੇਸ਼ ਦੀਆਂ ਚੋਣਵੀਂਆਂ ਪੰਜਾਬੀ ਪੁਸਤਕਾਂ ਨੂੰ ਸ਼ਾਹਮੁਖੀ ਤੋਂ ਸ਼ਾਹਮੁਖੀ ਨੂੰ ਗੁਰਮੁਖੀ ਵਿਚ ਤਰਜਮਾ ਕਰਕੇ ਦੋਹਾਂ ਪੰਜਾਬਾਂ ਦੇ ਪਾਠਕਾਂ ਤੇ ਭਾਸ਼ਾਵਾਂ ਵਿਚ ਸਾਂਝ ਦੀ ਕੜੀ ਨੂੰ ਮਜ਼ਬੂਤ ਕਰਨ ਦਾ ਨੇਕ ਕਾਰਜ ਅਦਾ ਕਰ ਰਹੀ ਹੈ।

ਸਫ਼ਰਨਾਮੇ ਵਿਚ ਪੰਨੂ ਨੇ 'ਮੁਹੰਮਦ ਸਿੰਘ ਅਜੇ ਜ਼ਿੰਦਾ ਹੈ' ਨਾਂ ਦੀ ਇੱਕ ਕਹਾਣੀ ਵੀ ਸ਼ਾਮਲ ਕੀਤੀ ਹੈ ਜੋ ਦੋਹਾਂ ਪੰਜਾਬਾਂ ਦੀ ਸਾਂਝੀ ਕੜੀ ਦਾ ਸੰਕੇਤ ਹੈ। ਆਪਣੇ ਸਫ਼ਰ ਦੇ ਆਖ਼ਰੀ ਦਿਨ ਸ਼ਾਲੀਮਾਰ ਬਾਗ ਦੇ ਦਰਸ਼ਨ ਕਰਦੇ ਮਹਾਰਾਜਾ ਸ਼ੇਰ ਸਿੰਘ ਦੀ ਸਮਾਧ ਬਾਰੇ ਵੀ ਭਰਪੂਰ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਪਾਕਿਸਤਾਨ ਵਿਚ ਸਿੱਖਾਂ ਦੀ ਸਥਿਤੀ ਬਾਰੇ ਡੂੰਘੀ ਨੀਝ ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ। ਪਾਕਿਸਤਾਨ ਵਿਚਲੀ ਮੇਜ਼ਬਾਨੀ ਦੀ ਤਾਰੀਫ਼ ਕਰਦਿਆਂ ਪੰਨੂ ਅਖੀਰ ਵਿਚ ਲਿਖਦਾ ਹੈ : ਜੇ ਮੈਂ ਆਪਣੇ ਮੇਜ਼ਬਾਨਾਂ ਰਾਹੀਂ ਕੀਤੀ ਪ੍ਰਾਹੁਣਚਾਰੀ ਨੂੰ ਕਿਸੇ ਮਾਪਦੰਡ ਨਾਲ ਤੋਲਣਾ ਹੋਵੇ ਤਾਂ ਉਸ ਵਾਸਤੇ ਸੇਰ, ਕਿੱਲੋ, ਆਯੋਜਨ, ਪ੍ਰਯੋਜਨ, ਮੀਲ, ਕਿੱਲੋਮੀਟਰ ਸਾਰੇ ਹੀ ਊਣੇ ਰਹਿ ਜਾਂਦੇ ਹਨ। ਮੈਨੂੰ ਇਹੋ ਜਿਹਾ ਕੋਈ ਮਿਆਰੀ ਯੰਤਰ ਨਹੀਂ ਮਿਲਦਾ ਜਿਸ ਨਾਲ ਪਾਕਿਸਤਾਨ ਵਿਚ ਹੋਈ ਪ੍ਰਾਹੁਣਚਾਰੀ ਨੂੰ ਮਾਪ ਤੋਲ ਸਕਾਂ। ਸੱਚਮੁੱਚ ਹੀ ਇਹ ਇਕ ਨਾ-ਭੁੱਲਣਯੋਗ ਤਜਰਬਾ ਹੈ, ਜਿਸ ਨੂੰ ਕਿਸੇ ਵੀ ਤਰੀਕੇ ਭੁੱਲਣਾ ਔਖਾ ਹੈ। (ਪੰਨਾ 325)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਪੰਜਾਹਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਰਨਜੀਤ ਸਿੰਘ ਪੰਨੂ ਦਾ ਇਹ ਸਫ਼ਰਨਾਮਾ ਜਿੱਥੇ ਸਾਡੇ ਗੁਰੂਆਂ, ਪੀਰਾਂ, ਫਕੀਰਾਂ, ਸਾਧਾਂ, ਸੰਤਾਂ ਆਦਿ ਨਾਲ ਜੁੜੀਆਂ ਯਾਦਗਾਰਾਂ ਤੇ ਮੁਕੱਦਸ ਸਥਾਨਾਂ ਬਾਰੇ ਭਰਪੂਰ ਜਾਣਕਾਰੀ ਦਿੰਦਾ ਹੈ ਉੱਥੇ ਸੰਨ ਸੰਤਾਲੀ ਦੀ ਵੰਡ ਦੇ ਜ਼ਖ਼ਮਾਂ ਤੇ ਸਦਮੇ ਦੇ ਵੇਰਵਿਆਂ ਤੇ ਹੇਰਵਿਆਂ ਨੂੰ ਵੀ ਬੜੀ ਕਰੁਣਾਮਈ ਸ਼ੈਲੀ ਵਿਚ ਬਿਆਨ ਕਰਦਾ ਹੈ। ਪੰਨੂ ਦਾ ਸਫ਼ਰਨਾਮਾ ਪੜ੍ਹਦਿਆਂ ਪਾਠਕ ਬਿਨਾਂ ਪੈਰਾਂ ਤੋਂ ਤੁਰਦੇ ਹਨ, ਬਿਨਾਂ ਜਹਾਜ਼ ਤੋਂ ਉੱਡਦੇ ਹਨ ਤੇ ਬਿਨਾ ਕਿਸੇ ਹਿੰਗ ਫਟਕੜੀ ਲੱਗੇ ਕਿਸੇ ਨਿਵੇਕਲੀ ਅਣਦੇਖੀ ਜਗ੍ਹਾ ਦਾ ਨਜ਼ਾਰਾ ਮਾਣਦੇ ਹਨ। ਇਹ ਸਫ਼ਰਨਾਮਾ ਪੱਛਮੀ ਪੰਜਾਬ ਵਿਚਲੀਆਂ ਇਤਿਹਾਸਕ, ਮਿਥਿਹਾਸਿਕ, ਸਭਿਆਚਾਰਕ, ਧਾਰਮਿਕ ਥਾਵਾਂ, ਤੀਰਥਾਂ ਵਿਚਾਰਾਂ, ਭਾਵਾਂ, ਸੰਕਲਪਾਂ, ਸਿਧਾਂਤਾਂ, ਸਥਾਨਾਂ ਆਦਿ ਦੀ ਨਿਸ਼ਾਨਦੇਹੀ ਕਰਨ ਦੇ ਨਾਲ-ਨਾਲ ਲੇਖਕ ਦੀ ਜੰਮਣ ਭੌਂ ਨਾਲ ਜੁੜੀ ਭਾਵੁਕ ਸਾਂਝ ਦੇ ਦਰਸ਼ਨ ਵੀ ਕਰਵਾਉਂਦਾ ਹੈ। ਪੰਨੂ ਨੇ ਪਾਕਿਸਤਾਨ ਦੇ ਮੌਜੂਦਾ ਸਮਾਜਿਕ ਹਾਲਾਤ ਤੇ ਅਵਾਮ ਦੇ ਮਨਾਂ ਵਿਚ ਪੂਰਬੀ ਪੰਜਾਬ ਦੇ ਪੰਜਾਬੀਆਂ ਵਾਸਤੇ ਉਪਜੀ ਬੇਪਨਾਹ ਮੁਹੱਬਤ ਦੀਆਂ ਤੰਦਾਂ ਨੂੰ ਵੀ ਬੜੀ ਕੁਸ਼ਲਤਾ ਨਾਲ ਸਾਡੇ ਸਨਮੁਖ ਕੀਤਾ ਹੈ। ਅਜਿਹੀ ਨਾਜ਼ੁਕ ਜਾਣਕਾਰੀ ਪੇਸ਼ ਕਰਦਿਆਂ ਪੰਨੂ ਦੁਆਰਾ ਅਪਨਾਇਆ ਮਨੁੱਖਤਾਵਾਦੀ ਰਵੱਈਆ ਇਸ ਸਫ਼ਰਨਾਮੇ ਨੂੰ ਹੋਰ ਪੁਖ਼ਤਗੀ ਤੇ ਸੰਜੀਦਗੀ ਬਖ਼ਸ਼ਦਾ ਹੈ। ਪੰਨੂ ਦੀ ਰੋਚਕ ਤੇ ਭਾਵਪੂਰਨ ਲਿਖਣ ਸ਼ੈਲੀ ਪਾਠਕ ਨੂੰ ਕਲਾਤਮਿਕ ਅਨੰਦ ਤੇ ਖ਼ੁਸ਼ੀ ਪ੍ਰਦਾਨ ਕਰਦੀ ਹੈ। ਸੰਗਮ ਪਬਲੀਕੇਸ਼ਨ ਸਮਾਣਾ ਦੀ ਛਾਪੀ ਇਸ ਪੁਸਤਕ ਦੀ ਕੀਮਤ ਚਾਰ ਸੌ ਪਚਾਨਵੇਂ ਰੂਪੈ ਰੱਖੀ ਗਈ ਹੈ। ਸਾਡਾ ਮੰਨਣਾ ਹੈ ਕਿ ਪਾਕਿਸਤਾਨ ਜਾਣ ਵਾਲੇ ਹਰੇਕ ਯਾਤਰੀ ਨੂੰ ਆਪਣੀ ਫੇਰੀ ਦਾ ਭਰਪੂਰ ਲਾਹਾ ਲੈਣ ਵਾਸਤੇ ਇਹ 'ਮਿੱਟੀ ਦੀ ਮਹਿਕ ਪਾਕਿਸਤਾਨ ਸਫ਼ਰਨਾਮਾ ਲਾਜ਼ਮੀ ਪੜ੍ਹਨਾ ਚਾਹੀਦਾ ਹੈ। ਆਮੀਨ!

# TANDOOR
## Indian Restaurant

27167 Mission Blvd. Hayward, CA 95544





ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

**Ph. 510-885-1212, Fax. 510-885-1532**

**We are open seven days 11 AM to 10 PM**





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash


63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust


ਸੈਕਰਾਮੈਂਟੋ ਪੀਸੀਐਸ (ਯੂ. ਐਸ. ਏ.) ਵੱਲੋਂ ਸ਼ਨਿਚਰਵਾਰ 18 ਮਈ 2019 ਨੂੰ ਸ਼ੈਲਡਨ ਹਾਈ ਸਕੂਲ ਸੈਕਰਾਮੈਂਟੋ ਵਿਖੇ ਕਰਵਾਏ ਜਾ ਰਹੇ 30ਵੇਂ ਸਾਲਾਨਾ ਸਭਿਆਚਾਰਕ ਮੇਲੇ ਦੀਆਂ ਪ੍ਰਬੰਧਕ ਕਮੇਟੀ ਅਤੇ ਸਹਿਯੋਗ ਦੇਣ ਵਾਲਿਆਂ ਨੂੰ ਲੱਖ-ਲੱਖ ਵਧਾਈਆਂ। ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪ੍ਰੋਗਰਾਮ ਵਿਚ ਸ਼ਮੂਲੀਅਤ ਕਰਕੇ ਸਭਿਆਚਾਰਕ ਮੇਲੇ ਦਾ ਆਨੰਦ ਮਾਣੀਏ ਜੀ ਅਤੇ ਪ੍ਰੋਗਰਾਮ ਨੂੰ ਸਫਲ ਬਣਾਈਏ।



ਪੰਥਕ ਜਜ਼ਬੇ ਨਾਲ ਭਰਪੂਰ ਸਿੱਖ ਪੰਥ ਦੇ ਮਹਾਨ ਸਪੂਤ
**ਮਾਸਟਰ ਗੁਰਦਿੱਤ ਸਿੰਘ ਜਲਵੇਹੜਾ**



ਮਾਸਟਰ ਗੁਰਦਿੱਤ ਸਿੰਘ ਜਲਵੇਹੜਾ ਦਾ ਸਪੁੱਤਰ ਸ. ਅਵਤਾਰ ਸਿੰਘ ਡੌਡ ਅਤੇ ਉਹਨਾਂ ਦਾ ਪਰਿਵਾਰ



ਸੈਕਰਾਮੈਂਟੋ ਪੀਸੀਐਸ (ਯੂ. ਐਸ. ਏ.) ਵੱਲੋਂ ਸ਼ਨਿਚਰਵਾਰ 18 ਮਈ 2019 ਨੂੰ ਸ਼ੈਲਡਨ ਹਾਈ ਸਕੂਲ ਸੈਕਰਾਮੈਂਟੋ ਵਿਖੇ ਕਰਵਾਏ ਜਾ ਰਹੇ 30ਵੇਂ ਸਾਲਾਨਾ ਸਭਿਆਚਾਰਕ ਮੇਲੇ ਦੀਆਂ ਪ੍ਰਬੰਧਕ ਕਮੇਟੀ ਅਤੇ ਸਹਿਯੋਗ ਦੇਣ ਵਾਲਿਆਂ ਨੂੰ ਲੱਖ-ਲੱਖ ਵਧਾਈਆਂ। ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪ੍ਰੋਗਰਾਮ ਵਿਚ ਸ਼ਮੂਲੀਅਤ ਕਰਕੇ ਸਭਿਆਚਾਰਕ ਮੇਲੇ ਦਾ ਆਨੰਦ ਮਾਣੀਏ ਜੀ ਅਤੇ ਪ੍ਰੋਗਰਾਮ ਨੂੰ ਸਫਲ ਬਣਾਈਏ।



**ਉਘੇ ਬਿਜਨਸਮੈਨ ਅਤੇ ਸਮਾਜ ਸੇਵਕ**

**ਸ. ਅਮਰੀਕ ਸਿੰਘ ਪਰਿਹਾਰ ਅਤੇ ਸਮੂਹ ਪਰਿਵਾਰ**

